ISSN-0971-8397

ਇਕ ਵਿਕਾਸ ਮਾਸਿਕ

# ਯੋਜਨਾ

ਸਾਲ : 29 ਅੰਕ 8 ਮਾਰਚ, 2014 ₹10 ਸਾਲਾਨਾ ਚੰਦਾ ₹100

## ਪ੍ਰਸ਼ਾਸਨਿਕ ਸੁਧਾਰ

**ਰਾਜ ਪ੍ਰਬੰਧਨ : ਸਿਵਲ ਸੇਵਾ ਤੇ ਸਿਆਸਤਦਾਨਾਂ ਵਿਚਾਲੇ ਤਾਲਮੇਲ**
ਬੀ.ਕੇ. ਚਤੁਰਵੇਦੀ


**ਭਾਰਤ ਵਿਚ ਕੁਸ਼ਲ-ਸ਼ਾਸਨ ਲਈ ਹੰਭਲਾ ਪ੍ਰਸ਼ਾਸਨਿਕ ਸੁਧਾਰਾਂ ਦੀਆਂ ਉੱਭਰਵੀਆਂ ਉਦਾਹਰਣਾਂ**
ਆਰ ਬੀ ਜੈਨ

**ਵਿਸ਼ਵੀ ਨਿਯਮਿਤਾ ਦੇ ਯੁਗ ਵਿਚ ਪ੍ਰਬੰਧਨ**
ਬਿਜੂ ਪਾਲ ਅਬਰਾਹਮ

**ਵਿਸ਼ਵੀਕਰਨ ਦਾ ਯੁਗ ਤੇ ਪ੍ਰਸ਼ਾਸਨ**
ਉਮਾ ਮੇਦੁਰੀ

**ਵਿਸ਼ੇਸ਼ ਲੇਖ**

**ਦਿਹਾਤੀ ਕਰਜ਼ਾ ਢਾਂਚੇ ਨੂੰ ਮਜ਼ਬੂਤ ਕਰਨਾ**
ਨਚਿਕੇਤ ਮੋਰ ਤੇ ਦੀਪਤੀ ਜਾਰਜ



## ਸੰਪਾਦਕੀ

# ਪਰਬਤ ਉੱਤੇ ਅੱਗ

ਲੋਕਤੰਤਰ ਦੀ ਮਹੱਤਵਪੂਰਨ ਵਿਆਖਿਆ ਆਧੁਨਿਕ ਦੁਨੀਆਂ ਦੀ ਪਰਿਭਾਸ਼ਾ ਕਹੀ ਜਾ ਸਕਦੀ ਹੈ। ਲੋਕਾਂ ਨੇ ਆਪਣੇ ਖ਼ੂਨ, ਪਸੀਨੇ ਅਤੇ ਕਸ਼ਟਾਂ ਨਾਲ ਇਨਕਲਾਬ ਪੈਦਾ ਕੀਤੇ ਹਨ, ਪਰ ਉਨ੍ਹਾਂ ਦਾ ਅਨੁਭਵ ਦੱਸਦਾ ਹੈ ਕਿ ਕੁਝ ਹੋਰ ਬਲੀਦਾਨਾਂ ਦੇ ਸਿੱਟੇ ਸਦਕਾ ਉਨ੍ਹਾਂ ਕ੍ਰਾਂਤੀਕਾਰੀਆਂ ਦਾ ਕੋਈ ਅਰਥ ਨਹੀਂ ਰਹਿ ਗਿਆ ਹੈ। ਕਈ ਕੌਮਾਂ ਨੇ ਵਿਦੇਸ਼ੀ ਗੁਲਾਮੀ ਦੇ ਜੂਲੇ ਨੂੰ ਗਲੋਂ ਲਾਹ ਕੇ ਸੁੱਟ ਦਿਤਾ ਪਰ ਉਨ੍ਹਾਂ ਨੂੰ ਕੀ ਮਿਲਿਆ, ਉਨ੍ਹਾਂ ਨੂੰ ਆਪਣੀ ਪ੍ਰਣਾਲੀ ਨਾਲ ਫਿਰ ਤੋਂ ਇਕ ਸਿਰੇ ਤੋਂ ਲੜਾਈ ਲੜਨੀ ਪਵੇਗੀ ਜੋ ਪਿਛਲੀ ਦਮਨਕਾਰੀ ਅਤੇ ਸ਼ੋਸ਼ਣਕਾਰੀ ਪ੍ਰਵਿਰਤੀ ਤੋਂ ਮੁਕਤ ਨਹੀਂ ਹੋ ਸਕੀ ਹੈ। ਆਮ ਆਦਮੀ ਅਤੇ ਔਰਤਾਂ ਇਕ ਸਨਮਾਨ ਭਰਪੂਰ ਜੀਵਨ ਦੇ ਸੁਫ਼ਨੇ ਨੂੰ ਕਾਇਮ ਰੱਖਣ ਲਈ ਜਦੋ-ਜਹਿਦ ਕਰ ਰਹੇ ਹਨ ਜਿਸ ਨੂੰ ਅਜਿਹੀ ਪ੍ਰਣਾਲੀ ਨੇ ਮਲੀਆਮੇਟ ਕਰ ਦਿਤਾ ਜਿਸ ਨੇ ਉਨ੍ਹਾਂ ਦੇ ਹੰਝੂ ਪੂੰਝਣ ਜਾਂ ਹਉਕਿਆਂ ਦੀ ਪੁਕਾਰ ਸੁਣਨ ਤੋਂ ਇਨਕਾਰ ਕਰ ਦਿਤਾ। ਵੀਹਵੀਂ ਸਦੀ ਦੇ ਮਹਾਨ ਵਿਚਾਰਕ ਕਾਫਕਾ ਨੇ ਠੀਕ ਕਿਹਾ ਸੀ, 'ਹਰੇਕ ਇਨਕਲਾਬ ਮਿਟ ਜਾਂਦਾ ਹੈ ਤੇ ਆਪਣੇ ਪਿਛੇ ਨਵੇਂ ਅਫ਼ਸਰਸ਼ਾਹੀ ਦਾ ਚਿੱਕੜ ਛੱਡ ਜਾਂਦਾ ਹੈ?'

ਸ਼ਾਇਦ ਇਹ ਤਸਵੀਰ ਅਸਲੀਅਤ ਨਾਲੋਂ ਵੀ ਥੋੜ੍ਹੀ ਵਧੇਰੇ ਹੀ ਕਾਲੀ ਹੈ। ਬੇਸ਼ਕ ਅਸੀਂ ਜਿਥੋਂ ਸ਼ੁਰੂ ਕੀਤਾ ਸੀ, ਉਥੋਂ ਇਕ ਲੰਬਾ ਸਫ਼ਰ ਤਹਿ ਕਰ ਆਏ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਨੂੰ ਆਪਣੇ ਲੋਕਾਂ ਦੇ ਚਿਹਰੇ 'ਤੇ ਹਲਕੀ ਜੇਹੀ ਮੁਸਕਾਨ ਲਿਆਉਣ ਵਿਚ ਕੁੱਝ ਕਾਮਯਾਬੀ ਮਿਲੀ ਹੈ। ਮੁਸੀਬਤਾਂ ਅਤੇ ਕਸ਼ਟ ਝੱਲ ਕੇ ਦੇਸ਼ ਨੇ ਆਪਣੇ ਚੁਣੇ ਹੋਏ ਰਸਤੇ 'ਤੇ ਚੱਲਣ ਅਤੇ ਅੱਗੇ ਵਧ ਕੇ ਦੁਨੀਆਂ ਵਿਚ ਆਪਣਾ ਸਥਾਨ ਬਣਾਉਣ ਦੀ ਹਿੰਮਤ ਅਤੇ ਮਜ਼ਬੂਤੀ ਦਿਖਾਈ ਹੈ। ਪਰ ਸਾਨੂੰ ਬੈਠ ਕੇ ਸੋਚਣ ਦੀ ਲੋੜ ਹੈ ਕਿ ਲੰਬੇ ਸਮੇਂ ਦੀ ਮਿਹਨਤ ਮੁਸ਼ੱਕਤ ਦੇ ਬਾਅਦ ਅਸੀਂ, ਲੋਕਤੰਤਰ ਦੇ ਜਿਸ ਸ਼ਾਨਦਾਰ ਨਿਰਮਾਣ ਦੀ ਕਲਪਨਾ ਕੀਤੀ ਸੀ ਕਿਤੇ ਉਸ ਵਿਚ ਕੋਈ ਕਮੀ ਤਾਂ ਨਹੀਂ ਰਹਿ ਗਈ ਹੈ। 15 ਅਗਸਤ 1947 ਦੀ ਉਸ ਅੱਧੀ ਰਾਤ ਨੂੰ ਜਦੋਂ ਪੂਰਾ ਸੰਸਾਰ ਸੌ ਰਿਹਾ ਸੀ ਅਤੇ ਭਾਰਤ ਇਕ ਸੁਤੰਤਰ ਰਾਸ਼ਟਰ ਦੇ ਰੂਪ ਵਿਚ ਜਨਮ ਲੈ ਰਿਹਾ ਸੀ, ਅਸੀਂ ਜੋ ਸੁਪਨੇ ਦੇਖੇ ਸਨ, ਉਨ੍ਹਾਂ ਨੂੰ ਪੂਰਾ ਕਰਨ ਵਿਚ ਕਿੱਥੇ ਉੱਕ ਗਏ ਹਾਂ, ਇਸ ਉੱਤੇ ਵਿਚਾਰ ਕਰਨ ਦੀ ਲੋੜ ਹੈ।

ਅਸਲੀਅਤ ਇਹ ਹੈ ਕਿ ਸਭ ਮਹੱਤਵਪੂਰਨ ਵਿਆਖਿਆਵਾਂ ਨੂੰ ਅਸਲੀਅਤ ਵਿਚ ਬਦਲਣ ਲਈ ਇਕ ਢਾਂਚੇ ਅਤੇ ਚੌਖਟੇ ਦੀ ਲੋੜ ਹੁੰਦੀ ਹੈ। ਇਸ ਸੋਚ ਨੂੰ ਅਸਲੀਅਤ ਵਿਚ ਬਦਲਣ ਲਈ ਸਿਵਲ ਸੇਵਾਵਾਂ, ਰਾਜ ਦਾ ਪ੍ਰਸ਼ਾਸਨਿਕ ਤੰਤਰ ਅਤੇ ਪ੍ਰਬੰਧਨ ਦੀ ਰਚਨਾ ਲੋੜੀਂਦਾ ਮਾਹੌਲ ਬਣਾਉਂਦੇ ਹਨ। ਭਾਰਤ ਨੂੰ ਅੰਗਰੇਜ਼ਾਂ ਤੋਂ ਵਿਆਪਕ ਅਤੇ ਵਧੀਆ ਪ੍ਰਸ਼ਾਸਨਿਕ ਪ੍ਰਣਾਲੀ ਮਿਲੀ ਪਰ ਇਸ ਦੀ ਭਾਵਨਾ ਅਤੇ ਪ੍ਰੇਰਨਾ, ਦਿਸ਼ਾ ਤੇ ਮਾਨਸਿਕਤਾ ਬਦਲਣ ਦੀ ਚੁਣੌਤੀ ਬਰਕਰਾਰ ਰਹੀ। ਸਮਾਜ ਦਾ ਬਦਲਾਅ ਅਹਿਮ ਤੌਰ ਤੇ ਇਸ ਮਸ਼ੀਨਰੀ ਦੇ ਬਦਲਾਅ 'ਤੇ ਨਿਰਭਰ ਕਰਦਾ ਸੀ। ਇਸ ਸਟੀਲ ਫਰੇਮ ਵਿਚ ਸੇਵਾ ਦੀ ਭਾਵਨਾ ਨੇ ਵਹਿਣਾ ਸੀ ਜਿਸ ਤੋਂ ਬਿਨਾਂ ਇਹ ਸਿਰਫ਼ ਇਕ ਪਿੰਜਰਾ ਬਣ ਜਾਂਦਾ ਹੈ, ਬਦਲਾਅ ਵਿਚ ਰੁਕਾਵਟ ਬਣਦਾ ਹੈ ਤੇ ਆਖਰ ਸਮਾਜਿਕ ਬੇਚੈਨੀ, ਅਸੰਤੋਖ ਅਤੇ ਹਿੰਸਾ ਦਾ ਕਾਰਨ ਬਣ ਕੇ ਰਹਿ ਜਾਂਦਾ ਹੈ।

ਸਾਨੂੰ ਪ੍ਰਸ਼ਾਸਨਿਕ ਸੁਧਾਰਾਂ ਦੇ ਵਿਚਾਰ ਨੂੰ ਇਸ ਵਿਸ਼ਾਲ ਸੰਦਰਭ ਵਿਚ ਦੇਖਣ ਦੀ ਲੋੜ ਹੈ। ਮੋਟੇ ਤੌਰ ਤੇ ਪ੍ਰਸ਼ਾਸਨਿਕ ਸੁਧਾਰ ਇਕ ਦੁਨਿਆਵੀ ਤੇ ਸਾਧਾਰਨ ਜਿਹੀ ਧਾਰਨਾ ਲੱਗ ਸਕਦੇ ਹਨ ਪਰ ਸਚਾਈ ਇਹ ਹੈ ਕਿ ਇਹ ਲੋਕਾਂ ਦੇ ਜੀਵਨ ਦੀ, ਜੋ ਉਹ ਬਤੀਤ ਕਰਦੇ ਹਨ, ਦੀ ਗੁਣਵੱਤਾ ਉਪਰ ਡੂੰਘਾ ਅਸਰ ਪਾਉਂਦੇ ਹਨ। ਬੇਸ਼ਕ, ਇਹ ਆਪਣੇ ਵੱਖਰੇ-ਵੱਖਰੇ ਚਿਹਰਿਆਂ ਵਿਚ ਪ੍ਰਸ਼ਾਸਨ ਹੀ ਹੈ - ਪਟਵਾਰੀ ਤੋਂ ਲੈ ਕੇ ਸਰਕਾਰ ਦੇ ਸਕੱਤਰ ਤਕ, ਟਰੈਫ਼ਿਕ ਪੁਲਿਸ ਦੇ ਇਕ ਸਿਪਾਹੀ ਤੋਂ ਲੈ ਕੇ ਆਮਦਨ ਕਰ ਕਮਿਸ਼ਨਰ ਤਕ - ਜੋ ਲੋਕਾਂ ਸਾਹਮਣੇ ਰਾਜ ਦਾ ਚਿਹਰਾ ਹਨ। ਜੇ ਆਪਣੇ ਦੇਸ਼ ਵਿਚ ਬੁਨਿਆਦੀ ਬਦਲਾਅ ਦੇਖਣਾ ਚਾਹੁੰਦੇ ਹਾਂ ਤਾਂ ਪ੍ਰਸ਼ਾਸਨਿਕ ਸੁਧਾਰ ਇਕ ਅਟਲ ਸਚਾਈ ਹੈ।

ਤਸੱਲੀ ਦੀ ਗੱਲ ਹੈ ਕਿ ਦੇਸ਼ ਵਿਚ ਪ੍ਰਸ਼ਾਸਨ ਨੂੰ ਲੋਕ ਪੱਖੀ, ਜਵਾਬਦੇਹੀ ਵਾਲਾ, ਪਾਰਦਰਸ਼ੀ, ਅਸਰਦਾਰ ਅਤੇ ਕਾਬਲ ਬਣਾਉਣ ਲਈ ਦਰਜਨਾਂ ਨਵੇਂ-ਨਵੇਂ ਤਜਰਬੇ ਕੀਤੇ ਗਏ ਹਨ। ਸੂਚਨਾ ਦਾ ਅਧਿਕਾਰ ਅਤੇ ਲੋਕਪਾਲ ਜਿਹੇ ਕਾਨੂੰਨੀ ਹਥਿਆਰ ਰਿਸ਼ਵਤਖੋਰੀ ਉਪਰ ਲਗਾਮ ਕੱਸਣ ਲਈ ਮੀਲ ਪੱਥਰ ਹਨ। ਫਿਰ ਵੀ, ਪ੍ਰਸ਼ਾਸਨਿਕ ਸੁਧਾਰ ਇਕ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਹੈ ਜਿਸ ਨੇ ਦੁਨੀਆਂ ਵਿਚ ਬਦਲ ਰਹੀਆਂ ਅਸਲੀਅਤਾਂ ਦੇ ਪੱਖ ਵਿਚ ਸੰਵੇਦਨਸ਼ੀਲ ਹੋਣਾ ਹੈ। ਵਿਸ਼ਵ ਵਿਚ ਹੋ ਰਿਹਾ ਤੇਜ਼ ਗਤੀ ਤਕਨਾਲੋਜੀ ਬਦਲਾਅ, ਤੇਜ਼ੀ ਨਾਲ ਹੋ ਰਿਹਾ ਵਿਸ਼ਵੀਕਰਨ ਅਤੇ ਪ੍ਰਸ਼ਾਸਨ ਦੇ ਵੱਖ-ਵੱਖ ਖੇਤਰਾਂ ਵਿਚ ਵਧ ਰਹੀ ਵਿਸ਼ੇਸ਼ ਮੁਹਾਰਤ ਨੂੰ ਪ੍ਰਸ਼ਾਸਨਿਕ ਢਾਂਚੇ ਵਿਚ ਫੁਰਤੀਲੇਪਨ ਅਤੇ ਲਚਕੀਲੇਪਨ ਦੀ ਲੋੜ ਹੈ।

ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਪ੍ਰਸ਼ਾਸਨ ਹੀ ਵਿਵਸਥਾ ਨੂੰ ਸਮਾਜਿਕ ਪ੍ਰਮਾਣਕਤਾ ਦਿੰਦਾ ਹੈ। ਵਰਤਮਾਨ ਸਮਿਆਂ ਵਿਚ, ਦੇਸ਼ ਨੇ ਲੋਕਾਂ ਵਿਚ ਵਧੇਰੇ ਗੁੱਸੇ ਅਤੇ ਮਾਯੂਸੀ ਦੀ ਲਹਿਰ ਦੇਖੀ ਹੈ ਜੋ ਪ੍ਰਬੰਧਨ ਦੇ ਸਾਡੇ ਚਹੇਤੇ ਕਈ ਸੰਸਥਾਨਾਂ ਦੀ ਦਿਮਾਗ ਵਿਚ ਬੈਠੀ ਪ੍ਰਮਾਣਕਤਾ ਵਿਚ ਵੱਡਾ ਖੋਰਾ ਲੱਗਣ ਦਾ ਸੰਕੇਤ ਦਿੰਦੀ ਹੈ। ਪਰ ਅਸੀਂ ਆਪਣੇ ਮਹਾਨ ਦੇਸ਼ ਉਪਰ ਮਾਣ ਕਰ ਸਕਦੇ ਹਾਂ ਕਿ ਇਹ ਨਵੀਂ ਸ਼ਕਤੀ ਅਤੇ ਭਵਿੱਖ ਲਈ ਦੂਰਦ੍ਰਿਸ਼ਟੀ ਦੀ ਧੜਕਣ ਨਾਲ ਉੱਭਰ ਕੇ ਆਏਗਾ। ਕਿਸੇ ਕਵੀ ਨੇ ਕਿਹਾ ਹੈ :-

*ਜੇ ਪਰਬਤ ਉਤੇ ਅੱਗ ਹੈ*
*ਜਾਂ ਬਿਜਲੀ ਅਤੇ ਤੂਫ਼ਾਨ*
*ਤੇ ਈਸ਼ਵਰ ਆਕਾਸ਼ ਤੋਂ ਕਹਿ ਰਿਹਾ ਹੈ*
*ਉਸ ਦਾ ਮਤਲਬ ਹੈ*
*ਕੋਈ ਸੁਣ ਰਿਹਾ ਹੈ ਸੀਮਾ 'ਤੇ*
*ਨਵੇਂ ਜੀਵਨ ਦੀ ਚੀਕ-ਪੁਕਾਰ*
*ਤੇ ਨਵ-ਜੰਮੇ ਬਾਲ ਦਾ ਰੁਦਨ*

– (ਸੀਮਾਸ ਹੀਨੇ)

# INDIA2014

## BookyourAdvancecopies




**Price 350/-**

## PleasecontactourSalesEmporia&SalesUnits

- **NewDelhi**
  SoochnaBhavan,CGOComplex,
  LodhiRoad,
  Phone:011-24367260,
  Fax:011-24365609
  businesswng@gmail.com
- **Delhi**
  HallNo.196,OldSecretariat,
  Phone:011-23890205
  businesswng@gmail.com
- **Kolkata**
  8,EsplanadeEast,
  Phone:033-22488030
  bengaliyojana@gmail.com
- **Thiruvananthapuram**
  PressRoad,NearGovt.Press
  Phone:0471-2330650
  yojanamal50@yahoo.co.in
- **Bengaluru**
  1stFloor,'F'Wing,
  KendriyaSadan,Koramangala,
  Phone:080-25537244
  yojanakannada@yahoo.com
- **Patna**
  BiharStateCo-operativeBankBuilding,
  AshokaRajpath,
  Phone:0612-2683407
- **NaviMumbai**
  701,C-Wing,7thFloor ,
  KendriyaSadan,Belapur ,
  Phone:022-27570686
  yngovt.patrika242@gmail.com
- **Chennai**
  'A'WingRajajiBhawan
  BesantNagar,
  Phone"044-24917673
  editorthittam@yahoo.co.in
- **Hyderabad**
  Block4,1stFloor
  GrhakalpaComplex,M.G.Road,
  Nampally,
  Phone:040-2460538
  yojana_telugu@yahoo.co.in
- **Lucknow**
  HallNo.1,2ndFloor ,
  KendriyaBhawan,Sector -H,
  Aliganj,
  Phone:0522-2325455
- **Guwahati**
  KKBRoad,NewColony ,
  HouseNo.7,Chenikuthi,
  Phone:0361-2665090
  yojanaasomia@yahoo.co.in
- **Ahmedabad**
  AmbicaComplex,
  1stFloor,Paldi,
  Phone:079-26588669
  yojanagujarati@gmail.com

**PublicationsDivision**
MinistryofInformation&Broadcasting,
GovernmentofIndia

website:publicationsdivision.nic.in
e-mail:dpd@sb.nic.in
NowonFacebookatwww.facebook.com/publicationsdivision


YOJANA (Punjabi) March -2014 (Total Pages 52+IV) Regd. RNI 43033/85

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ


## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ





ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ





ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ :ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
ਲੇਖਕ : ਯਤੀਸ਼ ਅਗਰਵਾਲ
ਪੰਨੇ : 268, ਮੁੱਲ : 175 ਰੁਪਏ




ਪੁਸਤਕ : ਪੰਜਾਬ ਦੇ ਲੋਕ ਨਾਚ
ਲੇਖਕ : ਡਾ. ਜਗੀਰ ਸਿੰਘ ਨੂਰ
ਪੰਨੇ : 167, ਮੁੱਲ : 180 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) •'ਏ' ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਵਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003

**Printed & Published by Ira Joshi, Additional Director General & Head on behalf of Publications Division,Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Balbir Madhopuri.**

ISSN-0971-8354

# ਯੋਜਨਾ

ਯੋਜਨਾ ਅਤੇ ਵਿਕਾਸ ਨੂੰ ਸਮਰਪਿਤ
ਭਾਰਤ ਦੇ ਨਵ ਨਿਰਮਾਣ ਦਾ
**ਮਾਸਿਕ ਪੱਤਰ**

**ਸਾਲ : 29 ਅੰਕ 8 ਮਾਰਚ, 2014 ₹10 ਸਾਲਾਨਾ ਚੰਦਾ ₹100**

ਮੁੱਖ ਸੰਪਾਦਕ ਤੇ ਨਿਰਦੇਸ਼ਕ : **ਰਾਜੇਸ਼ ਕੇ. ਝਾ**
ਸੰਪਾਦਕ ਤੇ ਉਪ ਨਿਰਦੇਸ਼ਕ : **ਬਲਬੀਰ ਮਾਧੋਪੁਰੀ**
ਸੰਯੁਕਤ ਨਿਰਦੇਸ਼ਕ (ਉਤਪਾਦਨ) : **ਵੀ.ਕੇ. ਮੀਣਾ**

***ਸੰਪਾਦਕੀ ਦਫ਼ਤਰ***
***ਯੋਜਨਾ (ਪੰਜਾਬੀ)***
***ਈਸਟ ਬਲਾਕ-4, ਲੈਵਲ-7, ਆਰ. ਕੇ. ਪੁਰਮ,***
***ਨਵੀਂ ਦਿੱਲੀ-110066. ਫ਼ੋਨ ਤੇ ਫ਼ੈਕਸ : 011-26177591***

***e-mail : yojanapunjabi@yahoo.com***
ਵੈੱਬਸਾਈਟ ਪਤਾ : www.publicationsdivision.nic.in
ਈ-ਮੇਲ ਪਤਾ : a) dpd@sb.nic.in : b) dpd@hub.nic.in

ਦਰਾਂ (ਦੇਸ਼)

| | | | |
|---|---|---|---|
| ਇਕ ਕਾਪੀ : | ₹10 | ਸਾਲਾਨਾ : | ₹100 |
| ਦੋ ਸਾਲ : | ₹180 | ਤਿੰਨ ਸਾਲ : | ₹250 |

**ਹਵਾਈ ਡਾਕ ਦੁਆਰਾ : ਸਾਰਕ ਦੇਸ਼ਾਂ ਲਈ : ₹ 530 ਸਾਲਾਨਾ**
**ਹੋਰ ਦੇਸ਼ਾਂ ਲਈ : ₹ 730 ਸਾਲਾਨਾ**

ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀਂ ADG (i/c), ਪ੍ਰਕਾਸ਼ਨ ਵਿਭਾਗ ਦੇ ਨਾਂ 'ਤੇ ਹੇਠ ਲਿਖੇ ਪਤੇ ਉੱਤੇ ਭੇਜੋ। ਚੰਦੇ ਭੇਜਣ, ਨਵਿਆਉਣ, ਸੁਝਾਵਾਂ, ਸ਼ਿਕਾਇਤਾਂ ਅਤੇ ਵਿਗਿਆਪਨਾਂ ਲਈ ਸੰਪਰਕ ਕਰੋ :
*ਬਿਜ਼ਨਿਸ ਮੈਨੇਜਰ (ਵਿਗਿਆਪਨ ਤੇ ਸਰਕੂਲੇਸ਼ਨ)*
ਸੂਰੀਆਕਾਂਤ ਸ਼ਰਮਾ
ਪ੍ਰਕਾਸ਼ਨ ਵਿਭਾਗ, ਸੂਚਨਾ ਤੇ ਪ੍ਰਸਾਰਣ ਮੰਤਰਾਲਾ,
ਈਸਟ ਬਲਾਕ-4, ਲੈਵਲ-7, ਆਰ. ਕੇ. ਪੁਰਮ,
ਨਵੀਂ ਦਿੱਲੀ-110 066 ਫ਼ੋਨ: 011-26100207
ਟੈਲੀਫੈਕਸ : 011-26100207, *email-pdjucir@gmail.com*
**ਬਿਜ਼ਨਿਸ ਮੈਨੇਜਰ (ਹੈੱਡਕੁਆਰਟਰ):011-24367260, 24365609**

**ਯੋਜਨਾ (ਪੰਜਾਬੀ) ਮਾਸਿਕ ਪੱਤ੍ਰਿਕਾ, ਸੂਚਨਾ ਤੇ ਪ੍ਰਸਾਰਣ ਮੰਤਰਾਲਾ ਵੱਲੋਂ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਇਹ ਸਿਰਫ ਸਰਕਾਰੀ ਦ੍ਰਿਸ਼ਟੀਕੋਣ ਨੂੰ ਹੀ ਪੇਸ਼ ਕਰਨ ਤਕ ਸੀਮਤ ਨਹੀਂ ਹੈ। 'ਯੋਜਨਾ' ਪੰਜਾਬੀ ਸਮੇਤ ਅਸਾਮੀ, ਬੰਗਾਲੀ, ਅੰਗਰੇਜ਼ੀ, ਗੁਜਰਾਤੀ, ਹਿੰਦੀ, ਕੰਨੜ, ਮਲਿਆਲਮ, ਮਰਾਠੀ, ਤਮਿਲ, ਤੇਲਗੂ, ਓਡੀਆ ਅਤੇ ਉਰਦੂ ਆਦਿ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ।**

- ਯੋਜਨਾ (ਪੰਜਾਬੀ) ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਸਰਕਾਰ ਜਾਂ ਸੰਸਥਾਵਾਂ ਦੇ ਵਿਚਾਰਾਂ ਦੀ ਝਲਕ ਹੋਣ ਜਿਨ੍ਹਾਂ ਲਈ ਉਹ ਕੰਮ ਕਰਦੇ ਹਨ।
- ਯੋਜਨਾ (ਪੰਜਾਬੀ) ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੀਆਂ ਸਾਮੱਗਰੀਆਂ ਸੰਸਥਾਵਾਂ ਜਾਂ ਉਨ੍ਹਾਂ ਦੇ ਪ੍ਰਤਿਨਿਧਾਂ ਨਾਲ ਸੰਬੰਧਤ ਹਨ। ਯੋਜਨਾ (ਪੰਜਾਬੀ) ਇਨ੍ਹਾਂ ਵਿਗਿਆਪਨਾਂ ਦੀਆਂ ਸਾਮੱਗਰੀਆਂ/ਮੂਲ-ਪਾਠ ਤੋਂ ਉਤਪੰਨ ਦੇਣਦਾਰੀਆਂ ਪ੍ਰਤਿ ਕਿਸੇ ਤਰ੍ਹਾਂ ਵੀ ਜ਼ਿੰਮੇਵਾਰ ਨਹੀਂ ਹੈ।

## ਇਸ ਅੰਕ ਵਿਚ

2. ਰਾਜ ਪ੍ਰਬੰਧਨ : ਸਿਵਲ ਸੇਵਾ ਤੇ ਸਿਆਸਤਦਾਨਾਂ ਵਿਚਾਲੇ ਤਾਲਮੇਲ – ਬੀ.ਕੇ. ਚਤੁਰਵੇਦੀ
6. ਭਾਰਤ ਵਿਚ ਕੁਸ਼ਲ-ਸ਼ਾਸਨ ਲਈ ਹੰਭਲਾ – ਡਾ. ਆਰ ਬੀ ਜੈਨ
11. ਵਿਸ਼ਵੀ ਨਿਯਮਿਤਾ ਦੇ ਯੁਗ ਵਿਚ ਪ੍ਰਬੰਧਨ – ਡਾ. ਬਿਜੂ ਪਾਲ ਅਬਰਾਹਮ
14. ਕੀ ਪ੍ਰਸ਼ਾਸਨਿਕ ਸੇਵਾਵਾਂ ਦੇ ਪ੍ਰਬੰਧ ਵਿਚ ਅਦਾਲਤੀ ਦਖ਼ਲ ਦੀ ਲੋੜ ਸੀ? – ਟੀ.ਐੱਸ.ਆਰ ਸੁਬਰਾਮਨੀਅਨ
17. ਵਿਸ਼ਵੀਕਰਨ ਦਾ ਯੁਗ ਤੇ ਪ੍ਰਸ਼ਾਸਨ – ਉਮਾ ਮੇਦੁਰੀ
22. 21ਵੀਂ ਸਦੀ ਲਈ ਸਿਵਲ ਸੇਵਾ – ਮਨੀਸ਼ ਸੱਭਰਵਾਲ
25. ਦਿਹਾਤੀ ਕਰਜ਼ਾ ਢਾਂਚੇ ਨੂੰ ਮਜ਼ਬੂਤ ਕਰਨਾ – ਨਚਿਕੇਤ ਮੋਰ – ਦੀਪਤੀ ਜਾਰਜ
28. ਭਾਰਤ ਵਿਚ ਪ੍ਰਸ਼ਾਸਨਿਕ ਸੁਧਾਰ – ਮਨੋਹਰ ਸਿੰਘ ਬਤਰਾ
32. ਭਾਰਤ ਵਿਚ ਹੁਣ ਤਕ ਦੇ ਪ੍ਰਸ਼ਾਸਨਿਕ ਸੁਧਾਰ – ਸ.ਸ.ਛੀਨਾ
35. ਪ੍ਰਸ਼ਾਸਨਿਕ ਸੁਧਾਰਾਂ ਦੇ ਉਦੇਸ਼ ਤੇ ਪ੍ਰਾਪਤੀਆਂ – ਸਰਤਾਜ ਸਿੰਘ
38. ਬੈਂਕਿੰਗ ਸੁਧਾਰ ਤੇ ਵਿੱਤੀ ਸਮਾਵੇਸ਼ – ਜਸਵੰਤ ਸਿੰਘ ਸੈਣੀ
40. ਨਿਆਂ ਯਕੀਨੀ ਬਣਾਉਂਦਾ ਨਿਆਂ ਪ੍ਰਸ਼ਾਸਨ –
42. *ਵਿਸ਼ੇਸ਼* ਦੌੜ ਵਿਚ ਅੱਗੇ – ਅਕਸ਼ੈ ਆਜ਼ਾਦ
43. ਝੋਨੇ ਦੀ ਪਨੀਰੀ ਲਾਉਣ ਵਾਲੀ ਮਸ਼ੀਨ – ਰਣਜੀਤ ਮਿਰਿਗ
44. ਅੰਤਰਿਮ ਕੇਂਦਰੀ ਬਜਟ 2014-15 –
47. ਕੀ ਤੁਸੀਂ ਜਾਣਦੇ ਹੋ? –
48. ਖ਼ਬਰਾਂ ਵਿਚੋਂ ਖ਼ਬਰਾਂ –
49. ਮਿਹਦੇ ਦਾ ਕੈਂਸਰ – ਡਾ. ਮਨਜੀਤ ਸਿੰਘ ਬੱਲ
51. ਪੁਸਤਕ ਪੜਚੋਲ – ਬਲਵਿੰਦਰ ਕੌਰ – ਡਾ. ਅਨਵਰ ਚ਼ਿਰਾਗ – ਬਚਿੰਤ ਕੌਰ

***ਕਵਰ : ਗਜਾਨਨ ਪੀ. ਧੋਪੇ***

**ਯੋਜਨਾ (ਪੰਜਾਬੀ) ਡੀ. ਪੀ. ਆਈ. (ਕਾਲਜਾਂ) ਅਤੇ ਡੀ. ਪੀ. ਆਈ. (ਸਕੂਲਾਂ) ਪੰਜਾਬ, ਵਲੋਂ ਪੱਤਰ ਨੰ: 424- ਐਡੀਟਰ (ਬੁਕਸ) 2/14-89 ਮਿਤੀ 22-8-89 ਅਤੇ ਹੁਕਮ ਨੰ: 3/35-88-ਐਡੀਟਰ (ਪੰ:), ਮਿਤੀ 28-6-89 ਰਾਹੀਂ ਪੰਜਾਬ ਦੇ ਸਾਰੇ ਕਾਲਜਾਂ, ਸਕੂਲਾਂ ਅਤੇ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।**

# ਰਾਜ ਪ੍ਰਬੰਧਨ : ਸਿਵਲ ਸੇਵਾ ਤੇ ਸਿਆਸਤਦਾਨਾਂ ਵਿਚਾਲੇ ਤਾਲਮੇਲ

ਬੀ.ਕੇ. ਚਤੁਰਵੇਦੀ

ਦੋ ਮਹੱਤਵਪੂਰਨ ਮੁੱਦੇ ਅੱਜ ਦੇਸ਼ ਸਾਹਮਣੇ ਹਨ ਕਿ ਕਿਸ ਤਰ੍ਹਾਂ ਆਰਥਿਕ ਵਿਕਾਸ ਵਿਚ ਤੇਜ਼ੀ ਲਿਆਂਦੀ ਜਾਵੇ ਅਤੇ ਕਿਸ ਤਰ੍ਹਾਂ ਉਤਪਾਦਨ ਅਤੇ ਵਿਕਾਸ ਦੇ ਲਾਭ ਨਾਗਰਿਕਾਂ ਤਕ ਕਾਰਗਰ ਤਰੀਕੇ ਪਹੁੰਚਾਏ ਜਾ ਸਕਣ। ਇਸ ਕਾਰਜ ਵਿਚ ਰਾਜ ਪ੍ਰਬੰਧਨ ਦੇ ਮੁੱਦੇ ਵੱਧ ਤੋਂ ਵੱਧ ਕੇਂਦਰੀ ਮੁੱਦੇ ਬਣ ਰਹੇ ਹਨ। ਇਹ ਇਕ ਬਹੁਤ ਮਜ਼ਬੂਤ ਵਿਚਾਰ ਹੈ ਕਿ ਸਿਵਲ ਸੇਵਾ ਵਿਚ ਰਿਸ਼ਵਤਖੋਰੀ ਇਕ ਛੂਤ ਦੇ ਰੋਗ ਵਾਂਗ ਹੈ ਅਤੇ ਸਰਕਾਰ ਵਲੋਂ ਨਿਰਧਾਰਤ ਫ਼ੰਡ ਬੁਰੀ ਤਰ੍ਹਾਂ ਇਧਰ-ਉਧਰ ਹੋ ਜਾਂਦੇ ਹਨ। ਇਕ ਕਿਤਾਬ ਦੇ ਜਾਰੀ ਹੋਣ ਸਮਾਰੋਹ ਵੇਲੇ, ਮੈਨੂੰ ਉਸ ਵਿਚਾਰ ਵਟਾਂਦਰੇ ਦੀ ਯਾਦ ਤਾਜ਼ਾ ਹੋ ਰਹੀ ਹੈ ਕਿ ਜਿਸ ਵਿਚ ਇਹ ਵਿਵਾਦ ਹੋ ਰਿਹਾ ਸੀ ਕਿ ਉਸ ਮਸ਼ਹੂਰ ਕਥਨੀ ਕਿ 15 ਪੈਸੇ ਹੀ ਗਰੀਬ ਆਦਮੀ ਤਕ ਪਹੁੰਚ ਰਹੇ ਹਨ, ਹੁਣ ਇਹ ਪਹੁੰਚ ਪੰਜ ਪੈਸੇ ਤਕ ਹੀ ਰਹਿ ਗਈ ਹੈ। ਸਾਡੇ ਸਮਾਜ ਵਿਚ ਵੱਡੀਆਂ ਤਕਨੀਕੀ ਤਬਦੀਲੀਆਂ ਹੋ ਰਹੀਆਂ ਹਨ। ਆਮ ਲੋਕ ਸਰਕਾਰੀ ਤੰਤਰ ਕੋਲੋਂ ਉਮੀਦ ਰਖਦੇ ਹਨ ਕਿ ਉਨ੍ਹਾਂ ਨੂੰ ਸਭ ਤੋਂ ਉੱਤਮ ਸੇਵਾਵਾਂ ਦਿਤੀਆਂ ਜਾਣ।

ਨੀਤੀ ਬਣਾਉਣ ਲਈ ਸਲਾਹ ਦੇਣ ਅਤੇ ਲਾਗੂ ਕਰਨ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਦੀ ਖੁੱਲ੍ਹ ਇਕ ਮਹੱਤਵਪੂਰਨ ਮੁੱਦਾ ਹੈ ਜਿਸ ਨੇ ਹਾਲ ਹੀ ਦੇ ਸਾਲਾਂ ਵਿਚ ਸਿਵਲ ਸੇਵਾ ਦੀ ਕਾਰਗੁਜ਼ਾਰੀ ਉਪਰ ਅਸਰ ਪਾਇਆ ਹੈ। ਸਰਦਾਰ ਵੱਲਭ ਭਾਈ ਪਟੇਲ ਨੇ 10 ਅਕਤੂਬਰ 1949 ਨੂੰ ਭਾਰਤ ਦੀ ਸੰਵਿਧਾਨ ਸਭਾ ਵਿਚ ਕਿਹਾ : *"ਜੇ ਤੁਸੀਂ ਇਕ ਕਾਬਲ ਸਰਬ ਭਾਰਤੀ ਸੇਵਾ ਚਾਹੁੰਦੇ ਹੋ ਤਾਂ ਮੈਂ ਤੁਹਾਨੂੰ ਸਲਾਹ ਦੇਵਾਂਗਾ ਕਿ ਉਸ ਨੂੰ ਆਜ਼ਾਦੀ ਨਾਲ ਆਪਣਾ ਮੂੰਹ ਖੋਲ੍ਹਣ ਦਿਓ। ਜੇ ਤੁਸੀਂ ਪ੍ਰਧਾਨ ਮੰਤਰੀ ਹੋ ਤਾਂ ਇਹ ਤੁਹਾਡਾ ਫ਼ਰਜ਼ ਹੋਵੇਗਾ ਕਿ ਤੁਸੀਂ ਆਪਣੇ ਸਕੱਤਰ, ਮੁੱਖ ਸਕੱਤਰ ਜਾਂ ਆਪਣੇ ਅਧੀਨ ਹੋਰ ਸੇਵਾਵਾਂ ਨੂੰ, ਬਿਨਾਂ ਡਰ ਭੈ ਜਾਂ ਪੱਖਪਾਤ ਦੇ ਕੰਮ ਕਰਨ ਦਿਓ।* ਪਰ ਮੈਂ ਅੱਜ ਕਈ ਰਾਜਾਂ ਵਿਚ ਅਜਿਹੇ ਹਾਲਾਤ ਦੇਖ ਰਿਹਾ ਹਾਂ ਜਿਥੇ ਸੇਵਾਵਾਂ ਨੂੰ ਹੁਕਮ ਦਿਤਾ ਜਾਂਦਾ ਹੈ, "ਤੁਸੀਂ ਸੇਵਾਦਾਰ ਹੋ, ਤੁਸੀਂ ਹਰ ਹੀਲੇ ਸਾਡਾ ਹੁਕਮ ਮੰਨਣਾ ਹੈ।" ਜੇ ਤੁਹਾਡੇ ਕੋਲ ਇਕ ਚੰਗੀ ਸਰਬ ਭਾਰਤੀ ਸੇਵਾ ਨਹੀਂ ਹੈ ਜੋ ਆਪਣੇ ਵਿਚਾਰ ਰਖਣ ਲਈ ਆਜ਼ਾਦ ਹੋਵੇ, ਜਿਸ ਨੂੰ ਇਹ ਭਰੋਸਾ ਹੋਵੇ ਕਿ ਤੁਸੀਂ ਆਪਣੇ ਸ਼ਬਦਾਂ 'ਤੇ ਕਾਇਮ ਰਹੋਗੇ, ਫਿਰ ਵੀ ਸਾਡੇ ਕੋਲ ਸੰਸਦ ਹੈ, ਜਿਸ ਉਪਰ ਅਸੀਂ ਮਾਣ ਕਰ ਸਕਦੇ ਹਾਂ, ਜਿਥੇ ਉਨ੍ਹਾਂ ਦੇ ਅਧਿਕਾਰ ਅਤੇ ਮਿਲਣ ਵਾਲੀਆਂ ਵਿਸ਼ੇਸ਼ ਸਹੂਲਤਾਂ ਸੁਰੱਖਿਅਤ ਹਨ, ਜੇ ਅਜਿਹਾ ਨਹੀਂ ਹੈ ਤਾਂ ਸੰਘ ਟੁੱਟ ਜਾਵੇਗਾ ਅਤੇ ਭਾਰਤ ਇਕੱਠਾ ਨਹੀਂ ਰਹੇਗਾ।" ਅਤੇ ਅੱਗੇ ਕਿਹਾ :

"ਅੱਜ ਮੇਰਾ ਸਕੱਤਰ ਮੇਰੇ ਵਿਚਾਰਾਂ ਦੇ ਵਿਰੁੱਧ ਨੋਟ ਲਿਖ ਸਕਦਾ ਹੈ। ਮੈਂ ਆਪਣੇ ਸਭ ਸਕੱਤਰਾਂ ਨੂੰ ਇਹ ਆਜ਼ਾਦੀ ਦਿਤੀ ਹੈ। ਮੈਂ ਉਨ੍ਹਾਂ ਨੂੰ ਕਿਹਾ ਹੈ ਕਿ ਜੇ ਤੁਸੀਂ ਇਸ ਡਰ ਤੋਂ ਕਿ ਤੁਹਾਡਾ ਮੰਤਰੀ ਨਰਾਜ਼ ਹੋ ਜਾਵੇਗਾ, ਆਪਣੀ ਸਹੀ ਰਾਇ ਨਹੀਂ ਦੇ ਸਕਦੇ ਤਾਂ ਕਿਰਪਾ ਕਰਕੇ ਜਾਓ। ਮੈਂ ਦੂਸਰਾ ਸਕੱਤਰ ਰੱਖ ਲਵਾਂਗਾ। ਮੈਂ ਕਦੇ ਵੀ ਖੁੱਲ੍ਹ ਕੇ ਦਿਤੀ ਰਾਇ ਤੋਂ ਨਰਾਜ਼ ਨਹੀਂ ਹੋਵਾਂਗਾ।"

ਆਜ਼ਾਦੀ ਦੇ ਸ਼ੁਰੂ ਦੇ ਸਾਲਾਂ ਵਿਚ, 1950 ਦੇ ਦਹਾਕੇ ਅਤੇ ਇਥੋਂ ਤਕ ਕਿ 1960 ਦੇ ਦਹਾਕੇ ਵਿਚ ਵੀ ਰਾਜਨੀਤਕ ਕਾਰਜਕਾਰਨੀ ਅਤੇ ਸਿਵਲ ਸੇਵਾ ਵਿਚ ਸਿਵਲ ਸੇਵਾ ਦਾ ਵਿਸ਼ਵਾਸ ਅਤੇ ਗ਼ੈਰ ਪੱਖਪਾਤੀ ਕਾਰਗੁਜ਼ਾਰੀ ਵਾਲਾ ਰਿਸ਼ਤਾ ਸੀ। ਹੌਲੀ-ਹੌਲੀ ਇਸ ਵਿਸ਼ਵਾਸ ਦਾ ਖੰਡੀਕਰਨ ਹੋ ਗਿਆ ਅਤੇ ਕਈ ਮਾਮਲਿਆਂ ਵਿਚ ਸਿਵਲ ਕਰਮਚਾਰੀਆਂ ਦਾ ਰਾਜਨੀਤੀਕਰਨ ਹੋ ਗਿਆ। ਦੋ ਅਲਗ-ਅਲਗ ਕਿਸਮ ਦੇ ਰਿਸ਼ਤੇ ਉੱਭਰ ਕੇ ਸਾਹਮਣੇ ਆਏ ਹਨ। ਪਹਿਲੇ ਉਹ ਹਨ ਜੋ ਦਿਆਨਤਦਾਰੀ ਅਤੇ ਖਰਾ ਰਵੱਈਆ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ ਹਨ ਅਤੇ ਦੂਜੇ ਉਹ ਉੱਚ ਕਰਮਚਾਰੀ ਹਨ ਜੋ ਸਿਵਲ ਸੇਵਾ ਦੇ ਅਸੂਲਾਂ, ਚੰਗੇ ਚਲਣ ਜਾਂ ਇਖਲਾਕੀ ਵਿਚਾਰ ਦੀ ਬਜਾਇ ਰਾਜਨੀਤਕ ਕਾਰਜਕਾਰਨੀ ਦੀ ਚਾਪਲੂਸੀ ਵਿਚ ਲੱਗੇ ਰਹਿੰਦੇ ਹਨ ਅਤੇ ਉਸ ਦਾ ਸਾਥ ਦਿੰਦੇ ਹਨ। ਆਮ ਤੌਰ ਤੇ, ਜਦੋਂ ਰਾਜਨੀਤਕ ਸ਼ਕਤੀ ਇਕ ਦਲ ਤੋਂ ਦੂਜੇ ਰਾਜਨੀਤਕ ਦਲ ਦੇ ਹੱਥ ਆ ਜਾਂਦੀ ਹੈ ਤਾਂ ਦੂਸਰੀ ਸ਼੍ਰੇਣੀ ਦੇ ਕਰਮਚਾਰੀਆਂ ਵਿਚ ਵੰਡ ਪੈ ਜਾਂਦੀ ਹੈ। ਹਰ ਸੂਰਤ ਵਿਚ, ਸਿਵਲ ਸੇਵਾ ਦਾ ਪ੍ਰਤਿਬੱਧਤਾ ਵਾਲਾ ਇਕ ਜੁੱਟ ਰਾਜਨੀਤਕ ਕਾਰਜਕਾਰਨੀ ਦੇ ਨਾਲ ਜੁੜ ਕੇ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ ਅਤੇ ਦੂਜੇ ਪ੍ਰਤਿਬੱਧ ਗਰੁੱਪ ਦੀ ਹਾਲਤ ਭੈੜੀ ਹੋ ਜਾਂਦੀ ਹੈ। ਪਹਿਲੀ ਸ਼੍ਰੇਣੀ ਵਿਚ ਹੌਲੀ-ਹੌਲੀ ਗਿਣਤੀ ਘਟ ਰਹੀ ਹੈ। ਇਹ ਧਾਰਨਾ ਵਧਦੀ ਜਾ ਰਹੀ ਹੈ ਕਿ ਇਸ ਸ਼੍ਰੇਣੀ ਵਿਚ ਆਉਣ ਵਾਲੇ ਸਿਵਲ ਕਰਮਚਾਰੀਆਂ ਵੱਲ, ਉਨ੍ਹਾਂ ਦੇ ਕੰਮ ਦੇਣ ਦੇ ਅਮਲੇ ਵਿਚ ਜਾਂ ਉਨ੍ਹਾਂ ਦੀਆਂ ਬਦਲੀਆਂ ਅਤੇ ਹੋਰ ਸੇਵਾ ਮਾਮਲਿਆਂ ਵਿਚ ਰਾਜਨੀਤਕ ਜਮਾਤ ਢੰਗ ਨਾਲ ਪੇਸ਼ ਆਵੇ।

ਇਕ ਮਹੱਤਵਪੂਰਨ ਮੁੱਦਾ ਜੋ ਉਪਰ ਲਿਖੇ ਸੰਦਰਭ ਵਿਚ ਆਮ ਤੌਰ ਤੇ ਅਣਗੌਲਿਆ ਕਰ ਦਿਤਾ ਜਾਂਦਾ ਹੈ, ਉਹ ਹੈ ਆਮ ਨਾਗਰਿਕਾਂ ਦੀ ਚੰਗੇ ਪ੍ਰਸ਼ਾਸਨ ਲਈ ਲੋੜ। ਇਸ ਦਾ ਉਸ ਹਾਲਾਤ ਵਿਚ ਤਾਂ ਘਾਣ ਹੁੰਦਾ ਹੈ ਜਿਥੇ ਰਾਜਨੀਤਕ ਕਾਰਜਕਾਰਨੀ ਅਤੇ ਸਿਵਲ ਸੇਵਾ ਅਸੂਲ ਅਤੇ ਚੰਗਾ ਪ੍ਰਸ਼ਾਸਨ ਭੁੱਲੇ ਇਕ ਦੂਜੇ ਦੀ ਚਾਪਲੂਸੀ ਵਿਚ ਲੱਗ ਜਾਂਦੇ ਹਨ।

**ਸਿਵਲ ਸੇਵਾ ਚੁਨੌਤੀਆਂ ਭਰਿਆ ਖ਼ੁਸ਼ਨੁਮਾ ਮੌਕਾ ਦਿੰਦੀ ਹੈ। ਬਹੁਤ ਘੱਟ ਹੀ ਅਜਿਹੀਆਂ ਸੇਵਾਵਾਂ ਹਨ ਜੋ ਇੰਨੀਆਂ ਵੱਡੀਆਂ ਚੁਨੌਤੀਆਂ, ਲਾਗੂ ਕਰਨ ਅਤੇ ਨੀਤੀ ਬਣਾਉਣ ਦਾ ਮੌਕਾ ਅਤੇ ਰਾਸ਼ਟਰੀ ਵਿਕਾਸ ਪ੍ਰਕਿਰਿਆ ਵਿਚ ਮੁੱਖ ਭਾਗੀਦਾਰ ਹੋਣ ਦਾ ਮੌਕਾ ਦਿੰਦੀਆਂ ਹੋਣ। ਕਿਸੇ ਨੂੰ ਵੀ ਆਪਣੇ ਕੰਮ ਉਪਰ ਮਾਣ ਅਤੇ ਉਸ ਵੱਲ ਸਮਰਪਿਤ ਹੋਣਾ ਚਾਹੀਦਾ ਹੈ ਤਾਂ ਜੋ ਉਹ ਇਨ੍ਹਾਂ ਚੁਨੌਤੀਆਂ ਨਾਲ ਨਜਿੱਠਦੇ ਹੋਏ ਭਰਪੂਰ ਤਸੱਲੀ ਮਾਣ ਸਕੇ। ਪਰ ਇਹ ਸਭ ਕਰਨ ਲਈ ਕਾਬਲੀਅਤ ਬਣਾਉਣੀ ਪੈਂਦੀ ਹੈ।**

ਉੱਚ ਸਿਵਲ ਅਧਿਕਾਰੀ ਜੋ ਸਰਬ ਭਾਰਤੀ ਸੇਵਾ ਵਿਚ ਹਨ, ਜੇਕਰ ਉਨ੍ਹਾਂ ਨੇ ਉਸ ਪ੍ਰਤਿਬੱਧਤਾ ਨੂੰ ਬਣਾ ਕੇ ਰੱਖਣਾ ਹੈ ਜਿਸ ਨਾਲ ਉਹ ਸੇਵਾ ਵਿਚ ਆਏ ਹਨ ਤਾਂ ਉਨ੍ਹਾਂ ਦੀ ਇਕ ਵਿਸ਼ੇਸ਼ ਜ਼ਿੰਮੇਵਾਰੀ ਹੈ। ਆਮ ਦੀ ਤਰ੍ਹਾਂ ਚਲ ਰਹੇ ਕੰਮਕਾਜ ਤੋਂ ਨਤੀਜੇ ਹਾਸਲ ਨਹੀਂ ਕੀਤੇ ਜਾ ਸਕਦੇ। ਸਿਵਲ ਸੇਵਾ ਨੂੰ ਕੁੱਝ ਜ਼ਾਬਤੇ ਅਤੇ ਵਿਵਹਾਰ ਬਣਾ ਕੇ ਰੱਖਣਾ ਪਵੇਗਾ ਜੋ ਅੰਤ ਵਿਚ ਉਨ੍ਹਾਂ ਨੂੰ ਕਾਮਯਾਬੀ ਦਿਵਾਵੇਗਾ ਪਰ ਇਹ ਛੋਟੀ ਮਿਆਦ ਵਿਚ ਕਸ਼ਟਦਾਇਕ ਵੀ ਹੋ ਸਕਦਾ ਹੈ। ਕਦੇ ਕਦਾਈਂ, ਕਾਇਦੇ ਕਾਨੂੰਨਾਂ ਅਨੁਸਾਰ ਚਲਣਾ ਜਾਂ ਉਨ੍ਹਾਂ ਤੋਂ ਹੋਣ ਵਾਲੇ ਅਸਰਾਂ ਵੱਲ ਧਿਆਨ ਖਿੱਚਣਾ ਖ਼ਤਰੇ ਵਿਰੁੱਧ ਵਿਵਹਾਰ ਵੀ ਕਰਾਰ ਦਿਤਾ ਜਾ ਸਕਦਾ ਹੈ। ਹੋ ਸਕਦਾ ਹੈ ਐਵੇਂ ਜਿਹੀਆਂ ਨੌਕਰੀਆਂ 'ਤੇ ਬਿਠਾ ਦਿਤਾ ਜਾਵੇ। ਅਜਿਹੇ ਅਧਿਕਾਰੀ ਵੀ ਹੋ ਸਕਦੇ ਹਨ ਜੋ ਰਾਜਨੀਤਕ ਮੁਖੀਏ ਦੇ ਕਰੀਬੀ ਹੋਣ ਦਾ ਛੋਟੀ ਅਵਧੀ ਵਿਚ ਲਾਭ ਉਠਾਉਣ ਦੀ ਕੋਸ਼ਿਸ਼ ਕਰਨ। ਪਰ ਅੰਤ ਵਿਚ ਅਜਿਹੇ ਵਿਅਕਤੀ ਜੋ ਕਾਇਦੇ ਕਾਨੂੰਨਾਂ ਅਨੁਸਾਰ ਚਲਦੇ ਹਨ ਅਤੇ ਕੰਮ ਕਰ ਕੇ ਦਿਖਾਉਂਦੇ ਹਨ, ਹੀ ਉੱਭਰਦੇ ਹਨ ਅਤੇ ਉਨ੍ਹਾਂ ਨੂੰ ਆਦਰ ਮਾਣ ਮਿਲਦਾ ਹੈ। ਅਜਿਹੇ ਸਿਵਲ ਅਧਿਕਾਰੀ ਹਮ-ਰੁਤਬਾ ਗੁੱਟਾਂ ਵਲੋਂ, ਉਨ੍ਹਾਂ ਦੇ ਅਧਿਕਾਰ ਖੇਤਰ ਦੇ ਕਰਮਚਾਰੀਆਂ, ਆਮ ਲੋਕਾਂ ਅਤੇ ਇਥੋਂ ਤਕ ਕਿ ਵੱਖ-ਵੱਖ ਰਾਜਨੀਤਕ ਦਲਾਂ ਵਲੋਂ ਵੀ ਨਿਵਾਜ਼ੇ ਜਾਂਦੇ ਹਨ।

ਸਿਵਲ ਸੇਵਾ ਨੂੰ ਪੇਸ਼ਾਵਰ ਚਲਣ ਦੇ ਜ਼ਾਬਤੇ ਵਿਚ ਰਹਿਣਾ ਹੁੰਦਾ ਹੈ। ਇਸ ਨਾਲ ਨਾ ਸਿਰਫ਼ ਚੰਗੇ ਪ੍ਰਬੰਧਨ ਦਾ ਏਜੰਡਾ ਮੁੜ ਤੋਂ ਮੁੱਖ ਧਿਆਨ ਗੋਚਰੇ ਹੋ ਜਾਵੇਗਾ ਸਗੋਂ ਇਕ ਵਾਰੀ ਫਿਰ ਸਰਬ ਭਾਰਤੀ ਸੇਵਾ ਦਾ ਸਟੀਲ ਫਰੇਮ ਵਾਲਾ ਦਰਜਾ ਜੋ ਦੇਸ਼ ਦੇ ਵਿਕਾਸ ਅਤੇ ਖ਼ੁਸ਼ਹਾਲੀ ਲਈ ਕੰਮ ਕਰਦਾ ਹੈ, ਦੀ ਇੱਜ਼ਤ ਮੁੜ ਤੋਂ ਕਾਇਮ ਹੋ ਜਾਵੇਗੀ। ਇਸ ਨਾਲ ਲੋਕਾਂ ਦਾ ਸਿਵਲ ਸੇਵਾ ਵਿਚ ਵਿਸ਼ਵਾਸ ਬਣੇਗਾ ਅਤੇ ਉਸ ਲਈ ਲਈ ਇੱਜ਼ਤ ਬਣੇਗੀ। ਸਿਵਲ ਅਧਿਕਾਰੀਆਂ ਲਈ ਕੁੱਝ ਜ਼ਾਬਤੇ ਹੇਠ ਦਿਤੇ ਜਾ ਰਹੇ ਹਨ।

ਪਹਿਲਾ, ਉੱਚ ਵਿਅਕਤੀਗਤ ਦਿਆਨਤਦਾਰੀ ਬਣਾ ਕੇ ਰਖੋ। ਸਿਵਲ ਸੇਵਾ ਦੀ ਮਜ਼ਬੂਤੀ, ਉਸ ਵੱਲ ਅਧਿਕਾਰੀਆਂ ਦੇ ਬਿਲਕੁਲ ਵੀ ਰਿਸ਼ਵਤਖੋਰ ਨਾ ਹੋਣਾ ਅਤੇ ਈਮਾਨਦਾਰ ਹੋਣ ਦਾ ਲੋਕਾਂ ਵਿਚ ਵਿਸ਼ਵਾਸ ਹੈ। ਇਹ ਖ਼ਾਸ ਤੌਰ ਤੇ ਸਭ ਤੋਂ ਉੱਚ ਪਦਾਂ 'ਤੇ ਬੈਠੇ ਸਿਵਲ ਅਧਿਕਾਰੀਆਂ ਉਪਰ ਲਾਗੂ ਹੋਣਾ ਚਾਹੀਦਾ ਹੈ ਜੋ ਉੱਕਿਆਂ ਹੀ ਪਹੁੰਚ ਤੋਂ ਬਾਹਰ ਹੋਣ। ਇਸ ਨਾਲ ਤੁਹਾਨੂੰ ਆਪਣੇ ਰਾਜਨੀਤਕ ਮੁਖੀ ਨਾਲ ਕੰਮ ਕਰਨ ਦਾ ਆਪਣਾ ਤਰੀਕਾ ਅਪਣਾਉਣ ਵਿਚ ਮਜ਼ਬੂਤੀ ਮਿਲਦੀ ਹੈ ਜੋ ਅਜਿਹੇ ਅਧਿਕਾਰੀਆਂ ਦੀ ਕਦਰ ਕਰਦੇ ਹਨ। ਰਿਸ਼ਵਤਖੋਰ ਪ੍ਰਸ਼ਾਸਕਾਂ ਵਿਚ ਵੀ ਅਜਿਹੇ ਅਫ਼ਸਰਾਂ ਨੂੰ ਇੱਜ਼ਤ ਨਾਲ ਦੇਖਿਆ ਜਾਂਦਾ ਹੈ।

ਦੂਜਾ, ਕਾਨੂੰਨ, ਨੀਤੀਆਂ ਤੇ ਪ੍ਰਸ਼ਾਸਕੀ ਫ਼ੈਸਲੇ ਲਾਗੂ ਕਰਨ ਵਿਚ ਕੋਈ ਭੇਦਭਾਵ ਨਾ ਰੱਖੋ। ਸਿਵਲ ਅਧਿਕਾਰੀ ਦੀ ਵਧੇਰੇ ਸ਼ਕਤੀ ਉਸ ਵਿਚ ਲੋਕਾਂ ਦਾ ਵਿਸ਼ਵਾਸ ਹੈ ਕਿ ਉਹ ਗ਼ੈਰ ਭੇਦਭਾਵ ਵਾਲਾ ਤੇ ਹਰ ਕਿਸੇ ਲਈ ਇਕੋ ਜਿਹਾ ਵਰਤਾਰਾ ਕਰਨ ਵਾਲਾ ਅਤੇ ਕੰਮਕਾਜ ਵਿਚ ਪਾਰਦਰਸ਼ੀ ਹੈ। ਇਹ ਕੋਸ਼ਿਸ਼ ਕਰੋ ਕਿ ਤੁਹਾਡੇ ਫ਼ੈਸਲੇ ਲੋਕਾਂ ਦੀਆਂ ਨਜ਼ਰਾਂ ਵਿਚ ਸਭ ਲਈ ਸਾਵੇਂ ਅਤੇ ਪਾਰਦਰਸ਼ੀ ਹਨ। ਇਹ ਪੈਰਾ-ਮਿਲਟਰੀ ਸੈਨਿਕਾਂ ਦੀਆਂ ਕਈ ਟੁਕੜੀਆਂ ਦੇ ਬਰਾਬਰ ਹੈ।

ਤੀਸਰਾ, ਲੋਕ ਤੁਹਾਡੀ ਕਾਬਲੀਅਤ ਅਤੇ ਜਾਣਕਾਰੀ ਲਈ ਤੁਹਾਡੀ ਇੱਜ਼ਤ ਕਰਦੇ ਹਨ। ਪੂਰੀ ਤਰ੍ਹਾਂ ਜਾਣਕਾਰੀ ਹਾਸਲ ਕਰੋ ਅਤੇ ਪੜਚੋਲੀਆ ਕਾਬਲੀਅਤ ਦਾ ਵਿਕਾਸ ਕਰੋ ਤਾਂ ਕਿ ਉਹ ਮੁੱਦੇ ਜਿਨ੍ਹਾਂ ਨਾਲ ਨਜਿੱਠਣਾ ਹੈ, ਦੀ ਪੂਰੀ ਤਰ੍ਹਾਂ ਘੋਖ ਵਿਚਾਰ ਕਰ ਸਕੋ ਅਤੇ ਉਨਾਂ ਉਪਰ ਸਮੁੱਚੇ ਤੌਰ ਤੇ ਧਿਆਨ ਦਿਓ। ਮੁੱਦਿਆਂ ਬਾਰੇ ਪੂਰੀ ਜਾਣਕਾਰੀ ਹਾਸਲ ਕਰਕੇ ਲਏ ਹੋਏ ਫ਼ੈਸਲੇ ਲਾਗੂ ਕਰਨ ਯੋਗ ਹੁੰਦੇ ਹਨ ਤੇ ਮਨਚਾਹੇ ਨਤੀਜੇ ਦਿੰਦੇ ਹਨ।

ਚੌਥਾ, ਲਾਗੂ ਕਰਨ ਦੀਆਂ ਸੇਵਾਵਾਂ ਜਿਨ੍ਹਾਂ ਉਪਰ ਆਮ ਤੌਰ ਤੇ ਸਿਵਲ ਸੇਵਾ ਤੇ ਸਮਾਂ ਬਿਤਾਉਣਾ ਪੈਂਦਾ ਹੈ। ਚਾਲੂ ਪ੍ਰਣਾਲੀ ਵਿਚ ਬਦਲਾਓ ਲਿਆਉਣ ਲਈ ਮੌਕਾ ਦਿੰਦੀਆਂ ਹਨ। ਤੁਹਾਡਾ ਉਦੇਸ਼ ਨਤੀਜੇ ਹਾਸਲ ਕਰਨਾ ਅਤੇ ਇਕ ਅਸਰ ਭਰਪੂਰ ਫੀਲਡ ਅਫ਼ਸਰ ਦੀ ਤਰ੍ਹਾਂ ਕੰਮ ਕਰਨ ਦਾ ਹੋਣਾ ਚਾਹੀਦਾ ਹੈ। ਇਸ ਨਾਲ ਤੁਹਾਨੂੰ ਸਖਤ ਅਤੇ ਅਣਚਾਹੇ ਫ਼ੈਸਲੇ ਲੈਣੇ ਪੈ ਸਕਦੇ ਹਨ। ਇਸ ਲਈ ਆਮ ਤੌਰ ਤੇ 'ਨਵੀਂ ਸੋਚ' ਦੀ ਲੋੜ ਹੁੰਦੀ ਹੈ ਤੇ ਰਿਸ਼ਵਤਖੋਰਾਂ ਵਿਰੁੱਧ ਕਾਰਵਾਈ ਕਰਨੀ ਪੈਂਦੀ ਹੈ। ਸਹੀ ਕਾਰਗੁਜ਼ਾਰੀ ਕਰਨ ਤੋਂ ਨਾ ਝਿਜਕੋ। ਪਰ ਆਪਣੇ ਕੰਮ ਵਿਚ ਸਭ ਲਈ ਇਕੋ ਜਿਹੇ ਅਤੇ ਨਿਆਂ ਪੂਰਕ ਬਣ ਕੇ ਰਹੋ। ਕਈ ਸੂਰਤਾਂ ਵਿਚ, ਤੁਹਾਨੂੰ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ।

ਪੰਜਵਾਂ, ਚੰਗਾ ਪ੍ਰਬੰਧਨ ਨਾਗਰਿਕਾਂ ਦਾ ਬੁਨਿਆਦੀ ਅਧਿਕਾਰ ਹੈ। ਜਨਤਕ ਸੇਵਾ ਦੇਣ ਅਤੇ ਸਕੀਮਾਂ ਲਾਗੂ ਕਰਨ ਵਿਚ ਔਕੜਾਂ ਦੀ ਪਛਾਣ ਕਰੋ, ਅਜਿਹੇ ਕਾਇਦੇ ਕਾਨੂੰਨਾਂ ਦੀ ਪਛਾਣ ਕਰੋ ਜੋ ਉੱਨਤੀ ਦੇ ਰਸਤੇ ਵਿਚ ਰੁਕਾਵਟ ਹਨ ਅਤੇ ਸਰਕਾਰ ਨੂੰ ਤਬਦੀਲੀਆਂ ਲਿਆਉਣ ਲਈ ਕਹੋ। ਵਧੀਆ ਅਮਲ ਤਰੀਕੇ ਅਤੇ ਨਵੀਆਂ ਖੋਜਾਂ ਫ਼ੈਸਲੇ ਲਾਗੂ ਕਰਨ ਵਿਚ ਆਪਣਾਓ ਅਤੇ ਆਪਣੀ ਟੀਮ ਵਿਚ ਵੀ ਇਹ ਧਾਰਨਾ ਪੈਦਾ ਕਰਨ ਲਈ ਉਸ ਨੂੰ ਉਤਸ਼ਾਹਤ ਕਰੋ। ਨਵੇਂ ਵਿਚਾਰਾਂ ਵੱਲ ਖੁੱਲਾ ਦਿਮਾਗ਼ ਤੇ ਉਨ੍ਹਾਂ ਨੂੰ ਸੁਣਨ ਦਾ ਸਬਰ ਰਖੋ। ਜਨਤਕ ਸੇਵਾਵਾਂ ਦੀ ਪਹੁੰਚ ਜੇ ਸਹੀ ਤਰੀਕੇ ਕੀਤੀ ਜਾਵੇ ਤਾਂ ਉਪਭੋਗਤਾਵਾਂ ਵਿਚ ਤਸੱਲੀ ਪੈਦਾ ਕਰਦੀ ਹੈ, ਵਿੱਤੀ ਸਾਧਨਾਂ ਦਾ ਵਧੀਆ ਇਸਤੇਮਾਲ ਹੁੰਦਾ ਹੈ, ਆਰਥਿਕ ਖ਼ੁਸ਼ਹਾਲੀ ਆਉਂਦੀ ਹੈ ਅਤੇ ਰਿਸ਼ਵਤਖੋਰੀ ਘਟਾਉਂਦੀ ਹੈ।

ਛੇਵਾਂ, ਸਰਕਾਰੀ ਤੰਤਰ ਦੇ ਢਾਂਚੇ ਨੂੰ ਸਭ ਤੋਂ ਵੱਧ ਵੱਟਾ ਫ਼ੈਸਲਾ ਕਰਨ ਵਿਚ ਝਿਜਕ ਦਿਖਾਉਣ ਜਾਂ ਜਾਣ ਬੁਝ ਕੇ ਫ਼ੈਸਲੇ ਨਾ ਲੈਣ ਨਾਲ ਲਗਦਾ ਹੈ। ਫ਼ੈਸਲੇ ਕਰਨ ਵਿਚ ਢਿੱਲਮੱਠ ਨਾ ਕਰੋ। ਜੇ ਤੁਹਾਨੂੰ ਫ਼ੈਸਲੇ ਕਰਨ ਵਿਚ ਆਪਣੀ ਕਾਬਲੀਅਤ ਉੱਪਰ ਸ਼ੱਕ ਹੈ ਜਾਂ ਇਨ੍ਹਾਂ ਤੋਂ ਹੋਣ ਵਾਲੇ ਨਤੀਜਿਆਂ ਤੋਂ ਡਰ ਹੈ ਤਾਂ ਸਿਵਲ ਸੇਵਾ ਵਿਚ ਸ਼ਾਮਿਲ ਨਾ ਹੋਵੋ। ਸਿਵਲ ਸੇਵਾ ਦਾ ਪੂਰਾ ਕੈਰੀਅਰ ਫ਼ੈਸਲੇ ਲੈਣ ਅਤੇ ਫ਼ੈਸਲੇ ਲੈਣ ਲਈ ਸਪੱਸ਼ਟ ਨੀਤੀਆਂ ਦੀ ਸਿਫ਼ਾਰਸ਼ ਕਰਨ

ਉਪਰ ਆਧਾਰਤ ਹੈ। ਕਈ ਵਾਰ ਤੁਹਾਡੀ ਨਾ ਕੀਤੀ ਕਾਰਗੁਜ਼ਾਰੀ ਸਾਹਮਣੇ ਨਹੀਂ ਆਉਂਦੀ ਜਾਂ ਉਸ ਲਈ ਸਜ਼ਾ ਨਹੀਂ ਮਿਲਦੀ, ਅਜਿਹਾ ਕੁਸ਼ਲ ਪ੍ਰਬੰਧਨ ਲਈ ਅਤਿ ਦਾ ਨੁਕਸਾਨਦੇਹ ਹੈ।

ਸੱਤਵਾਂ, ਸਿਵਲ ਸੇਵਾ ਵਿਚ ਬਿਨਾਂ ਸ਼ੱਕ ਤੁਸੀਂ ਪੂਰੇ ਗਰੁੱਪ ਦੇ ਆਗੂ ਹੋਵੋ। ਮਿਥੇ ਟੀਚੇ ਅਤੇ ਸੰਸਥਾਨ ਦੇ ਬੁਨਿਆਦੀ ਕਾਰਗੁਜ਼ਾਰੀ ਮਿਆਰ ਹਾਸਲ ਕਰਨ ਲਈ ਜਿਸ ਦੇ ਤੁਸੀਂ ਮੁਖੀ ਹੋ, ਪੂਰੀ ਜ਼ਿੰਮੇਵਾਰੀ ਲਓ। ਅਥਾਰਿਟੀ ਦਾ ਵਿਕੇਂਦਰੀਕਰਨ ਕਰਨਾ ਸਿੱਖੋ ਪਰ ਕਾਬਲ ਲੀਡਰਸ਼ਿਪ ਯਕੀਨੀ ਬਣਾਉ। ਇਹ ਤਦੇ ਆ ਸਕਦੀ ਹੈ ਜੇਤੁਹਾਡੇ ਬਾਰੇ ਤੁਹਾਡੇ ਸੰਗੀਆਂ-ਸਾਥੀਆਂ ਵਿਚ ਇਹ ਧਾਰਨਾ ਬਣੀ ਹੋਵੇ ਕਿ ਤੁਸੀਂ ਟੀਚੇ ਨਾ ਹਾਸਲ ਕਰ ਸਕਣ ਦੀ ਸੂਰਤ ਵਿਚ ਆਪਣੇ ਮਾਤਹਿਤਾਂ 'ਤੇ ਦੋਸ਼ ਨਹੀਂ ਮੜ੍ਹਦੇ। ਇਸ ਨਾਲ ਤੁਹਾਨੂੰ ਆਪਣੇ ਮਾਤਹਿਤਾਂ, ਸਾਥੀਆਂ ਅਤੇ ਉੱਪਰ ਦੇ ਅਧਿਕਾਰੀਆਂ ਤੋਂ ਵੀ ਇੱਜ਼ਤ ਮਿਲੇਗੀ। ਇਹ ਲੀਡਰਸ਼ਿਪ ਦੀ ਕਾਮਯਾਬੀ ਲਈ ਇਕ ਬਹੁਤ ਵਧੀਆ ਇਲਾਜ ਹੈ।

ਅੱਠਵਾਂ, ਗਰੀਬਾਂ, ਖ਼ਾਸ ਕਰਕੇ ਹਾਸ਼ੀਏ 'ਤੇ ਪਏ ਸਮੂਹਾਂ, ਔਰਤਾਂ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਅਤੇ ਘੱਟ ਗਿਣਤੀਆਂ ਨਾਲ ਸੰਵੇਦਨਸ਼ੀਲ ਰਹੋ। ਇਹ ਉਹ ਸਮੂਹ ਹਨ ਜਿਨ੍ਹਾਂ ਨੂੰ ਤੁਹਾਡੀ ਮਦਦ ਦੀ ਸਭ ਤੋਂ ਵੱਧ ਲੋੜ ਹੈ। ਉਨ੍ਹਾਂ ਲਈ ਬਣੇ ਪ੍ਰੋਗਰਾਮਾਂ ਨੂੰ ਸਹੀ ਲਾਗੂ ਕਰਨ ਅਤੇ ਉਨਾਂ ਦੀ ਭਲਾਈ ਵੱਲ ਸੰਵੇਦਨਾ ਦਿਖਾ ਕੇ ਤੁਸੀਂ ਸਮਾਨਤਾਵਾਦੀ ਸਮਾਜ ਖੜ੍ਹਾ ਕਰ ਸਕਦੇ ਹੋ। ਉਨਾਂ ਵੱਲ ਕੀਤੀ ਹਾਂ-ਪੱਖੀ ਕਾਰਗੁਜ਼ਾਰੀ ਨਾਲ, ਉਨ੍ਹਾਂ ਦਾ ਸਿਵਲ ਸੇਵਾ ਵਿਚ ਵਿਸ਼ਵਾਸ ਬਣਦਾ ਹੈ।

ਨੌਵਾਂ, ਲੋਕਾਂ ਦੀ ਭਲਾਈ ਦੇ ਕੁੱਝ ਉਦੇਸ਼ ਹਾਸਲ ਕਰਨ ਲਈ, ਰਾਜਨੀਤਕ ਮੁਖੀ ਸਿਵਲ ਸੇਵਾ ਨਾਲ ਸਲਾਹ ਮਸ਼ਵਰਾ ਕਰ ਕੇ ਕੁੱਝ ਨੀਤੀਆਂ ਬਣਾਉਂਦੇ ਹਨ। ਮੰਤਰੀਆਂ ਨੂੰ ਸਲਾਹ ਦੇਣ ਵੇਲੇ ਅਤੇ ਉੱਚ ਅਧਿਕਾਰੀਆਂ ਦੇ ਤੌਰ ਤੇ ਕੰਮ ਕਰਦੇ ਹੋਏ, ਨੀਤੀ ਦੇ ਉਨ੍ਹਾਂ ਸਾਰੇ ਪਹਿਲੂਆਂ 'ਤੇ ਵਿਚਾਰ ਕਰੋ ਜੋ ਧਿਆਨ ਗੋਚਰੇ ਮੁੱਦੇ ਉੱਪਰ ਕੀਤੇ ਜਾ ਸਕਦੇ ਹਨ। ਇਹ ਵੀ ਵਿਚਾਰ ਕਰੋ ਕਿ ਜੋ ਨੀਤੀ ਸਰਕਾਰ ਲਾਗੂ ਕਰਨਾ ਚਾਹੁੰਦੀ ਹੈ ਉਹ ਰਾਜਨੀਤਕ ਦਬਾਅ ਕਾਰਨ ਤਾਂ ਨਹੀਂ ਹੈ ਅਤੇ ਉਸ ਦਾ ਸਿਰਫ਼ ਛੋਟੀ ਅਵਧੀ ਵਿਚ ਲਾਭ ਮਿਲ ਸਕਦਾ ਹੈ ਅਤੇ ਅੰਤ ਵਿਚ ਰਾਸ਼ਟਰ ਹਿਤ ਵਿਚ ਨਹੀਂ ਹੈ। ਜੇ ਅਜਿਹਾ ਹੈ ਤਾਂ ਆਪਣੇ ਵਿਚਾਰ ਨਿਆਂਪੂਰਬਕ ਢੰਗ ਨਾਲ ਅਤੇ ਸਪੱਸ਼ਟ ਤੌਰ ਤੇ ਰੱਖੋ। ਕਾਰਨ ਦੱਸ ਕੇ ਸਪੱਸ਼ਟ ਤੌਰ ਤੇ ਇਹ ਜ਼ਾਹਿਰ ਕਰੋ ਕਿ ਕਿਉਂ ਤੁਸੀਂ ਕਿਸੇ ਨੀਤੀ ਨੂੰ ਬਹੁਤ ਢੁਕਵੀਂ ਮੰਨਦੇ ਹੋ ਅਤੇ ਕਿਸ ਤਰ੍ਹਾਂ ਨੀਤੀ ਦੇ ਉਦੇਸ਼ ਪੂਰੇ ਕੀਤੇ ਜਾ ਸਕਦੇ ਹਨ।

ਆਪਣੇ ਵਿਚਾਰ ਪ੍ਰਗਟ ਕਰਨ ਵੇਲੇ ਇਹ ਨਾ ਸੋਚੋ ਕਿ ਮੰਤਰੀ ਕੀ ਸੁਣਨਾ ਪਸੰਦ ਕਰਨਗੇ। ਜੋ ਤੁਹਾਨੂੰ ਸਭ ਤੋਂ ਢੁਕਵੀਂ ਕਾਰਗੁਜ਼ਾਰੀ ਲਗਦੀ ਹੈ, ਉਸ ਦੀ ਸਲਾਹ ਦਿਓ। ਇਸ ਨਾਲ ਅੰਤ ਵਿਚ ਤੁਹਾਡੀ ਤੁਹਾਡੇ ਸਾਥੀਆਂ ਵਿਚ ਅਤੇ ਰਾਜਨੀਤਕ ਮੁਖੀ ਅੱਗੇ ਇੱਜ਼ਤ ਬਣੇਗੀ।

ਦਸਵਾਂ, ਜਨਤਕ ਵਿਚਾਰ ਵਟਾਂਦਰੇ ਵਿਚ ਸਰਕਾਰੀ ਨੀਤੀਆਂ ਦਾ ਵਿਰੋਧ ਨਾ ਕਰੋ। ਸਰਕਾਰੀ ਕਰਮਚਾਰੀ ਹੋਣ ਦੇ ਨਾਤੇ, ਤੁਹਾਡੀ ਜ਼ਿੰਮੇਵਾਰੀ ਸਰਕਾਰ ਨੂੰ ਆਪਣੀਆਂ ਨੀਤੀਆਂ ਦੀ ਰੱਖਿਆ ਕਰਨ ਵਿਚ ਮਦਦ ਕਰਨਾ ਹੈ। ਨੀਤੀਆਂ ਦਾ ਵਿਰੋਧ ਕਰਨ ਨਾਲ ਤੁਸੀਂ ਸਰਕਾਰ ਅਤੇ ਆਪਣੀ ਇੱਜ਼ਤ ਘਟਾਉਂਦੇ ਹੋ। ਜੇ ਮੁੱਦਾ ਬਹੁਤ ਗੰਭੀਰ ਹੈ ਅਤੇ ਤੁਸੀਂ ਸੋਚਦੇ ਹੋ ਕਿ ਤੁਸੀਂ ਅਜਿਹੀਆਂ ਸਰਕਾਰੀ ਨੀਤੀਆਂ ਦਾ ਸਾਥ ਨਹੀਂ ਦੇ ਸਕਦੇ, ਤੁਸੀਂ ਨੌਕਰੀ ਛੱਡਣ ਅਤੇ ਹੋਰ ਕੰਮ ਕਰਨ ਦਾ ਵਿਚਾਰ ਕਰ ਸਕਦੇ ਹੋ।

ਗਿਆਰਵਾਂ, ਅੰਤਰ ਨਿੱਜੀ ਮੁਹਾਰਤਾਂ ਦਾ ਵਿਕਾਸ ਕਰੋ। ਆਧੁਨਿਕ ਦੁਨੀਆਂ ਵਿਚ ਜਿਥੇ ਸੰਸਥਾਨਾਂ, ਨਿੱਜੀ ਖੇਤਰ ਵਿਸਥਾਰ ਅਤੇ ਤਕਨੀਕੀ ਵਿਸਫੋਟ ਦੀ ਬਹੁਤ ਵੱਡੀ ਗੁੰਜਾਇਸ਼ ਹੈ, ਇਹ ਜ਼ਰੂਰੀ ਹੈ ਕਿ ਵੱਖ-ਵੱਖ ਖੇਤਰ ਦੇ ਲੋਕਾਂ ਨਾਲ ਚੰਗੇ ਰਿਸ਼ਤੇ ਬਣਾ ਕੇ ਰਖੋ ਤਾਂ ਜੋ ਲੋੜ ਵੇਲੇ ਉਨ੍ਹਾਂ ਤਕ ਪਹੁੰਚ ਕੀਤੀ ਜਾ ਸਕੇ। ਇਸ ਨਾਲ ਤੁਹਾਡੀ ਮੁਸ਼ਕਲ ਮੁੱਦਿਆਂ ਨੂੰ ਨਜਿੱਠਣ ਦੀ ਸਮਰਥਾ ਵਧ ਜਾਂਦੀ ਹੈ।

ਬਾਰ੍ਹਵਾਂ, ਚੰਗੇ ਪ੍ਰਬੰਧਨ ਲਈ ਸੂਚਨਾ ਤਕਨਾਲੋਜੀ, ਨਵੀਆਂ ਤਕਨੀਕਾਂ ਅਤੇ ਉਨ੍ਹਾਂ ਦੀ ਵਰਤੋਂ ਲਈ ਆਪਣੇ ਆਪ ਨੂੰ ਢਾਲੋ। ਸੂਚਨਾ ਤਕਨਾਲੋਜੀ ਸੇਵਾਵਾਂ ਵਿਚ ਦੇਰੀ ਨੂੰ ਘੱਟ ਕਰ ਸਕਦੀ ਹੈ, ਜਨਤਕ ਸੇਵਾਵਾਂ ਦੀ ਕਾਰਗਰ ਪਹੁੰਚ ਯਕੀਨੀ ਬਣਾ ਸਕਦੀ ਹੈ ਅਤੇ ਰਿਸ਼ਵਤਖੋਰੀ ਖਤਮ ਕਰ ਸਕਦੀ ਹੈ। ਇਸ ਲਈ ਤੁਹਾਨੂੰ ਇਸ ਦੀ ਵਰਤੋਂ ਅਤੇ ਇਸ ਦੀ ਸਮਰਥਾ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ। ਪ੍ਰਸ਼ਾਸਕੀ ਤੌਰ ਤਰੀਕਿਆਂ ਨੂੰ ਆਸਾਨ ਬਣਾਉਣ ਨਾਲ ਚੰਗੇ ਪ੍ਰਬੰਧਨ ਵਿਚ ਵਾਧਾ ਹੁੰਦਾ ਹੈ।

ਤੇਰ੍ਹਵਾਂ, ਆਪਣੇ ਮੰਤਰਾਲੇ ਦੇ ਵਿਚਾਰ ਅਸਰਦਾਰ ਤਰੀਕੇ ਲੋਕਾਂ ਸਾਹਮਣੇ ਰੱਖਣ ਲਈ ਆਪਣੇ ਆਪ ਨੂੰ ਪਹਿਲਾਂ ਤੋਂ ਤਿਆਰ ਕਰੋ। ਆਪਣੇ ਵਿਚਾਰ ਥੋੜ੍ਹੇ ਵਿਚ ਅਤੇ ਥੜੱਲੇ ਨਾਲ ਰੱਖੋ। ਇਹ ਬਹੁਤ ਮਹੱਤਵਪੂਰਨ ਹੈ ਕਿ ਕਿਸੇ ਵੀ ਅੰਤਮ ਮੰਤਰਾਲਾ ਫੋਰਮ ਵਿਚ ਉੱਠਣ ਵਾਲੇ ਮੁੱਦਿਆਂ ਦੀ ਤੁਹਾਨੂੰ ਪੂਰੀ ਸਮਝ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਬਾਰੇ ਤੁਸੀਂ ਆਪਣੀ ਸੋਚ ਵਿਚ ਸਪੱਸ਼ਟ ਹੋ।

ਚੌਦ੍ਹਵਾਂ, ਮਿਲਣ ਆਉਣ ਵਾਲਿਆਂ ਦੇ ਵੱਖ-ਵੱਖ ਵਿਚਾਰ ਸਾਵਧਾਨੀ, ਪੂਰਬਕ ਅਤੇ ਸਬਰ ਨਾਲ ਸੁਣਨ ਦੀ ਕਾਬਲੀਅਤ ਬਣਾਉ। ਇਸ ਤਰੀਕੇ, ਆਲੇ-ਦੁਆਲੇ ਦੇ ਖੇਤਰ ਵਿਚ ਆਉਣ ਵਾਲੀਆਂ ਸਮੱਸਿਆਵਾਂ ਉਪਰ ਬਹੁਤ ਅਧਿਕ ਫੀਡਬੈਕ ਲਿਆ ਜਾ ਸਕਦਾ ਹੈ ਅਤੇ ਇਸ ਨਾਲ ਉਨ੍ਹਾਂ ਨੂੰ ਨਜਿੱਠਣ ਲਈ ਵੱਖ-ਵੱਖ ਤਰੀਕੇ ਆਪਣਾਏ ਜਾ ਸਕਦੇ ਹਨ। ਇਹ ਸਿੱਖਣ ਦਾ ਸਭ ਤੋਂ ਵਧੀਆ ਤਰੀਕਾ ਹੈ।

ਪੰਦਰ੍ਹਵਾਂ, ਨੀਤੀ ਦੇ ਯੋਜਨਾਗਤ ਉਦੇਸ਼ਾਂ ਨਾਲ ਤਾਲਮੇਲ ਖਾਂਦੀ ਕਾਬਲੀਅਤ ਦਾ ਤਾਲਮੇਲ ਵਿਕਾਸ ਕਰੇ ਅਤੇ ਆਮ ਸਹਿਮਤੀ ਬਣਾਉ। ਅਜਿਹਾ ਕਰਨ ਵੇਲੇ ਤੁਸੀਂ ਸਮੱਸਿਆ ਦੇ ਤਕਨੀਕੀ, ਸਮਾਜਿਕ ਅਤੇ ਰਾਜਨੀਤਕ ਪਸਾਰ ਦਾ ਮੁੱਲੰਕਣ ਕਰ ਸਕਦੇ ਹੋ। ਨੀਤੀ ਨੂੰ ਅਸਰਦਾਰ ਤਰੀਕੇ ਲਾਗੂ ਕਰਨ ਲਈ, ਤੁਹਾਨੂੰ ਸਖ਼ਤ ਨਿਰਣੇ ਲੈਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ।

ਸੋਲ੍ਹਵਾਂ, ਨੀਤੀਆਂ ਅਤੇ ਸਭ ਤੋਂ ਹੇਠਲੀ ਸਤਹ ਦੇ ਹਾਲਾਤ ਬਾਰੇ ਸੋਚ ਸਮਝ ਕੇ ਫ਼ੈਸਲਾ ਲਵੋ। ਉਨ੍ਹਾਂ ਨੀਤੀਆਂ ਅਤੇ ਯੋਜਨਾਵਾਂ ਬਾਰੇ ਜੋ ਲਾਗੂ ਕਰਨ ਦਾ ਪ੍ਰਸਤਾਵ ਹੈ, ਉਸ ਖੇਤਰ ਦੇ ਲੋਕਾਂ ਤੋਂ ਜਿਥੇ ਉਹ ਲਾਗੂ ਕਰਨੀਆਂ ਹਨ ਫੀਡਬੈਕ ਲਵੋ। ਆਪਣੀਆਂ ਯੋਜਨਾਵਾਂ ਵਿਚ ਜ਼ਮੀਨੀ ਸਤਹ, ਦੀਆਂ ਅਸਲੀਅਤਾਂ ਨਾਲ ਮੇਲ ਖਾਣ ਲਈ ਢੁਕਵਾਂ ਲਚਕੀਲਾਪਨ ਰਖੋ।

ਸਤਾਰ੍ਹਵਾਂ, ਚੁਣੌਤੀ ਭਰਪੂਰ ਕਾਰਜਾਂ ਨੂੰ ਲਵੋ। ਉਨ੍ਹਾਂ ਤੋਂ ਬਚ ਕੇ ਨਿਕਲਣ ਦੀ ਕੋਸ਼ਿਸ਼ ਨਾ ਕਰੋ। ਆਮ ਤੌਰ ਤੇ ਅਜਿਹੇ ਕਾਰਜਾਂ ਦੀ ਪੂਰਤੀ ਲਈ ਕਠੋਰ ਨਿਰਣੇ ਲੈਣੇ ਪੈਂਦੇ ਹਨ ਅਤੇ

ਫੇਲ੍ਹ ਹੋਣ ਦਾ ਖ਼ਤਰਾ ਵੀ ਹੁੰਦਾ ਹੈ। ਜੇ ਤੁਸੀਂ ਚੁਨੌਤੀਪੂਰਨ ਜ਼ਿੰਮੇਵਾਰੀ ਲਈ ਹੈ ਅਤੇ ਸਭ ਸੰਬੰਧਿਤ ਧਿਰਾਂ ਨਾਲ ਈਮਾਨਦਾਰੀ ਨਾਲ ਇਕ ਟੀਮ ਵਾਂਗ ਕੰਮ ਕਰ ਰਹੇ ਹੋ ਤਾਂ ਕਾਮਯਾਬੀ ਜ਼ਰੂਰ ਹਾਸਲ ਕੀਤੀ ਜਾ ਸਕਦੀ ਹੈ। ਇਸ ਨਾਲ ਤੁਸੀਂ ਸਭ ਦੇ ਸਾਹਮਣੇ ਆ ਜਾਵੋਗੇ ਅਤੇ ਔਖੇ ਕੰਮ ਕਰਨ ਦੀ ਤੁਹਾਡੀ ਕਾਬਲੀਅਤ ਦੀ ਪਰਖ ਵੀ ਹੋ ਜਾਵੇਗੀ।

ਅਠਾਰ੍ਹਵਾਂ, ਭਾਰੀ ਉਕਸਾਹਟ ਦੀ ਹਾਲਤ ਵਿਚ, ਆਪਣੇ ਅਸੂਲਾਂ ਅਤੇ ਪੱਕੀਆਂ ਧਾਰਨਾਵਾਂ ਉਪਰ ਕਾਇਮ ਰਹੋ। ਠੰਢਾ ਦਿਮਾਗ਼ ਰਖੋ। ਪ੍ਰਸ਼ਾਸਕੀ ਚੁਨੌਤੀਆਂ ਬਹੁਤ ਤਰ੍ਹਾਂ ਦੀਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਸਵਾਰਥੀ ਹਿਤਾਂ ਵਾਲੇ ਕਈ ਕਿਸਮ ਦੇ ਲੋਕ ਅਤੇ ਸੰਸਥਾਵਾਂ ਸ਼ਾਮਿਲ ਹੁੰਦੀਆਂ ਹਨ। ਤੁਸੀਂ ਉਨ੍ਹਾਂ ਤੋਂ ਪਾਰ ਤਦੇ ਹੀ ਪਾ ਸਕਦੇ ਹੋ ਜੇ ਤੁਸੀਂ ਸਭ ਸਵਾਲ ਠੰਢੇ ਦਿਮਾਗ਼ ਨਾਲ ਅਤੇ ਬਿਨਾਂ ਲੱਗ ਲਪੇਟ ਦੇ ਸੋਚ ਰਹੇ ਹੋ।

ਉਨ੍ਹੀਂਵਾਂ, ਸਿਵਲ ਅਧਿਕਾਰੀ ਸਰਕਾਰ ਨੂੰ ਜਵਾਬਦੇਹ ਹੁੰਦੇ ਹਨ। ਪਰ ਜਨਤਕ ਜਵਾਬਦੇਹੀ ਵੀ ਹੁੰਦੀ ਹੈ। ਸਰਕਾਰੀ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਆਧਾਰ 'ਤੇ, ਕੰਮ ਕਰਨ ਦੇ ਮੁੱਖ ਖੇਤਰਾਂ ਦੀ ਪਛਾਣ ਕਰੋ ਜੋ ਟੀਚੇ ਤੁਸੀਂ ਆਪਣੇ ਕਾਰਜ ਵਿਚ ਜ਼ਰੂਰ ਹਾਸਲ ਕਰਨੇ ਹਨ। ਲੋਕਾਂ ਦੀਆਂ ਲੋੜਾਂ ਮਹਿਸੂਸ ਕਰੋ ਅਤੇ ਉਨ੍ਹਾਂ ਨੂੰ ਆਪਣੇ ਪ੍ਰੋਗਰਾਮਾਂ ਵਿਚ ਸ਼ਾਮਿਲ ਕਰੋ।

ਉਪਰ ਲਿਖੇ ਸੰਬੰਧ ਵਿਚ ਇਕ ਦਿਲਚਸਪ ਮੁੱਦਾ ਰਾਜਨੀਤਕ ਮੁਖੀ ਅਤੇ ਸਿਵਲ ਸੇਵਾ ਵਲੋਂ ਪ੍ਰਸ਼ਾਸਕੀ ਪ੍ਰਣਾਲੀ ਦੇ ਸੁਧਾਰ ਦੀ ਦੋਹਾਂ ਦੀ ਸੰਬੰਧਿਤ ਜ਼ਿੰਮੇਵਾਰੀ ਹੈ। ਇਹ ਜ਼ੋਰ ਦੇ ਕੇ ਕਹਿਣਾ ਪਵੇਗਾ ਕਿ ਜਨਤਕ ਪ੍ਰਸ਼ਾਸਨ ਨੂੰ ਮਜ਼ਬੂਤ ਕਰਨ ਅਤੇ ਚੰਗੇ ਪ੍ਰਬੰਧਨ ਦੀ ਜ਼ਿੰਮੇਵਾਰੀ ਸਿਵਲ ਸੇਵਾ ਦੀ ਹੈ। ਪਰ ਨੀਤੀ ਨਿਰਧਾਰਨ ਕਾਰਕ ਜਾਂ ਫੀਲਡ ਕਾਰਜਾਂ ਦੀਆਂ ਜ਼ਿੰਮੇਵਾਰੀਆਂ ਲਈ ਕੰਮ ਕਰਦੇ ਹੋਏ, ਰਾਜਨੀਤਕ ਮੁਖੀ ਅਤੇ ਸਿਵਲ ਸੇਵਾ ਵਿਚ ਸੰਬੰਧਾਂ ਦੀਆਂ ਵਿਸ਼ੇਸ਼ਤਾਈਆਂ ਬਾਰੇ ਸਮਝਣਾ ਲਾਭਦਾਇਕ ਸਾਬਤ ਹੋ ਸਕਦਾ ਹੈ। ਲੋਕਾਂ ਸਾਹਮਣੇ ਜਨਤਕ ਸੇਵਾਵਾਂ ਵਰਤਣ ਵਿਚ ਆ ਰਹੀਆਂ ਔਕੜਾਂ ਅਤੇ ਵੱਡੇ ਪੈਮਾਨੇ 'ਤੇ ਫੈਲੀ ਰਿਸ਼ਵਤਖੋਰੀ ਬਾਰੇ ਵੀ ਸਮਝਣਾ ਬਹੁਤ ਜ਼ਰੂਰੀ ਹੈ। ਇਸ ਲਈ, ਹੇਠ ਦਿਤੇ ਨੁਕਤਿਆਂ ਉਪਰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ :

- ਪ੍ਰਬੰਧਕੀ ਢਾਂਚੇ ਅਤੇ ਜਨਤਕ ਸੇਵਾਵਾਂ ਦੇਣ ਵਿਚ ਵਿਆਪਕ ਰਿਸ਼ਵਤਖੋਰੀ ਫੈਲੀ ਹੈ। ਇਸ ਨਾਲ ਮੁੱਢ ਤੋਂ ਰਿਸ਼ਵਤ ਦੀ ਸੰਭਾਵਨਾ ਖਤਮ ਕਰਕੇ ਨਜਿੱਠਿਆ ਜਾ ਸਕਦਾ ਹੈ। ਇਸ ਕਾਰਜ ਲਈ ਸੇਵਾ ਦੇਣ ਦੇ ਤਰੀਕਿਆਂ ਨੂੰ ਆਸਾਨ ਬਣਾਉਣਾ ਹੋਵੇਗਾ। ਸੂਚਨਾ ਤਕਨਾਲੋਜੀ ਦੀ ਵਰਤੋਂ ਕਰਨੀ ਹੋਵੇਗੀ ਅਤੇ ਫ਼ੈਸਲੇ ਲੈਣ ਵਿਚ ਪਾਰਦਰਸ਼ਿਤਾ ਲਿਆਉਣੀ ਹੋਵੇਗੀ। ਅਗਲਾ ਕਦਮ, ਰਿਸ਼ਵਤਖੋਰਾਂ ਦੀ ਪਛਾਣ ਅਤੇ ਉਨ੍ਹਾਂ ਨੂੰ ਛੇਤੀ ਸਜ਼ਾ ਦੇਣ ਦਾ ਹੋਵੇਗਾ।

- ਇਹ ਸਮਝਣਾ ਲਾਭਦਾਇਕ ਹੋਵੇਗਾ ਕਿ ਸਰਬ ਭਾਰਤੀ ਸੇਵਾਵਾਂ ਦੀ ਹੋਂਦ ਸੰਵਿਧਾਨ ਤੋਂ ਹੈ (ਮਦ 312)। ਜਿਥੇ ਸੇਵਾਵਾਂ ਨੂੰ ਸਰਕਾਰ ਦੇ ਰਾਜਨੀਤਕ ਮੁਖੀ ਵਲੋਂ ਨਿਰਧਾਰਤ ਨੀਤੀਆਂ ਨੂੰ ਅਪਣਾਉਣਾ ਹੁੰਦਾ ਹੈ ਉਥੇ ਉਨ੍ਹਾਂ ਦੀ ਕੁੱਝ ਕਾਨੂੰਨਾਂ ਤਹਿਤ, ਜਦੋਂ ਵੀ ਉਹ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਕਰਦੇ ਹਨ, ਕਾਨੂੰਨੀ ਜ਼ਿੰਮੇਵਾਰੀ ਵੀ ਹੁੰਦੀ ਹੈ। ਅਜਿਹੀਆਂ ਸ਼ਕਤੀਆਂ ਦਾ ਲਾਗੂ ਕਰਨ ਇਕ ਖੁੱਲ੍ਹੀ ਸੋਚ ਨਾਲ ਹੋਣਾ ਚਾਹੀਦਾ ਹੈ।

- ਇਹ ਮਹੱਤਵਪੂਰਨ ਹੈ ਕਿ ਸਿਵਲ ਅਧਿਕਾਰੀ, ਨੀਤੀ ਨਿਰਧਾਰਨ ਦੇ ਕਾਰਜ ਵੇਲੇ ਆਪਣੇ ਵਿਚਾਰ, ਉਨ੍ਹਾਂ ਮੁੱਦਿਆ ਉਪਰ ਜਿਨ੍ਹਾਂ ਦੀ ਪੜਚੋਲ ਕੀਤੀ ਜਾ ਰਹੀ ਹੈ, ਖੁੱਲ੍ਹ ਕੇ ਲਿਖਤੀ ਰੂਪ ਵਿਚ ਰੱਖਣ। ਇਹ ਤੁਹਾਡੇ ਨੋਟ ਲਿਖਣ ਅਤੇ ਪੜਚੋਲ ਵਿਚ ਸਪੱਸ਼ਟ ਰੂਪ ਵਿਚ ਆਉਣਾ ਚਾਹੀਦਾ ਹੈ। ਜਦੋਂ ਇਕ ਵਾਰੀ ਤੁਸੀਂ ਆਪਣੇ ਸਪੱਸ਼ਟ ਵਿਚਾਰ ਪ੍ਰਗਟ ਕਰ ਦਿਤੇ ਹਨ ਅਤੇ ਇਕ ਸੋਚਿਆ ਸਮਝਿਆ ਫ਼ੈਸਲਾ ਲੈ ਲਿਆ ਗਿਆ ਹੈ ਤਾਂ ਉਸ ਫ਼ੈਸਲੇ ਨੂੰ ਪੂਰੀ ਤਾਕਤ ਨਾਲ ਲਾਗੂ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਜਿਥੇ ਸਿਵਲ ਅਧਿਕਾਰੀ ਨੂੰ ਆਪਣੇ ਵਿਚਾਰ ਖੁੱਲ੍ਹ ਕੇ ਰੱਖਣ ਦੀ ਆਜ਼ਾਦੀ ਹੈ ਪਰ ਉਸ ਵਲੋਂ ਇਕ ਵਾਰੀ ਜੋ ਫ਼ੈਸਲਾ ਲੈ ਲਿਆ ਗਿਆ, ਉਸ ਦੀ ਵਿਰੋਧਤਾ ਜਾਰੀ ਨਹੀਂ ਰਖ ਸਕਦਾ ਜਦੋਂ ਤਕ ਕਿ ਕੁੱਝ ਬਹੁਤ ਬੌਧਿਕ ਭੇਦ ਹੀ ਨਾ ਹੋਣ। ਅਜਿਹੀ ਸੂਰਤ ਵਿਚ ਨੌਕਰੀ ਛੱਡ ਦੇਣ ਅਤੇ ਨਵਾਂ ਕੰਮ ਕਰਨ ਦਾ ਸੋਚਣਾ ਚਾਹੀਦਾ ਹੈ।

- ਕਈ ਅਜਿਹੇ ਜਟਿਲ ਹਾਲਾਤ ਵੀ ਹੋ ਸਕਦੇ ਹਨ ਜਿਥੇ ਮੰਤਰੀ ਅਤੇ ਕੁੱਝ ਸਿਵਲ ਅਧਿਕਾਰੀ ਆਪਣੇ ਮਾਤਹਿਤਾਂ ਉਪਰ ਗ਼ੈਰ ਕਾਨੂੰਨੀ ਨਿਰਦੇਸ਼ ਥੋਪਣ ਦੀ ਕੋਸ਼ਿਸ਼ ਕਰਨ। ਇਹ ਬੇਈਮਾਨੀ ਵਾਲੇ ਮਾਇਕ ਉਦੇਸ਼ ਜਾਂ ਰਿਸ਼ਵਤਖੋਰੀ ਕਾਰਨ ਹੋ ਸਕਦਾ ਹੈ। ਮਾਫੀਆ ਵੀ ਹੋ ਸਕਦਾ ਹੈ। ਅਜਿਹੇ ਸਭ ਧੁੰਦਲੇ ਅਤੇ ਗ਼ੈਰ ਸਪੱਸ਼ਟ ਹਾਲਾਤ ਵਿਚ, ਸਿਵਲ ਅਧਿਕਾਰੀਆਂ ਨੂੰ ਅਜਿਹੇ ਹਾਲਾਤ ਨਾਲ ਨਿਪਟਣ ਲਈ ਆਪਣੇ ਕਾਰਜ ਵਿਚ ਸਪੱਸ਼ਟ ਹੋਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਅਜਿਹੇ ਹੁਕਮ ਜੋ ਗ਼ੈਰ ਕਾਨੂੰਨੀ ਹਨ ਜਾਂ ਕਿਸੇ ਕਾਨੂੰਨੀ ਮਦ ਦੇ ਖ਼ਿਲਾਫ਼ ਹਨ ਜਾਂ ਕਾਨੂੰਨ ਅਧੀਨ ਮਿਲੇ ਤੁਹਾਡੇ ਅਧਿਕਾਰਾਂ ਦੇ ਆੜੇ ਆਉਂਦੇ ਹਨ ਤਾਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦੇਣਾ ਚਾਹੀਦਾ ਹੈ। ਦੂਸਰਾ, ਅਜਿਹੇ ਪ੍ਰਸ਼ਾਸਕੀ ਹੁਕਮ ਜੋ ਤੁਹਾਡੇ ਵਿਚਾਰ ਵਿਚ ਅਨੁਚਿਤ ਜਾਂ ਗ਼ੈਰ ਨਿਆਂਸੰਗਤ ਹਨ, ਕਾਰਨ ਦੱਸ ਕੇ ਉਨ੍ਹਾਂ ਦਾ ਵਿਰੋਧ ਕਰਨਾ ਚਾਹੀਦਾ ਹੈ। ਜੇ ਅਜਿਹੇ ਹੁਕਮ ਮੁੜ ਤੋਂ ਦਿਤੇ ਜਾਣ ਤਾਂ ਉਨ੍ਹਾਂ ਨੂੰ ਲਾਗੂ ਕਰ ਦੇਣਾ ਚਾਹੀਦਾ ਹੈ। ਇਹ ਕਈ ਹਾਲਤਾਂ ਵਿਚ ਅਧਿਕਾਰੀ ਦੇ ਕੈਰੀਅਰ ਉਪਰ ਵੀ ਅਸਰ ਕਰ ਸਕਦਾ ਹੈ। ਪਰ ਅੰਤ ਵਿਚ, ਤੁਹਾਡੇ ਹਮ-ਰੁਤਬਾ ਅਤੇ ਸਾਥੀਆਂ ਵਿਚ ਇਸ ਨਾਲ ਤੁਹਾਡੀ ਇੱਜ਼ਤ ਵਧੇਗੀ। ਕਈ ਹਾਲਤਾਂ ਵਿਚ, ਤੁਹਾਡੇ ਸਾਥੀ ਅਤੇ ਉਪਰਲੇ ਅਧਿਕਾਰੀ ਤੁਹਾਡੇ ਕੈਰੀਅਰ ਨਾਲ ਹੋਏ ਖਿਲਵਾੜ ਨੂੰ ਜੋ ਤੁਹਾਡੇ ਵਲੋਂ ਅਨੁਚਿਤ ਅਤੇ ਅਨਿਆਂਪੂਰਨ ਹੁਕਮਾਂ ਨੂੰ ਲਾਗੂ ਕਰਨ ਕਾਰਨ ਹੋ ਗਿਆ ਹੋਵੇ, ਖਤਮ ਕਰਨ ਲਈ ਅੱਗੇ ਆਉਂਦੇ ਹਨ, ਕਾਮਯਾਬੀ ਦੀ ਕੀਮਤ ਹੈ। ਇਹ ਝੂਠ, ਗ਼ੈਰ ਸਮਾਨਤਾ ਅਤੇ ਗ਼ੈਰ ਕਾਨੂੰਨੀ ਤਰੀਕੇ ਹਾਸਲ ਨਹੀਂ ਕੀਤੀ ਜਾ ਸਕਦੀ।

ਰਾਜਨੀਤਕ ਮੁਖੀ ਜੋ ਕਾਨੂੰਨਸਾਜ਼ ਸਭਾਵਾਂ ਨੂੰ ਜਵਾਬਦੇਹ ਹੁੰਦਾ ਹੈ ਨੂੰ ਵੀ ਇਹ ਸੋਚਣਾ ਪਵੇਗਾ ਕਿ ਪ੍ਰਬੰਧਨ ਨੂੰ ਕਿਸ ਤਰ੍ਹਾਂ ਮਜ਼ਬੂਤ ਕੀਤਾ ਜਾ ਸਕਦਾ ਹੈ। ਉੱਪਰ ਦਿਤੇ ਜ਼ਾਬਤਿਆਂ ਅਤੇ ਚਲਣ ਲਈ ਮਜ਼ਬੂਤ ਰਾਜਨੀਤਕ ਆਮ ਰਾਇ ਦੀ ਲੋੜ ਹੋਵੇਗੀ। ਉਨ੍ਹਾਂ ਨੂੰ, ਜਿਹਾ ਸਰਦਾਰ ਪਟੇਲ ਨੇ, 6 ਦਹਾਕਿਆਂ ਤੋਂ ਵੱਧ ਸਮਾਂ ਪਹਿਲਾਂ ਕਿਹਾ ਸੀ, ਦੇਸ਼ ਵਿਆਪੀ ਵਿਚਾਰ ਵਟਾਂਦਰਾ ਕਰਨ ਦੀ ਲੋੜ ਹੈ ਅਤੇ ਉਸ ਉਪਰ ਅਮਲ ਕਰਨ ਲਈ ਤਿਆਰ ਰਹਿਣ ਦੀ ਲੋੜ ਹੈ।

*(ਲੇਖਕ ਮੈਂਬਰ, ਯੋਜਨਾ ਆਯੋਗ, ਨਵੀਂ ਦਿੱਲੀ ਹੈ।)*

*e-mail :bkchaturvedi@nic.in*

# ਭਾਰਤ ਵਿਚ ਕੁਸ਼ਲ-ਸ਼ਾਸਨ ਲਈ ਹੰਭਲਾ ਪ੍ਰਸ਼ਾਸਨਿਕ ਸੁਧਾਰਾਂ ਦੀਆਂ ਉੱਭਰਵੀਆਂ ਉਦਾਹਰਣਾਂ

**ਆਰ ਬੀ ਜੈਨ**

1947 ਵਿਚ ਬਸਤੀਵਾਦੀ ਹਕੂਮਤ ਤੋਂ ਆਜ਼ਾਦੀ ਪ੍ਰਾਪਤੀ ਅਤੇ 1950 ਵਿਚ ਲੋਕਤੰਤਰੀ ਸੰਵਿਧਾਨ ਲਾਗੂ ਹੋਣ ਤੋਂ ਲੈ ਕੇ ਭਾਰਤ ਨਵੇਂ ਹਾਲਾਤ ਦੇ ਅਨੁਸਾਰ ਆਪਣੇ ਪ੍ਰਬੰਧਕੀ ਢਾਂਚੇ ਵਿਚ ਸੁਧਾਰ ਲਿਆਉਣ ਲਈ ਗੰਭੀਰਤਾ ਨਾਲ ਯਤਨ ਕਰਦਾ ਆ ਰਿਹਾ ਹੈ ਤਾਂ ਜੋ ਆਜ਼ਾਦ ਭਾਰਤ ਦੇ ਨਾਗਰਿਕਾਂ ਦੀਆਂ ਆਸ਼ਾਵਾਂ 'ਤੇ ਖਰਾ ਉੱਤਰਿਆ ਜਾ ਸਕੇ। ਬਸਤੀਵਾਦੀ ਹਕੂਮਤ ਵੇਲੇ ਵੀ ਪ੍ਰਬੰਧਕੀ ਸੁਧਾਰਾਂ ਦੀਆਂ ਕੋਸ਼ਿਸ਼ਾਂ ਜ਼ਰੂਰ ਹੁੰਦੀਆਂ ਰਹੀਆਂ ਪਰ ਇਹ ਕੋਸ਼ਿਸ਼ਾਂ ਸਰਕਾਰ ਦੇ ਬਸਤੀਵਾਦੀ ਨਿਜ਼ਾਮ ਨੂੰ ਮਜ਼ਬੂਤ ਕਰਨ ਵਾਲੀਆਂ ਸਨ। ਆਜ਼ਾਦੀ ਤੋਂ ਬਾਅਦ ਸੁਸ਼ਾਸਨ ਲਈ ਸੁਧਾਰਾਂ ਦਾ ਇਕ ਦੌਰ ਚੱਲ ਪਿਆ। 1950 ਵਿਚ ਬਣੀ ਗੋਰਵਾਲਾ ਕਮੇਟੀ ਦੀ ਰਿਪੋਰਟ ਤੋਂ ਸ਼ੁਰੂ ਹੋ ਕੇ 1953 ਅਤੇ 1957 ਵਿਚ ਪੇਸ਼ ਕੀਤੀਆਂ ਗਈਆਂ ਐਪਲਬੀ ਰਿਪੋਰਟਾਂ ਦੇ ਮੱਦੇਨਜ਼ਰ 1964 ਵਿਚ ਇਕ ਉੱਚ-ਤਾਕਤੀ ਪਹਿਲਾ ਪ੍ਰਬੰਧਕੀ ਸੁਧਾਰ ਆਯੋਗ ਗਠਿਤ ਕੀਤਾ ਗਿਆ ਜਿਸ ਨੇ ਪ੍ਰਬੰਧਨ ਅਤੇ ਪ੍ਰਕਿਰਿਆਵਾਂ ਸੰਬੰਧੀ 20 ਰਿਪੋਰਟਾਂ ਪੇਸ਼ ਕੀਤੀਆਂ। ਭਾਰਤ ਸਰਕਾਰ ਸੁਸ਼ਾਸਨ ਦੇ ਅਣਦਿਸਦੇ ਮੰਤਵ ਦੀ ਪੂਰਤੀ ਲਈ ਯਤਨਸ਼ੀਲ ਹੈ। ਵੱਖ-ਵੱਖ ਕਾਰਨਾਂ ਕਰਕੇ, ਜਿਨ੍ਹਾਂ ਵਿਚ ਮੁੱਖ ਰਾਜਸੀ ਅਸਥਿਰਤਾ ਸੀ, 1970 ਅਤੇ 80 ਦੇ ਦਹਾਕਿਆਂ ਦੌਰਾਨ ਪ੍ਰਬੰਧਕੀ ਸੁਧਾਰਾਂ ਦੀ ਦਿਸ਼ਾ ਵਿਚ ਸਰਗਰਮੀਆਂ ਘੱਟ ਹੀ ਨਜ਼ਰ ਆਈਆਂ। ਜਿਹੜੀਆਂ ਬਾਅਦ ਵਿਚ ਸਿਧਾਂਤਕ ਅਤੇ ਵਿਹਾਰਕ ਕਾਰਨਾਂ ਕਰਕੇ ਤੇਜ਼ ਹੋ ਗਈਆਂ। ਇਨ੍ਹਾਂ ਸਰਗਰਮੀਆਂ ਦੇ ਤੇਜ਼ ਹੋਣ ਦਾ ਕਾਰਨ ਨਵੇਂ ਜਨਤਕ ਪ੍ਰਬੰਧਨ ਅਤੇ ਇਸ ਨਾਲ ਜੁੜੀਆਂ ਸਹਾਇਕ ਸਰਗਰਮੀਆਂ ਦਾ ਜਨਮ ਲੈਣਾ ਸੀ। ਇਸ ਤੋਂ ਬਾਅਦ ਡਾ. ਵੀਰੱਪਾ ਮੋਇਲੀ ਦੀ ਅਗਵਾਈ ਵਿਚ ਦੂਸਰਾ ਪ੍ਰਸ਼ਾਸਨਿਕ ਸੁਧਾਰਾਂ ਬਾਰੇ ਆਯੋਗ ਬਣਿਆ ਜਿਸ ਨੇ 2005 ਵਿਚ ਆਪਣੀ ਰਿਪੋਰਟ ਪੇਸ਼ ਕੀਤੀ। ਭਾਰਤ ਵਿਚ ਇਨ੍ਹਾਂ ਸਾਰੀਆਂ ਸਰਗਰਮੀਆਂ ਦਾ ਸ਼ਾਸਨ 'ਤੇ ਅਸਰ ਪਿਆ ਹੈ।

## ਨਵਾਂ ਜਨਤਕ ਪ੍ਰਬੰਧਨ ਉਦਾਹਰਣ ਤੇ ਭਾਰਤ 'ਚ ਸ਼ਾਸਨ

**1990 ਦੇ ਆਰੰਭ ਵਿਚ ਅਮਰੀਕਾ ਅਤੇ ਦੂਜੇ ਸੱਨਅਤੀ ਦੇਸ਼ਾਂ ਵਿਚ ਜਨਤਕ ਪ੍ਰਬੰਧਨ ਦੀ ਇਕ ਨਵੀਂ ਪ੍ਰਬੰਧਕੀ ਪਹੁੰਚ ਸਾਹਮਣੇ ਆਈ। ਜਨਤਕ ਪ੍ਰਬੰਧਨ ਦੇ ਵਿਸ਼ਵੀਕਰਨ ਨੇ ਨਵੇਂ ਜਨਤਕ ਪ੍ਰਬੰਧਨ ਦੇ ਸਿਧਾਂਤ ਨੂੰ ਫ਼ੈਲਾਇਆ ਅਤੇ ਇਸ ਤੋਂ ਉਪਜੇ ਸੁਧਾਰਾਂ ਦਾ ਅਸਰ ਵਿਕਾਸਸ਼ੀਲ ਦੇਸ਼ਾਂ ਵਿਚ ਵੀ ਹੋਇਆ। ਨਵੇਂ ਜਨਤਕ ਪ੍ਰਬੰਧਨ ਦੀ ਮਿਸਾਲ ਇਕ ਧਿਆਨ ਰੱਖਣ ਵਾਲੀ ਸਰਕਾਰ ਦੀ ਗੱਲ ਕਰਦੀ ਹੈ ਜੋ ਪਾਰਦਰਸ਼ੀ, ਲੋਕ ਮੁਖੀ, ਦ੍ਰਿੜ੍ਹ ਇੱਛਾ ਸ਼ਕਤੀ, ਜਵਾਬਦੇਹੀ, ਜ਼ਿੰਮੇਵਾਰੀ ਅਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੀ ਹੋਵੇ।**

## ਭਾਰਤ ਵਿਚ ਸ਼ਾਸਨ ਵਾਸਤੇ ਨਵੇਂ ਜਨਤਕ ਪ੍ਰਬੰਧਨ ਦੀ ਸ਼ੁਰੂਆਤ

ਇਨ੍ਹਾਂ ਸਰਗਰਮੀਆਂ ਦੇ ਅਸਰ ਹੇਠ 1990 ਦੇ ਦਹਾਕੇ ਦੌਰਾਨ ਭਾਰਤ ਸਰਕਾਰ ਨੇ ਪ੍ਰਬੰਧਕੀ ਪ੍ਰਣਾਲੀ ਦੇ ਪੁਨਰਗਠਨ ਅਤੇ ਇਸ ਨੂੰ ਨਵੀਂ ਦਿਸ਼ਾ ਦੇਣ ਦੀ ਲੋੜ ਮਹਿਸੂਸ ਕੀਤੀ ਅਤੇ ਜਨਤਕ ਪ੍ਰਬੰਧਨ ਵਾਸਤੇ ਚੰਗੇਰੀ ਜਨਤਕ ਪਹੁੰਚ ਦਾ ਮਾਨਕ ਮਾਡਲ ਅਪਣਾਉਣ 'ਤੇ ਜ਼ੋਰ ਦਿਤਾ। ਇਸ ਵਿਚ ਸ਼ਾਮਿਲ ਹੋਣਾ ਸੀ :

1) ਫ਼ੈਸਲਾ ਲੈਣ ਲਈ ਨਤੀਜਾ ਮੁਖੀ ਰਣਨੀਤੀ (ਕੁਸ਼ਲਤਾ, ਪ੍ਰਭਾਵਕਤਾ ਅਤੇ ਸੇਵਾਵਾਂ ਦਾ ਪੱਧਰ (2) ਸਰਕਾਰੀ ਅਦਾਰਿਆਂ ਅਤੇ ਦਫ਼ਤਰ ਦੇ ਕੰਮ ਕਰਨ ਦੇ ਵਾਤਾਵਰਨ ਵਿਚ ਸੁਧਾਰ ਲਿਆਉਣੇ ਤਾਂ ਜੋ ਇਕ ਨਵਾਂ ਕੰਮ ਸਭਿਆਚਾਰ ਨਜ਼ਰ ਆਏ ਅਤੇ ਪ੍ਰਬੰਧਨ ਦਾ ਬਦਲਿਆ ਵਤੀਰਾ ਨਜ਼ਰ ਆਏ ਜਿਸ ਵਿਚ ਪਾਰਦਰਸ਼ਤਾ, ਜ਼ਿੰਮੇਵਾਰੀ, ਜਵਾਬਦੇਹੀ, ਭਾਗੀਦਾਰੀ ਅਤੇ ਨਾਗਰਿਕ ਪੱਖੀ ਪ੍ਰਬੰਧਨ ਦੇ ਸਿਧਾਂਤ ਸ਼ਾਮਿਲ ਹੋਣ। (3) ਬਦਲੇ ਹੋਏ ਵਾਤਾਵਰਨ ਅਨੁਸਾਰ ਨੌਕਰਸ਼ਾਹੀ ਵਿਚ ਸੁਧਾਰ, ਇਸ ਦੇ ਵਤੀਰੇ ਵਿਚ ਤਬਦੀਲੀਆਂ। ਬਜਾਇ ਕਿ ਜਿਉਂ ਦੀ ਤਿਉਂ ਸਥਿਤੀ ਦੇ ਹਮਾਇਤੀ ਬਣਨ ਦੇ, ਇਹ ਮਹਿਸੂਸ ਹੋਣਾ ਚਾਹੀਦਾ ਹੈ ਕਿ ਵਿਸ਼ਵੀਕਰਨ, ਉਦਾਰਵਾਦ ਅਤੇ ਨਿੱਜੀਕਰਨ ਦੇ ਦੌਰ ਵਿਚ ਇਸ ਨੂੰ ਬਦਲਾਅ ਦੇ ਕਾਰਨ ਵਜੋਂ ਵੱਡੀ ਭੂਮਿਕਾ ਨਿਭਾਉਣੀ ਪਵੇਗੀ।

ਰਵਾਇਤੀ ਕਦਰਾਂ ਕੀਮਤਾਂ ਅਤੇ ਕੰਮ ਸੱਭਿਆਚਾਰ ਦੇ ਨਿਯਮਾਂ ਵਿਚ ਬਦਲਾਅ ਤੋਂ ਇਲਾਵਾ, ਇਸ ਨੂੰ ਨਵੀਆਂ ਤਕਨੀਕਾਂ, ਪ੍ਰਾਪਤੀਆਂ ਅਤੇ ਮੁਕਾਬਲੇ ਦੀਆਂ ਕਦਰਾਂ-ਕੀਮਤਾਂ, ਬਰਾਬਰੀ, ਸਮਤਾਵਾਦ ਅਤੇ ਵਡੇਰੇ ਸਮੂਹਿਕ, ਸਮਾਜਿਕ ਟੀਚਿਆਂ ਨੂੰ ਅਪਣਾਉਣ ਲਈ ਇੱਛਾ ਸ਼ਕਤੀ ਦਾ ਪ੍ਰਗਟਾਵਾ ਕਰਨਾ ਪਵੇਗਾ।

## ਭਾਰਤ ਦੇ ਸ਼ਾਸਨ ਸੰਬੰਧੀ ਤਜਰਬੇ ਅਤੇ 21ਵੀਂ ਸਦੀ ਦੀਆਂ ਬਰੂਹਾਂ 'ਤੇ ਪ੍ਰਬੰਧਕੀ ਵਿਕਾਸ

ਜਿਵੇਂ ਕਿ ਲੇਖਕ ਵਲੋਂ ਕਿਸੇ ਹੋਰ ਥਾਂ ਬਹੁਤ ਜ਼ੋਰ ਦੇ ਕੇ ਸੁਝਾਇਆ ਗਿਆ ਸੀ (ਜੈਨ, 2001) ਕਿ ਹਮੇਸ਼ਾ ਸਰਕਾਰ ਦੀਆਂ ਅਸਫਲਤਾਵਾਂ ਲਈ ਇਸ ਦੇ ਢਾਂਚਾਗਤ ਪੱਖਾਂ ਨੂੰ ਦੋਸ਼ੀ ਠਹਿਰਾਉਣਾ ਗਲਤ ਹੋਵੇਗਾ। ਸਰਕਾਰ ਦੀ ਮਸ਼ੀਨਰੀ ਅਤੇ ਪ੍ਰਬੰਧਨ ਵਿਚ 60 ਸਾਲ ਤੋਂ ਵੱਧ ਸਮੇਂ ਤੋਂ ਹੋਣ ਵਾਲੀ ਘਸਾਈ ਨੂੰ ਵੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਦਾ ਸਰਕਾਰੀ ਢਾਂਚਾ ਸਿਰਫ਼ ਜਿਉਂਦਾ ਰਹਿ ਸਕਿਆ ਹੈ ਪਰ ਇਸ ਨੇ ਸਮੇਂ ਦੇ ਥਪੇੜਿਆਂ ਦਾ ਵੀ ਬਾਖੂਬੀ ਸਾਹਮਣਾ ਕੀਤਾ ਹੈ ਮੁਕਾਬਲਤਨ ਬਹੁਤ ਸਾਰੇ ਦੂਸਰੇ ਵਿਕਾਸਸ਼ੀਲ ਦੇਸ਼ਾਂ ਦੇ ਜਿਥੇ ਅਜਿਹਾ ਢਾਂਚਾ ਪੂਰੀ ਤਰ੍ਹਾਂ ਨਸ਼ਟ ਹੋ ਗਿਆ ਹੈ। ਫਿਰ ਵੀ, ਜਿਉਂਦਾ ਰਹਿਣ ਦੇ ਬਾਵਜੂਦ, ਪ੍ਰਬੰਧ ਵਿਚ ਬਹੁਤ ਸਾਰੀਆਂ ਖਾਮੀਆਂ ਉਤਪੰਨ ਹੋ ਗਈਆਂ ਹਨ ਜਿਸ ਨਾਲ ਵੁਡਰੋ ਵਿਲਸਨ ਦੇ ਇਸ ਕਥਨ ਨੂੰ ਬਲ ਮਿਲਦਾ ਹੈ ਕਿ "ਸੰਵਿਧਾਨ ਬਣਾਉਣ ਨਾਲੋਂ ਇਸ ਨੂੰ ਲਾਗੂ ਕਰਨਾ ਬਹੁਤ ਮੁਸ਼ਕਿਲ ਹੈ।" ਇਸ ਪਤਨ ਦਾ ਸਭ ਤੋਂ ਪ੍ਰਮੁੱਖ ਅਤੇ ਬੁਨਿਆਦੀ ਕਾਰਨ ਹੈ ਰਾਜਨੀਤਕ ਅਤੇ ਪ੍ਰਬੰਧਕੀ ਕੁਲੀਨ ਵਰਗ ਵਲੋਂ ਅਪਣਾਇਆ ਗਿਆ ਕਦਰਾਂ-ਕੀਮਤਾਂ ਦਾ ਦੋਹਰਾ ਮਾਪਦੰਡ, ਜਿਸ ਦੀ ਸਿਸਟਮ ਨੂੰ ਲਾਗੂ ਕਰਨ ਦੀ ਮੁੱਖ ਜ਼ਿੰਮੇਵਾਰੀ ਹੁੰਦੀ ਹੈ।

ਦੂਸਰਾ, ਭਾਰਤ ਵਿਚ ਜ਼ਿੰਦਗੀ ਦੇ ਹਰ ਵਰਗ ਤੋਂ ਆਉਣ ਵਾਲੇ ਲੋਕਾਂ ਵਿਚ ਈਰਖਾ ਦੀ ਭਾਵਨਾ ਪ੍ਰਬਲ ਹੋਣਾ ਜੋ ਸੰਵਿਧਾਨਕ ਹੱਕਾਂ ਅਤੇ ਪ੍ਰਬੰਧਕੀ ਲਾਭਾਂ ਦੀ ਥਾਂ 'ਤੇ ਆਪਣੇ ਫ਼ਰਜ਼ਾਂ ਵੱਲ ਪੂਰਾ ਧਿਆਨ ਨਹੀਂ ਦਿੰਦੇ। ਭਾਰਤ ਦੇ ਲੋਕਾਂ ਦੀ ਬਰਦਾਸ਼ਤ ਕਰਨ ਦੀ ਸਮਰੱਥਾ, ਜੋ ਉਨ੍ਹਾਂ ਦੇ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਵਤੀਰੇ ਦਾ ਪਿਛਲੇ ਦੋ ਦਹਾਕਿਆਂ ਤੋਂ ਵਿਸ਼ੇਸ਼ ਮੰਗ ਕਰ ਰਿਹਾ ਹੈ। ਉਹ ਸੱਤਾ ਦੇ ਸੰਘਰਸ਼ ਵਿਚ ਕਿਧਰੇ ਗੁਆਚ ਗਿਆ ਜਾਪਦਾ ਹੈ। ਤੀਸਰਾ, ਵਿਧਾਨਕਾਰਾਂ ਅਤੇ ਪ੍ਰਬੰਧਕਾਂ ਵਲੋਂ ਜਵਾਬਦੇਹੀ ਅਤੇ ਜ਼ਿੰਮੇਵਾਰੀ ਦੀ ਧਾਰਨਾ ਤੋਂ ਕਿਨਾਰਾ ਕਰਨ ਨਾਲ ਇਕ ਜ਼ਿੰਮੇਵਾਰ ਸਰਕਾਰ ਦੇ ਅਕਸ ਨੂੰ ਵੱਡੀ ਢਾਅ ਲੱਗੀ ਹੈ। ਰਾਜਨੀਤਕ ਭਾਸ਼ਣ ਅਤੇ ਬਹਿਸ ਤਾਂ ਹੋਈ ਹੈ ਪਰ ਨਾਗਕਿਰਾਂ ਦੇ ਹੱਕਾਂ ਅਤੇ ਇੱਛਾਵਾਂ ਦੇ ਮਾਮਲੇ ਵਿਚ ਕੋਈ ਖ਼ਾਸ ਪ੍ਰਾਪਤੀ ਨਹੀਂ ਹੋਈ। ਅਨੇਕ ਵੱਡੀਆਂ ਨੀਤੀਆਂ, ਯੋਜਨਾਵਾਂ, ਪ੍ਰੋਗਰਾਮ ਅਤੇ ਪ੍ਰਾਜੈਕਟ ਹਨ ਜੋ ਬਣਾਉਣ ਲਈ ਅਸੀਂ ਕਾਹਲੇ ਹੁੰਦੇ ਹਾਂ ਪਰ ਇਨ੍ਹਾਂ ਮੱਦਾਂ ਨੂੰ ਲਾਗੂ ਕਰਨ ਦੀ ਨਾ ਸਾਡੇ ਕੋਲ ਯੋਜਨਾ ਹੈ, ਨਾ ਇੱਛਾ ਸ਼ਕਤੀ। ਨਤੀਜੇ ਦੇ ਤੌਰ ਤੇ ਤਰੱਕੀ ਅਤੇ ਵਿਕਾਸ ਦੇ ਖੇਤਰ ਵਿਚ ਜਾਂ ਤਾਂ ਖੜੋਤ ਹੈ ਜਾਂ ਬਹੁਤ ਮੱਠਾ ਵਿਕਾਸ ਹੋ ਰਿਹਾ ਹੈ। ਇਸ ਸਭ ਕੁਝ ਤੋਂ ਉੱਤੇ, ਭਾਰਤ ਵਿਚ ਨੌਕਰਸ਼ਾਹੀ ਨਾਗਰਿਕਾਂ ਦੀਆਂ ਸਮੱਸਿਆਵਾਂ ਤੋਂ ਅਣਭਿੱਜ, ਸੁਸਤ ਅਤੇ ਕਿਸੇ ਹੱਦ ਤਕ ਅਮਾਨਵੀ ਹੈ। ਹੋਰ ਮਾੜੀ ਗੱਲ, ਇਸ ਨੂੰ ਵਿਸ਼ਵ ਭਰ ਦੀਆਂ ਨੌਕਰਸ਼ਾਹੀਆਂ ਵਿਚ ਸਭ ਤੋਂ ਭ੍ਰਿਸ਼ਟ ਵੀ ਆਖਿਆ ਜਾਂਦਾ ਹੈ।

**ਚੌਥਾ, ਭਾਰਤ ਵਿਚ ਗਰੀਬ ਹਾਲੇ ਵੀ ਗਰੀਬ ਹਨ ਅਤੇ ਅੰਕੜਿਆਂ ਦੇ ਹਿਸਾਬ ਨਾਲ ਇਨ੍ਹਾਂ ਦੀ ਗਿਣਤੀ ਵਧੀ ਹੈ। ਆਬਾਦੀ ਵਿਚ ਵਾਧੇ ਨੇ ਆਰਥਿਕ ਪ੍ਰਾਪਤੀਆਂ ਦੀ ਮਿੱਝ ਕੱਢ ਦਿਤੀ ਹੈ। ਭਾਵੇਂ ਕਿ ਭਾਰਤ ਵਿਚ ਇਕ ਮਜ਼ਬੂਤ ਦਰਮਿਆਨਾ ਤਬਕਾ, ਤਰੱਕੀ ਕਰ ਰਿਹਾ ਸਾਫਟਵੇਅਰ ਉਦਯੋਗ ਅਤੇ ਪ੍ਰਮਾਣੂ ਸਮਰੱਥਾ ਹੈ ਪਰ ਭਾਰਤ ਦੇ ਨਾਗਰਿਕਾਂ ਦੀ ਇਕ ਵੱਡੀ ਗਿਣਤੀ ਬੇਹੱਦ ਗਰੀਬੀ ਅਤੇ ਵੰਚਤ ਹੋਣ ਦੀ ਦਿਸ਼ਾ ਵਿਚ ਆਪਣੀ ਉਪਜੀਵਕਾ ਕਮਾ ਰਹੀ ਹੈ।**

ਸਰਕਾਰ ਦੀ ਕੰਮ ਕਰਨ ਦੀ ਸਮਰਥਾ ਹਾਲੇ ਵੀ ਕਮਜ਼ੋਰ ਹੈ, ਜਨਤਕ ਨਿਵੇਸ਼ ਅਤੇ ਵਿਕਾਸ ਲਈ ਸਰੋਤਾਂ ਦੀ ਹਾਲੇ ਵੀ ਘਾਟ ਹੈ, ਸਥਾਨਕ ਅਧਿਕਾਰ ਖੇਤਰਾਂ ਦਾ ਖ਼ਾਸ ਤੌਰ ਤੇ ਮੰਦਾ ਹਾਲ ਹੈ। ਸਿੱਖਿਆ, ਸਿਹਤ, ਕਲਿਆਣ, ਢਾਂਚਾ ਅਤੇ ਬਹੁਤ ਹੀ ਜ਼ਰੂਰੀ - ਪੀਣ ਵਾਲੇ ਸਾਫ਼ ਪਾਣੀ ਦੀ ਲੋੜ ਜਿਹੀਆਂ ਬਹੁਤ ਹੀ ਬੁਨਿਆਦੀ ਲੋੜਾਂ ਹਾਲੇ ਵੀ ਪੂਰੀਆਂ ਨਹੀਂ ਹੋ ਰਹੀਆਂ। ਅਸਲ ਵਿਚ, ਬਹੁਤ ਸਾਰੇ ਗਰੀਬ ਇਕ ਦਹਾਕਾ ਪਹਿਲਾਂ ਨਾਲੋਂ ਹੋਰ ਵੀ ਬਦਤਰ ਹਾਲਾਤ ਵਿਚ ਹਨ। ਕੋਈ ਅਸਚਰਜ ਨਹੀਂ ਕਿ ਯੂ ਐਨ ਡੀ ਪੀ ਵਲੋਂ ਹਰੇਕ ਸਾਲ ਮਨੁੱਖੀ ਵਿਕਾਸ ਬਾਰੇ ਤਿਆਰ ਕੀਤੀ ਰਿਪੋਰਟ ਵਿਚ ਭਾਰਤ ਦਾ ਸਥਾਨ ਬਹੁਤ ਹੇਠਾਂ ਹੈ।

## ਕੁਸ਼ਲ-ਸ਼ਾਸਨ ਲਈ ਰਣਨੀਤੀਆਂ

ਇਨ੍ਹਾਂ ਸਰਗਰਮੀਆਂ ਦੀ ਰੌਸ਼ਨੀ ਵਿਚ ਜੋ ਬੁਨਿਆਦੀ ਸਵਾਲ ਖੜ੍ਹਾ ਹੁੰਦਾ ਹੈ, ਉਹ ਹੈ ਅਜਿਹੀਆਂ ਰਣਨੀਤੀਆਂ ਬਣਾਈਆਂ ਜਾਣ ਜੋ ਭਾਰਤ ਵਾਸਤੇ ਲਾਹੇਵੰਦ ਹੋਣ ਅਤੇ ਜਿਨ੍ਹਾਂ ਨਾਲ ਨਿਰੰਤਰ ਵਿਕਾਸ ਦੀ ਰਾਹ 'ਤੇ ਅੱਗੇ ਵਧਿਆ ਜਾ ਸਕੇ। ਸੰਸਥਾਗਤ ਅਤੇ ਢਾਂਚਾਗਤ ਖੋਜਾਂ, ਜੋ ਇਕ ਚੰਗੇ ਸ਼ਾਸਨ ਦਾ ਆਧਾਰ ਬਣਦੀਆਂ ਹਨ, ਤੋਂ ਇਲਾਵਾ, ਇਕ ਭ੍ਰਿਸ਼ਟਾਚਾਰ ਮੁਕਤ ਨਿਰੰਤਰ ਵਿਕਾਸ ਲਈ 'ਨੈਤਿਕ ਦ੍ਰਿੜ੍ਹਤਾ' ਦੀ ਲੋੜ ਹੁੰਦੀ ਹੈ (ਦਿਵੇਦੀ, 1987, 607-9 ਅਤੇ 2001)। ਸ਼ਾਸਨ ਵਿਚ ਉਸ ਮੌਲਿਕ ਦ੍ਰਿੜ੍ਹਤਾ ਦੀ ਪਛਾਣ ਨਾਲ ਇਹ ਨਿਰਦੇਸ਼ਿਤ ਹੋ ਜਾਂਦਾ ਹੈ ਕਿ ਸ਼ਾਸਨ ਕਰਨ ਵਾਲਿਆਂ ਨੂੰ ਲੋਕ ਭਲਾਈ ਵਾਸਤੇ ਆਪਣੀਆਂ ਕੋਸ਼ਿਸ਼ਾਂ ਕਿਸ ਦਿਸ਼ਾ ਵੱਲ ਸੇਧਿਤ ਕਰਨੀਆਂ ਚਾਹੀਦੀਆਂ ਹਨ, ਜੋ ਉਹ ਆਪਣੀਆਂ ਸਮਾਜ ਦੀ ਸੇਵਾ ਕਰਨ ਦੀਆਂ ਭਾਵਨਾਵਾਂ ਨੂੰ ਸਹੀ ਠਹਿਰਾਉਣਾ ਚਾਹੁੰਦੇ ਹਨ। ਉਹ ਦਿਸ਼ਾ 'ਨਿੱਜੀ' ਨੈਤਿਕ ਜ਼ਿੰਮੇਵਾਰੀ ਅਤੇ ਜਵਾਬਦੇਹੀ, ਤਿਆਗ, ਦਇਆ, ਨਿਆਂ ਅਤੇ ਸਾਂਝੇ ਟੀਚੇ ਦੀ ਪ੍ਰਾਪਤੀ ਦੀ ਮੰਗ ਕਰਦੀ ਹੈ। ਆਖਰ ਨੂੰ, ਇਹ ਨੈਤਿਕ ਦ੍ਰਿੜ੍ਹਤਾ ਹੀ ਹੈ ਜੋ ਭ੍ਰਿਸ਼ਟਾਚਾਰ ਮੁਕਤ ਨਿਰੰਤਰ ਵਿਕਾਸ ਲਈ ਸੁਸ਼ਾਸਨ ਦੀ ਨੀਂਹ ਬਣਦੀ ਹੈ।

***ਚੰਗੇ ਸ਼ਾਸਨ ਲਈ ਨਿਯਮਾਵਲੀ ਮਾਡਲ ਨੂੰ ਅਪਣਾਉਣਾ :*** ਇਸ ਕਰਕੇ ਹੁਣ ਵੇਲੇ ਦੀ ਲੋੜ ਜਾਪਦੀ ਹੈ ਕਿ ਚੰਗੀ ਪ੍ਰਬੰਧਨ ਪਹੁੰਚ ਲਈ ਨਿਯਮਾਵਲੀ ਮਾਡਲ ਅਪਣਾਇਆ ਜਾਵੇ ਜਿਸ ਵਿਚ ਰਾਜਨੀਤਕ-ਪ੍ਰਬੰਧਕੀ ਅਤੇ ਚੰਗੇ ਸ਼ਾਸਨ ਲਈ ਨੈਤਿਕ ਕਦਰਾਂ ਕੀਮਤਾਂ ਵੀ ਸ਼ਾਮਿਲ ਹੋਣ। ਜਿਸ ਵਿਚ :

- ਫ਼ੈਸਲਾ ਲੈਣ ਲਈ ਜ਼ਿਆਦਾ ਰਣਨੀਤਕ ਜਾਂ ਨਤੀਜਾ ਮੁਖੀ (ਕੁਸ਼ਲਤਾ, ਪ੍ਰਭਾਵੀ ਅਤੇ ਸੇਵਾ ਦਾ ਪੱਧਰ) ਪਹੁੰਚ ਅਪਣਾਈ ਜਾਵੇ।
- ਬਹੁਤ ਜ਼ਿਆਦਾ ਕੇਂਦਰੀਕ੍ਰਿਤ ਸੰਸਥਾਗਤ ਢਾਂਚੇ ਨੂੰ ਵਿਕੇਂਦਰੀਕ੍ਰਿਤ ਪ੍ਰਬੰਧਨ ਵਾਤਾਵਰਨ ਨਾਲ ਬਦਲਨਾ ਜੋ ਨਵੇਂ ਪੇਂਡੂ, ਸ਼ਹਿਰੀ ਅਤੇ ਨਗਰਪਾਲਿਕਾ ਅਦਾਰਿਆਂ ਨਾਲ ਇਕਮਿਕ ਹੋ ਸਕੇ ਜਿਥੇ ਸਰੋਤਾਂ ਦੀ ਵੰਡ ਅਤੇ ਸੇਵਾਵਾਂ ਪ੍ਰਦਾਨ ਕਰਨ ਸੰਬੰਧੀ ਫ਼ੈਸਲੇ ਸੇਵਾ ਦੇਣ ਵਾਲੇ ਅਖੀਰਲੇ ਬਿੰਦੂ 'ਤੇ ਲਏ ਜਾਂਦੇ ਹਨ।

● ਸਿੱਧੇ ਜਨਤਕ ਪ੍ਰਾਵਧਾਨ ਦੀ ਭਾਲ ਲਈ ਲਚਕੀਲਾਪਨ ਜਿਸ ਨਾਲ ਨੀਤੀਗਤ ਫ਼ੈਸਲੇ ਕਿਫ਼ਾਇਤੀ ਹੋ ਸਕਦੇ ਹਨ।

● ਸੱਤਾ ਅਤੇ ਜ਼ਿੰਮੇਵਾਰੀ ਦੇ ਸੁਮੇਲ 'ਤੇ ਕੇਂਦਰਿਤ ਕਰਨਾ ਜੋ ਕਾਰਜ ਕੁਸ਼ਲਤਾ ਵਧਾਉਣ, ਜਿਸ ਵਿਚ ਸਪੱਸ਼ਟ ਕੁਸ਼ਲਤਾ ਦਾ ਵਿਧਾਨ ਸ਼ਾਮਿਲ ਹੈ, ਵਿਚ ਸਹਾਈ ਹੋ ਸਕੇ।

● ਜਨਤਕ ਸੇਵਾਵਾਂ ਦੇ ਅਦਾਰਿਆਂ ਦੇ ਅੰਦਰ ਅਤੇ ਆਪਸ ਵਿਚ ਮੁਕਾਬਲੇਬਾਜ਼ੀ ਦਾ ਵਾਤਾਵਰਨ ਤਿਆਰ ਕਰਨਾ।

● ਕੇਂਦਰ ਵਿਚ ਰਣਨੀਤਕ ਸਮਰਥਾਵਾਂ ਨੂੰ ਮਜ਼ਬੂਤ ਕਰਨਾ ਤਾਂ ਜੋ ਸਰਕਾਰ ਬਾਹਰੀ ਬਦਲਾਵਾਂ ਅਤੇ ਵਿਭਿੰਨ ਹਿਤਾਂ ਪ੍ਰਤਿ ਜਲਦੀ ਕਾਰਵਾਈ ਕਰ ਸਕੇ, ਲਚਕੀਲੇਪਨ ਅਤੇ ਕਿਫ਼ਾਇਤ ਨਾਲ;

● ਲੋਕਾਂ ਦੇ ਮਾਧਿਅਮ ਤੋਂ ਜ਼ਿਆਦਾ ਜਵਾਬਦੇਹੀ ਅਤੇ ਪਾਰਦਰਸ਼ਤਾ ਤਾਂ ਕਿ ਨਤੀਜਿਆਂ ਅਤੇ ਹੋਏ ਖਰਚਿਆਂ ਬਾਰੇ ਪੂਰੀ ਜਾਣਕਾਰੀ ਮਿਲ ਸਕੇ।

● ਇਨ੍ਹਾਂ ਬਦਲਾਵਾਂ ਦੇ ਹੱਕ ਵਿਚ ਸੇਵਾਵਾਂ ਅਨੁਸਾਰ ਬਜਟ ਅਤੇ ਪ੍ਰਬੰਧਨ ਦਾ ਢਾਂਚਾ ਬਣਾਉਣਾ;

● ਖੋਜਾਂ ਨੂੰ ਸਵੀਕਾਰ ਕਰਨਾ, ਰਾਜਨੀਤਕ ਅਤੇ ਪ੍ਰਬੰਧਕੀ ਪੱਧਰ 'ਤੇ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਢੁਕਵਾਂ ਢਾਂਚਾ ਤਿਆਰ ਕਰਨਾ ਅਤੇ ਨਾਗਰਿਕਾਂ ਦੀਆਂ ਸ਼ਿਕਾਇਤਾਂ ਦੇ ਨਿਵਾਰਨ ਦੇ ਸਿਸਟਮ ਨੂੰ ਮਜ਼ਬੂਤ ਕਰਨਾ

● ਪ੍ਰਬੰਧਨ ਦੇ ਪੱਧਰ 'ਤੇ ਸੇਵਾਵਾਂ ਪ੍ਰਦਾਨ ਕਰਨ ਦੀ ਪ੍ਰਣਾਲੀ ਵਿਚ ਸੁਧਾਰ ਕਰਨ ਲਈ ਪੁਰਾਤਨ ਨੌਕਰਸ਼ਾਹੀ ਦੀਆਂ ਪ੍ਰਕਿਰਿਆਵਾਂ ਦੇ ਕੁੱਝ ਨਿਯਮਾਂ ਨੂੰ ਨਵੀਂ ਜਨਤਕ ਪ੍ਰਬੰਧਨ ਪ੍ਰਣਾਲੀ ਵਿਚ ਜਜ਼ਬ ਕਰਨਾ ਅਤੇ

● ਸਰਕਾਰੀ ਅਦਾਰਿਆਂ ਅਤੇ ਦਫ਼ਤਰਾਂ ਦੇ ਕੰਮ ਕਰਨ ਦੇ ਮਾਹੌਲ ਵਿਚ ਸੁਧਾਰ ਲਿਆਉਣੇ ਤਾਂ ਕਿ ਇਕ ਨਵਾਂ 'ਕੰਮ ਸਭਿਆਚਾਰ' ਸਾਹਮਣੇ ਆਵੇ ਅਤੇ ਪਾਰਦਰਸ਼ਤਾ, ਜ਼ਿੰਮੇਵਾਰੀ, ਜਵਾਬਦੇਹੀ, ਭਾਗੀਦਾਰੀ ਅਤੇ ਨਾਗਰਿਕ ਪੱਖੀ ਪ੍ਰਬੰਧਨ ਨਾਲ ਸੁਮੇਲ ਖਾਂਦੇ ਪ੍ਰਬੰਧਨ ਦੇ ਸੁਭਾਅ ਨੂੰ ਅਪਨਾਇਆ ਜਾ ਸਕੇ।

***ਜਨਤਕ-ਨਿੱਜੀ ਖੇਤਰ ਦੀ ਸਾਂਝ :*** ਇਸ ਵਿਚ ਕੋਈ ਸ਼ੱਕ ਨਹੀਂ ਕਿ ਵਿਸ਼ਵੀਕਰਨ ਅਤੇ ਇਸ ਤੋਂ ਉਪਜੇ ਆਰਥਿਕ ਅਤੇ ਤਕਨੀਕੀ ਬਦਲਾਵਾਂ ਨੇ ਅਜੋਕੀ ਸ਼ਾਸਨ ਪੱਧਤੀ 'ਤੇ ਕਾਫ਼ੀ ਅਸਰ ਪਾਇਆ ਹੈ। ਵਿਦਵਾਨ ਦਲੀਲ ਦਿੰਦੇ ਹਨ ਕਿ ਅੰਤਰਰਾਸ਼ਟਰੀ ਵਾਤਾਵਰਨ ਵਿਚ ਸ਼ਾਸਨ ਦੀ ਅਸਲ ਪੱਧਤੀ ਨੂੰ ਜਨਤਾ ਅਤੇ ਨਿੱਜੀ ਪਾਤਰਾਂ ਦੇ ਆਪਣੇ ਸਹਿਯੋਗ ਨਾਲ ਜੋੜਿਆ ਜਾ ਸਕਦਾ ਹੈ ਜੋ ਰਣਨੀਤਕ ਸਮੂਹਾਂ ਦੇ ਸਹਾਰੇ ਟਿਕਿਆ ਹੁੰਦਾ ਹੈ ਜਿਸ ਵਿਚ ਜਨਤਕ ਵਸਤਾਂ 'ਤੇ ਜ਼ਿਆਦਾ ਜ਼ੋਰ ਦਿਤਾ ਜਾਂਦਾ ਹੈ। ਇਸ ਕਰਕੇ ਇਹ ਗੰਭੀਰ ਸਵਾਲ ਮਹੱਤਵਪੂਰਨ ਬਣ ਜਾਂਦਾ ਹੈ; ਇਹ ਯਕੀਨੀ ਬਣਾਉਣਾ ਕਿ ਕਿਵੇਂ ਸੰਭਵ ਹੋਵੇ ਕਿ ਨਿੱਜੀ ਸ਼ਾਸਨ ਸਰਗਰਮੀਆਂ ਸਮਾਜ ਦੇ ਵਧੇਰੇ ਹਿਤਾਂ ਪ੍ਰਤਿ ਜ਼ਿੰਮੇਵਾਰੀ ਵਾਲੀਆਂ ਹੋਣ? (ਕਨਿੱਲ ਅਤੇ ਲੇਮਕੁਹਲ, 2002, 57-58)। ਇਸ ਕਰਕੇ ਜਵਾਬਦੇਹੀ ਦਾ ਸਵਾਲ ਇਕ ਮੁੱਖ ਮੁੱਦਾ ਬਣ ਜਾਂਦਾ ਹੈ ਅਤੇ ਸੁਸ਼ਾਸਨ ਦਾ ਮੁੱਦਾ ਵੀ।

**ਅੱਜਕੱਲ੍ਹ ਇਕ ਨਵੇਂ ਮਾਡਲ ਦੀ ਵੀ ਚਰਚਾ ਹੋ ਰਹੀ ਹੈ ਜਿਸ ਨੂੰ ਜਨਤਕ-ਨਿੱਜੀ ਸਮੁਦਾਇਕ ਭਾਈਚਾਰਾ ਵੀ ਆਖਿਆ ਜਾਂਦਾ ਹੈ ਜਿਸ ਤਹਿਤ ਸਰਕਾਰ ਅਤੇ ਨਿੱਜੀ ਸਮੂਹ ਸਮਾਜ ਭਲਾਈ ਅਤੇ ਨਿੱਜੀ ਸਮੂਹਾਂ ਦੇ ਸਿਰਫ਼ ਮੁਨਾਫ਼ਾ ਕਰਾਉਣ ਨੂੰ ਖਤਮ ਕਰਨ ਲਈ ਮਿਲ ਕੇ ਕੰਮ ਕਰਦੇ ਹਨ। ਇਹ ਮਾਡਲ ਵਿਕਾਸਸ਼ੀਲ ਦੇਸ਼ਾਂ, ਭਾਰਤ ਸਮੇਤ, ਵਿਚ ਜ਼ਿਆਦਾ ਲਾਗੂ ਕੀਤਾ ਜਾ ਰਿਹਾ ਹੈ। ਇਸ ਮਾਡਲ ਰਾਹੀਂ ਵੀ ਸਫਲਤਾ ਪ੍ਰਾਪਤ ਹੋ ਰਹੀ ਹੈ। ਇਹ ਮੁੱਖ ਤੌਰ ਤੇ ਵਿਕਾਸ ਪ੍ਰਕਿਰਿਆਵਾਂ ਨੂੰ ਤੇਜ਼ ਕਰਨ ਵਿਚ ਸਹਾਈ ਹੁੰਦਾ ਹੈ ਕਿਉਂਕਿ ਸਾਰਾ ਧਿਆਨ ਮੁਨਾਫ਼ਾ ਕਮਾਉਣ ਤੋਂ ਹਟ ਕੇ ਮੰਤਵ ਪੂਰਤੀ ਵੱਲ ਲੱਗ ਜਾਂਦਾ ਹੈ। ਇਹ ਗ਼ੈਰ-ਮੁਨਾਫ਼ੇ ਵਾਲੀਆਂ ਸੰਸਥਾਵਾਂ ਖ਼ਾਸ ਉਤਸ਼ਾਹਤ ਅਤੇ ਵਿੱਤੀ ਰੁਕਾਵਟਾਂ ਨੂੰ ਦੂਰ ਕਰਕੇ ਜਨਤਕ ਅਤੇ ਨਿੱਜੀ ਖੇਤਰ ਵਿਚਲੇ ਪਾੜੇ ਨੂੰ ਮਿਟਾਉਣ ਵਿਚ ਸਹਾਈ ਹੁੰਦੀਆਂ ਹਨ ਤਾਂ ਜੋ ਸੁਰੱਖਿਅਤ ਅਤੇ ਪ੍ਰਭਾਵੀ ਦਵਾਈਆਂ ਅਤੇ ਦੂਜੇ ਉਤਪਾਦਾਂ ਦੇ ਵਿਕਾਸ ਲਈ ਉਦਯੋਗਾਂ ਦੀ ਸ਼ਮੂਲੀਅਤ ਵਧ ਸਕੇ।**

***ਕੁਸ਼ਲ-ਸ਼ਾਸਨ ਲਈ ਜਵਾਬਦੇਹੀ ਇਕ ਮੁਢਲੀ ਜ਼ਰੂਰਤ :*** ਜੇ ਜਵਾਬਦੇਹੀ ਦੀ ਧਾਰਨਾ ਜਨਤਕ ਸੇਵਾਵਾਂ ਅਤੇ ਹੋਰ ਦੂਜੀਆਂ ਗ਼ੈਰ ਸਰਕਾਰੀ ਸੰਸਥਾਵਾਂ ਦੇ ਅਹੁਦੇਦਾਰਾਂ, ਜੋ ਇਹ ਸੇਵਾਵਾਂ ਪ੍ਰਦਾਨ ਕਰਦੇ ਹਨ, ਦੀ ਜ਼ਿੰਮੇਵਾਰੀ ਵੱਲ ਇਸ਼ਾਰਾ ਕਰਦੇ ਹਨ ਤਾਂ ਲੋੜ ਹੈ ਬਹੁ-ਵਿਧ ਤਰੀਕਿਆਂ ਦੀ ਤਾਂ ਕਿ ਪਤਾ ਲੱਗ ਸਕੇ ਵੱਖ-ਵੱਖ ਸੰਸਥਾਵਾਂ ਕਿਸ ਪ੍ਰਕਾਰ ਪ੍ਰਤਿਕਿਰਿਆ ਕਰਦੀਆਂ ਹਨ। ਜਵਾਬਦੇਹੀ ਤੈ ਕਰਨ ਦੇ ਰਵਾਇਤੀ ਤਰੀਕੇ ਜ਼ਰੂਰੀ ਨਹੀਂ ਜਵਾਬਦੇਹੀ ਸੱਭਿਆਚਾਰ ਦੀ ਸਹੀ ਤਸਵੀਰ ਪੇਸ਼ ਕਰਦੇ ਹੋਣ। ਜਦ ਕਿ ਸੇਵਾਵਾਂ ਪ੍ਰਦਾਨ ਕਰਨ ਦਾ ਸਿਸਟਮ ਹੋਰ ਜ਼ਿਆਦਾ ਪੇਚੀਦਗੀਆਂ ਵੱਲ ਵਧ ਰਿਹਾ ਹੈ ਤਾਂ ਦੂਸਰੇ ਪੱਧਰਾਂ 'ਤੇ ਵੀ ਜਵਾਬਦੇਹੀ ਦੀ ਪ੍ਰਕਿਰਿਆ ਵਿਚ ਨਵੀਂ ਉਤਪੱਤੀ, ਅਨੁਕੂਲਣ, ਅਤੇ ਕੁਝ ਮਾਮਲਿਆਂ ਵਿਚ ਸੰਸਥਾਗਤ ਵਿਕਾਸ ਦੇ ਪਹਿਲੂ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ। ਸੰਸਦੀ ਕਮੇਟੀਆਂ, ਲੋਕਪਾਲ ਆਦਿ ਦੀ ਮਜ਼ਬੂਤ ਭੂਮਿਕਾ ਨਾਲ ਉਪਰ ਤੋਂ ਹੇਠਾਂ ਤਕ ਤਾਕਤ ਵਿਚ ਸੁਧਾਰ ਹੋ ਸਕਦਾ ਹੈ। ਸੱਜੇ ਤੋਂ ਖੱਬੇ ਜਵਾਬਦੇਹੀ ਤੈ ਕਰਨ ਦੇ ਯੰਤਰ ਮੁਕਾਬਲੇਬਾਜ਼ੀ ਦੀ ਪ੍ਰਣਾਲੀ ਅਤੇ ਦੂਜੇ ਸਮੂਹਿਕ ਤਰੀਕੇ ਇਸਤੇਮਾਲ ਕਰਨ ਲਈ ਵੱਖਰੇ ਹੋਣਗੇ। ਇਨ੍ਹਾਂ ਦੋਵਾਂ ਮਾਮਲਿਆਂ ਵਿਚ ਪ੍ਰਤਿਕਿਰਿਆ ਅਤੇ ਸੁਧਾਰ ਦੀ ਭੂਮਿਕਾ ਸੰਸਥਾਗਤ ਪ੍ਰਕਿਰਿਆਵਾਂ ਵਿਚ, ਮੁੜ ਕੇਂਦਰੀਕਰਨ ਦੇ ਖ਼ਤਰਿਆਂ ਤੋਂ ਬਿਨਾਂ, ਇਕ ਰਸਤਾ ਦਿਖਾਉਂਦੇ ਹਨ। ਜਵਾਬਦੇਹੀ ਦੇ ਇਸ ਨਵੇਂ ਖੇਤਰ ਨੂੰ ਵਿਕਸਤ ਹੋਣ ਅਤੇ ਆਪਣੇ ਉਪਾਵਾਂ, ਮਾਨਕਾਂ ਅਤੇ ਨਿਯਮਾਂ ਦਾ ਰਾਜ ਸਥਾਪਤ ਕਰਨ ਵਿਚ ਥੋੜ੍ਹਾਂ ਸਮਾਂ ਲੱਗ ਸਕਦਾ ਹੈ। ਸ਼ਾਇਦ ਸਭ ਤੋਂ ਵੱਧ ਜ਼ਰੂਰੀ ਕਦਮ ਜੋ ਉਠਾਇਆ ਜਾਣਾ ਚਾਹੀਦਾ ਹੈ ਉਹ ਹੈ ਜਵਾਬਦੇਹੀ ਦੀ ਬਹੁਪੱਖੀ ਦਿਸ਼ਾ, ਜਿਸ ਦਾ ਮਤਲਬ ਬਹੁ-ਵਿਧ ਕਦਮ ਅਤੇ ਨਵੇਂ ਲੋਕ ਰਾਇ ਹਨ। ਕੰਨਸਾਈਡਲਾਈਨ, 2002,21-40)

***ਸੂਚਨਾ ਤਕਨਾਲੋਜੀ ਨੂੰ ਅਪਨਾਉਣ ਅਤੇ ਈ-ਗਵਰਨੈਂਸ ਦਾ ਸਿਧਾਂਤ :*** ਸੂਚਨਾ ਤਕਨਾਲੋਜੀ ਦੇ ਖੇਤਰ ਵਿਚ ਆਈ ਕ੍ਰਾਂਤੀ ਨਾਲ ਇਸ ਦਾ ਚੰਗੇ ਸ਼ਾਸਨ ਨੂੰ ਅਪਣਾਉਣ 'ਤੇ ਜ਼ੋਰ ਸਾਹਮਣੇ ਆਇਆ ਹੈ। ਈ-ਗਵਰਨੈਂਸ ਜਾਂ ਇਲੈਕਟ੍ਰਾਨਿਕ ਸਾਧਨ ਪ੍ਰਣਾਲੀ ਸਰਕਾਰ ਅਤੇ ਨਾਗਰਿਕਾਂ ਵਿਚਾਲੇ ਸੁਖਾਵੇਂ ਸੰਬੰਧਾਂ 'ਤੇ ਜ਼ੋਰ

ਦਿੰਦੀ ਹੈ। ਭਾਵੇਂ ਕਿ ਇਹ ਪੁਰਾਤਨ ਕਿਤਾਬੀ ਸ਼ਾਸਨ ਨੂੰ ਪੂਰੀ ਤਰ੍ਹਾਂ ਬਦਲ ਨਹੀਂ ਸਕਦੀ ਪਰ ਇਸ ਦੀ ਸੀਮਤ ਵਰਤੋਂ ਨਾਲ ਵੀ ਰੋਜ਼ਾਨਾ ਦੀ ਜ਼ਿੰਦਗੀ 'ਤੇ ਅਸਰ ਪਾਵੇਗੀ। ਮੋਟੇ ਤੌਰ ਤੇ ਇਹ ਚਾਰ ਮੁੱਖ ਉਦੇਸ਼ਾਂ ਦੀ ਪੂਰਤੀ ਕਰ ਸਕਦੀ ਹੈ ਜਿਸ ਲਈ ਸਰਕਾਰ ਨਾਲ ਨਾਗਰਿਕਾਂ ਦਾ ਵਾਹ ਵਾਸਤ ਪੈਂਦਾ ਹੈ :

- ਬਿਲ, ਕਰ ਅਤੇ ਵਰਤੋਂ ਫ਼ੀਸ ਆਦਿ ਅਦਾ ਕਰਨਾ।
- ਪੰਜੀਕਰਨ -ਚਾਹੇ ਉਹ ਬੱਚੇ ਦੇ ਜਨਮ, ਘਰ ਦੀ ਖਰੀਦ ਜਾਂ ਡ੍ਰਾਈਵਿੰਗ ਲਾਇਸੰਸ ਬਣਾਉਣ ਦਾ ਹੋਵੇ (ਤਮਿਲਨਾਡੂ ਵਿਚ, ਮਿਸਾਲ ਤੇ ਤੌਰ ਤੇ 72 ਪ੍ਰਕਾਰ ਦੀਆਂ ਸੇਵਾਵਾਂ ਦੇ ਪ੍ਰਾਰਥਨਾ ਪੱਤਰ ਡਾਊਨਲੋਡ ਕਰ ਸਕਦੇ ਹਨ)।
- ਜਾਣਕਾਰੀ ਪ੍ਰਾਪਤ ਕਰਨਾ।
- ਸ਼ਿਕਾਇਤ ਦਰਜ ਕਰਾਉਣਾ। ਈ-ਗਵਰਨੈਂਸ ਫ਼ਾਸਲਿਆਂ ਨੂੰ ਬਿਲਕੁਲ ਖ਼ਤਰਾ ਕਰ ਸਕਦੀ ਹੈ।

**ਦੂਰ-ਦੁਰਾਡੇ ਸਥਿਤ ਪਿੰਡਾਂ ਨੂੰ ਸ਼ਹਿਰਾਂ ਵਿਚ ਸਰਕਾਰੀ ਦਫ਼ਤਰਾਂ ਨਾਲ ਜੋੜਨ ਨਾਲ ਅਮਲੇ ਦੀ ਘੱਟ ਲੋੜ ਪਵੇਗੀ, ਖਰਚੇ ਘਟਣਗੇ, ਸਰਕਾਰੀ ਤੰਤਰ ਵਿਚ ਕਮੀਆਂ 'ਤੇ ਕਾਬੂ ਪਾਇਆ ਜਾ ਸਕੇਗਾ, ਨਾਗਰਿਕ-ਸਰਕਾਰ ਵਿਚਾਲੇ ਤਾਲਮੇਲ ਸੁਖਾਵਾਂ ਹੋਵੇਗਾ, ਲੰਮੀਆਂ ਕਤਾਰਾਂ ਨਹੀਂ ਲੱਗਣਗੀਆਂ ਅਤੇ ਬਾਬੂਆਂ ਦੇ ਧੱਕਿਆਂ ਤੋਂ ਨਿਜਾਤ ਮਿਲੇਗੀ।**

ਇਹ ਯਾਦ ਰੱਖਣਾ ਹੋਵੇਗਾ ਕਿ ਈ-ਗਵਰਨੈਂਸ ਸੁਸ਼ਾਸਨ ਦਾ ਸਿਰਫ਼ ਮਾਧਿਅਮ ਹੈ। ਇਹ ਅਫ਼ਸਰਾਂ ਦੀ ਜ਼ਿੰਮੇਵਾਰੀ ਦਾ ਬਦਲ ਨਹੀਂ ਬਣ ਸਕਦਾ ਅਤੇ ਇਸ ਦੀ ਜ਼ਿੰਮੇਵਾਰੀ ਰਾਜਨੀਤਕ ਲੀਡਰਸ਼ਿਪ ਨੂੰ ਲੈਣੀ ਪਵੇਗੀ। ਨਹੀਂ ਤਾਂ ਇਹ ਸਿਰਫ਼ ਨੌਕਰਸ਼ਾਹਾਂ ਦੀ ਖੇਡ ਬਣ ਕੇ ਰਹਿ ਜਾਵੇ ਗੀ। ਜਦ ਕਿ ਵਸੋਂ ਦਾ ਵੱਡਾ ਹਿੱਸਾ ਅਨਪੜ੍ਹ ਹੈ, ਤਾਂ ਇਸ ਨਵੇਂ ਪ੍ਰਬੰਧਨ ਨੂੰ ਲਾਗੂ ਕਰਨਾ ਸਾਰੀਆਂ ਸੰਬੰਧਿਤ ਧਿਰਾਂ ਲਈ ਚੁਨੌਤੀਪੂਰਨ ਹੋਵੇਗਾ।

***ਕੁਸ਼ਲ-ਸ਼ਾਸਨ ਦੀ ਨਾਗਰਿਕ ਪੱਖੀ ਮਿਸਾਲ :*** ਕਾਰਪੋਰੇਟ ਦੀ ਸੁਸ਼ਾਸਨ ਦੀ ਇਕ ਨਵੀਂ ਧਾਰਨਾ, ਇਕ ਨਵਾਂ ਸੰਕਲਪ ਸਾਹਮਣੇ ਲੈ ਕੇ ਆਈ ਹੈ ਕਿ ਜੋ ਭਾਗੀਦਾਰਾਂ, ਮਤਲਬ ਨਾਗਰਿਕਾਂ ਦੇ ਹਿੱਤਾਂ 'ਤੇ ਆਧਾਰਿਤ ਹੈ ਜਿਸ ਨੇ ਪਾਰਦਰਸ਼ਿਤਾ ਜਵਾਬਦੇਹੀ ਅਤੇ ਯੋਗਤਾ ਆਧਾਰਤ ਪ੍ਰਬੰਧਨ, ਨੈਤਿਕਤਾ ਅਤੇ ਕਦਰਾਂ-ਕੀਮਤਾਂ ਦੀ ਭੂਮਿਕਾ, ਜੋ 'ਦੂਜਿਆਂ ਲਈ ਫਿਕਰ' ਦੀ ਭਾਵਨਾ 'ਤੇ ਆਧਾਰਿਤ ਹੈ, ਸਾਹਮਣੇ ਲਿਆਂਦਾ ਹੈ। ਇਕ ਕਦਰਾਂ-ਕੀਮਤਾਂ 'ਤੇ ਆਧਾਰਿਤ ਸੰਸਥਾ, ਸਿੱਧਾ ਕਹੀਏ ਤਾਂ ਸਰਕਾਰ, ਨਾ ਸਿਰਫ਼ ਲੋਕਾਂ ਵਾਸਤੇ ਕਦਰਾਂ-ਕੀਮਤਾਂ ਦੇ ਸੰਤੰਭ ਵਜੋਂ ਵੇਖੀ ਜਾਂਦੀ ਹੈ, ਸਗੋਂ ਇਕ ਹਾਂ ਪੱਖੀ ਪਹੁੰਚ ਵਾਲੀ ਕਹੀ ਜਾਂਦੀ ਹੈ ਜੋ ਇਕ ਸੰਸਥਾ ਅੰਦਰ ਸਭਿਆਚਾਰ ਵਿਕਸਤ ਕਰਦੀ ਹੈ ਜਿਸ ਵਿਚ ਹਰ ਮੈਂਬਰ ਵਫ਼ਾਦਾਰੀ ਅਤੇ ਸਮਰਪਣ ਦੀ ਭਾਵਨਾ ਮਹਿਸੂਸ ਕਰਦਾ ਹੈ। ਇਸ ਦੇ ਨੇਤਾ ਵੱਡੇ ਪੱਧਰ 'ਤੇ ਸੰਵਾਦ ਰਚਾਉਣ ਲਈ ਜ਼ਿੰਮੇਵਾਰ ਹੁੰਦੇ ਹਨ ਤਾਂ ਕਿ ਵਿਵਹਾਰਕ ਨੀਤੀਆਂ ਵਿਚ ਪਰਿਚਾਲਨ ਨੀਤੀਆਂ ਦਾ ਸੰਚਾਰ ਹੋ ਸਕੇ। ਸਰਕਾਰ ਅਤੇ ਜਨਤਕ ਪ੍ਰਬੰਧਨ ਦੇ ਨਵੀਨੀਕਰਨ ਦਾ ਮਤਲਬ ਹੈ ਸਰਕਾਰ ਦੀਆਂ ਜ਼ਿੰਮੇਵਾਰੀਆਂ ਦੀ ਮੁੜ-ਵਿਆਖਿਆ। 21ਵੀਂ ਸਦੀ ਦੀ ਰਾਜ ਪ੍ਰਣਾਲੀ ਵਿਚ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਦੀ ਸਰਕਾਰ, ਵਪਾਰ ਅਤੇ ਸਮਾਜ ਵਿਚਾਲੇ ਪੁਨਰ ਫ਼ੰਡ ਕਰਨੀ ਹੋਵੇਗੀ। ਇਸ ਸਭ ਕੁਝ ਲਈ ਗੁਣਵੱਤਾ ਨਿਯੰਤ੍ਰਣ, ਬਜਟ ਅਤੇ ਖਰਚਾ ਮੁਖੀ ਲਾਭ ਆਧਾਰਿਤ ਅਜੋਕੀਆਂ ਪ੍ਰਬੰਧਨ ਤਕਨੀਕਾਂ ਸ਼ੁਰੂ ਕਰਨੀਆਂ ਹੋਣਗੀਆਂ। ਭਵਿੱਖ ਵਿਚ ਜਨਤਕ ਅਧਿਕਾਰੀਆਂ ਨੂੰ ਜਨਤਕ ਸੇਵਾਵਾਂ ਪ੍ਰਦਾਨ ਕਰਨ ਲਈ ਨਤੀਜਾ ਮੁਖੀ ਪਹੁੰਚ ਅਖਤਿਆਰ ਕਰਨੀ ਹੋਵੇਗੀ। ਜਨਤਕ ਪ੍ਰਬੰਧਨ ਵਿਚ ਬੁਨਿਆਦੀ ਤਬਦੀਲੀਆਂ ਲਿਆਉਣ ਲਈ ਅਜੋਕਾ ਪ੍ਰਬੰਧਨ ਅਤੇ ਈ-ਗਵਰਨੈਂਸ ਦੋ ਮੁੱਖ ਧੁਰੇ ਹਨ। ਮੰਤਵ ਹੈ ਉਹ ਪ੍ਰਬੰਧਨ ਜੋ ਕੰਮ ਜ਼ਿਆਦਾ ਅਤੇ ਖਰਚਾ ਘੱਟ ਕਰੇ। ਈ-ਗਵਰਮੈਂਟ ਪ੍ਰਾਜੈਕਟ ਨਾ ਸਿਰਫ਼ ਜਨਤਕ ਏਜੰਸੀਆਂ ਅਤੇ ਅਧਿਕਾਰੀਆਂ ਨੂੰ ਹੀ ਨਵੀਂ ਦਿਸ਼ਾ ਦੇ ਰਹੇ ਹਨ ਸਗੋਂ ਪ੍ਰਬੰਧਕੀ ਪ੍ਰਕਿਰਿਆਵਾਂ ਨੂੰ ਵੀ ਆਮ ਨਾਗਰਿਕਾਂ ਲਈ ਹੋਰ ਵਧੇਰੇ ਪਾਰਦਰਸ਼ੀ ਬਣਾ ਰਹੇ ਹਨ ਜੋ ਵਿਅਕਤੀਆਂ ਨੂੰ ਹੋਰ ਜ਼ਿਆਦਾ ਜਵਾਬਦੇਹ ਬਣਾਉਂਦੇ ਹਨ

***ਕੁਸ਼ਲ-ਸ਼ਾਸਨ ਲਈ ਭ੍ਰਿਸ਼ਟਾਚਾਰ ਨੂੰ ਨੱਥ ਪਾਉਣੀ :*** ਇਸ ਚੱਲ ਰਹੀ ਚਰਚਾ ਤੋਂ ਇਹ ਸਾਫ਼ ਹੋ ਗਿਆ ਹੈ ਕਿ ਗੁਣਵੱਤਾ ਆਧਾਰਿਤ ਪ੍ਰਬੰਧਨ ਦੀ ਧਾਰਨਾ ਭ੍ਰਿਸ਼ਟਾਚਾਰ ਮੁਕਤ ਪ੍ਰਬੰਧਨ ਪ੍ਰਣਾਲੀ 'ਤੇ ਟਿਕੀ ਹੋਈ ਹੈ।

**ਨਿਰੰਤਰ ਵਿਕਾਸ ਲਈ ਭ੍ਰਿਸ਼ਟਾਚਾਰ ਨੂੰ ਰੋਕਣ ਵਾਸਤੇ (i) ਭ੍ਰਿਸ਼ਟ ਸੁਭਾਅ ਨੂੰ ਰੋਕਣ ਵਾਸਤੇ ਇਸ ਦੇ ਪੈਦਾ ਹੋਣ ਦੇ ਮੌਕੇ ਘੱਟ ਕਰਨੇ ਹੋਣਗੇ ਅਤੇ ਜਨਤਕ ਅਧਿਕਾਰੀਆਂ ਵਿਚ ਜਵਾਬਦੇਹੀ ਦੀ ਭਾਵਨਾ ਜਾਗ੍ਰਿਤ ਕਰਨੀ ਹੋਵੇਗੀ (ii) ਭ੍ਰਿਸ਼ਟਾਚਾਰ ਰੋਕੂ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਨਾ ਹੋਵੇਗਾ ਜਿਸ ਤੋਂ ਪਤਾ ਲੱਗੇ ਕਿ ਤਰਕਸੰਗਤ, ਨਿਰੰਤਰ ਹੋਣ, ਸਮਾਂਬੱਧ ਤਫਤੀਸ਼ ਅਤੇ ਸਜ਼ਾ ਦਾ ਪ੍ਰਾਵਧਾਨ ਹੋਵੇ, ਰਣਨੀਤੀਆਂ ਅਤੇ ਭ੍ਰਿਸ਼ਟਾਚਾਰ ਰੋਕੂ ਉਪਾਵਾਂ ਨੂੰ ਸਖਤੀ ਨਾਲ ਲਾਗੂ ਕਰਨ ਦੀ ਰਾਜਨੀਤਕ ਦ੍ਰਿੜ੍ਹਤਾ, ਪ੍ਰਬੰਧਨ, ਕਾਨੂੰਨੀ ਅਤੇ ਅਦਾਲਤੀ ਉਪਾਵਾਂ ਨੂੰ ਲਾਗੂ ਕਰਨ ਲਈ ਹੇਠਾਂ ਤੋਂ ਨਾਗਰਿਕ ਦੀ ਸਰਗਰਮ ਭਾਗੀਦਾਰੀ ਹੋਵੇ; ਇਸ ਤਰ੍ਹਾਂ ਜਨਤਕ ਜੀਵਨ ਵਿਚ ਜਨਤਾ ਨੂੰ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਲਾਮਬੰਦ ਕਰਨਾ ਹੋਵੇਗਾ।**

ਉੱਪਰ ਦਿਤੀਆਂ ਬੁਨਿਆਦੀ ਸ਼ਰਤਾਂ ਤੋਂ ਇਲਾਵਾ, ਇਸ ਗੱਲ 'ਤੇ ਜ਼ੋਰ ਦਿਤਾ ਜਾਣਾ ਚਾਹੀਦਾ ਹੈ। ਕਿ (i) ਇਕ ਰਾਸ਼ਟਰੀ ਸੰਚਾਲਨ ਸੰਸਥਾ ਦੀ ਸਥਾਪਨਾ ਕਰਨਾ ਭ੍ਰਿਸ਼ਟਾਚਾਰ ਵਿਰੋਧੀ ਨੀਤੀਆਂ ਬਣਾਉਣ ਲਈ ਜ਼ਿੰਮੇਵਾਰ ਹੋਵੇ (ii) ਇਕ ਉੱਚੀ ਤਾਕਤੀ ਆਜ਼ਾਦ ਯੋਗ ਸੰਸਥਾ ਦੀ ਸਥਾਪਨਾ ਜੋ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਜਾਂਚ ਕਰਕੇ ਸਜ਼ਾ ਦੇਣ ਦੇ ਸਮਰਥ ਹੋਵੇ (iii) ਅਜਿਹੇ ਮਾਮਲਿਆਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦੀ ਸਥਾਪਨਾ ਜੋ ਅਜਿਹੇ ਮਾਮਲਿਆਂ ਦੀ ਲਗਾਤਾਰ ਸੁਣਵਾਈ ਕਰਕੇ ਮਾਮਲੇ ਨੂੰ ਫ਼ੈਸਲੇ ਤਕ ਲੈ ਜਾ ਸਕਣ, ਬਿਨਾਂ ਕਿਸੇ ਦੇਰੀ ਤੋਂ (iv) ਚੋਣਾਂ ਸੰਬੰਧੀ ਕਾਨੂੰਨਾਂ ਅਤੇ ਆਰਥਿਕ ਨਿਯਮਾਂ ਦਾ ਪੂਰੀ ਤਰ੍ਹਾਂ ਮੁੜ-ਗਠਨ ਜਿਸ ਨਾਲ ਭ੍ਰਿਸ਼ਟਾਚਾਰ ਕਰਨ ਦੀ ਭਾਵਨਾ ਖਤਮ ਹੋਵੇ। ਇਕ ਢੁਕਵੇਂ ਕਾਨੂੰਨ ਦਾ ਬਣਾਉਣਾ ਜਿਸ ਨਾਲ ਕੇਂਦਰ ਅਤੇ ਰਾਜ ਪੱਧਰ 'ਤੇ ਮੰਤਰਾਲਿਆਂ ਅਤੇ

ਵਿਭਾਗਾਂ ਦੀ ਗਿਣਤੀ ਨੂੰ ਸੀਮਤ ਕੀਤਾ ਜਾ ਸਕਦੇ ਤਾਂ ਕਿ ਰਾਜਨੀਤਕ ਲਾਭ ਲਈ ਮੰਤਰਾਲਿਆਂ ਦਾ ਵਿਕਾਸ ਕਰਨ ਦੀ ਲਾਲਸਾ ਨੂੰ ਠੱਲ੍ਹ ਪਾਈ ਜਾ ਸਕੇ। (v) ਭ੍ਰਿਸ਼ਟਾਚਾਰ ਵਿਰੋਧੀ ਦਸਤਿਆਂ ਨੂੰ ਉੱਚ ਪੱਧਰੀ ਭ੍ਰਿਸ਼ਟਾਚਾਰ ਰੋਕੂ ਸਿਖਲਾਈ ਕੈਂਪ ਜਾਂ ਵਰਕਸ਼ਾਪਾਂ ਆਯੋਜਿਤ ਕਰਕੇ ਢੁੱਕਵੀਂ ਅਤੇ ਵਿਸ਼ੇਸ਼ ਤਕਨੀਕੀ ਸਹਾਇਤਾ ਪ੍ਰਦਾਨ ਕਰਨ ਦੀ ਜ਼ਰੂਰਤ ਹੈ। ਇਸ ਰਣਨੀਤੀ ਤਹਿਤ ਅੰਤਰਰਾਸ਼ਟਰੀ ਤਫ਼ਤੀਸ਼ਕਾਰਾਂ ਦੀ ਮਦਦ ਨਾਲ ਵਿਦੇਸ਼ਾਂ ਵਿਚ ਜਮ੍ਹਾਂ ਕਾਲੇ ਧਨ ਬਾਰੇ ਵੀ ਪਤਾ ਲਾਇਆ ਜਾ ਸਕੇਗਾ।

***ਮੁਦਰਾ ਸਫ਼ਿਤੀ ਅਤੇ ਉੱਚੀਆਂ ਕੀਮਤਾਂ ਨੂੰ ਕਾਬੂ ਕਰਨਾ :*** **ਸ਼ਾਇਦ ਵਰਤਮਾਨ ਸਮੇਂ ਦੀ ਸਭ ਤੋਂ ਵੱਡੀ ਲੋੜ ਨਿੱਤ ਵਧ ਰਹੀ ਮੁਦਰਾ ਸਫ਼ਿਤੀ 'ਤੇ ਕਾਬੂ ਪਾਉਣਾ ਹੈ ਜਿਸ ਕਰਕੇ ਸਾਰੀਆਂ ਵਸਤਾਂ ਦੀਆਂ ਕੀਮਤਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਅਤੇ ਲੋਕ ਵਿੱਤੀ ਬੋਝ ਹੇਠ ਦਬੇ ਜਾ ਰਹੇ ਹਨ। ਇਸ 'ਤੇ ਕਾਬੂ ਕਰਨ ਲਈ ਕੱਚਘਰੜ ਉਪਾਵਾਂ ਦੀ ਬਜਾਇ ਇਕ ਦ੍ਰਿੜ੍ਹ ਅਤੇ ਠੋਸ ਨੀਤੀ ਬਣਾਉਣ ਦੀ ਲੋੜ ਹੈ।**

***ਕਾਲੇ ਧਨ ਨੂੰ ਬਾਹਰ ਲਿਆਉਣਾ : ਕਰ ਨੀਤੀ ਵਿਚ ਸੁਧਾਰਾਂ ਦੀ ਲੋੜ :*** ਭਾਰਤ ਨੇ ਕਾਲੇ ਧਨ ਨੂੰ ਬੇਕਨਾਬ ਕਰਨ ਦਾ ਇਕ ਨਵਾਂ ਮਿਸ਼ਨ ਆਰੰਭਿਆ ਹੈ, ਮਤਲਬ ਉਹ ਧਨ ਜਿਸ 'ਤੇ ਕਰ ਅਦਾ ਨਹੀਂ ਕੀਤਾ ਜਾਂਦਾ। ਇਸ ਬਾਰੇ ਹਾਲ ਹੀ ਵਿਚ ਇਕ ਵਾਈਟ ਪੇਪਰ ਜਾਰੀ ਕੀਤਾ ਗਿਆ ਹੈ ਜੋ ਸੰਸਦ ਵਿਚ 21 ਮਈ 2012 ਨੂੰ ਪੇਸ਼ ਕੀਤਾ ਗਿਆ। ਇਸ ਵਾਈਟ ਪੇਪਰ ਦੇ ਨਾਲ ਇਕ ਆਜ਼ਾਦ ਸਟੱਡੀ, ਜੋ ਭਾਰਤ ਦੇ ਕਾਲੇ ਧਨ ਦਾ ਅੰਦਾਜ਼ਾ ਲਾਉਣ ਲਈ ਬਣਾਈ ਗਈ ਸੀ, ਇਕ ਮਾਮੂਲੀ ਸ਼ੁਰੂਆਤ ਹੈ। ਭਾਰਤ ਦੇ ਨੀਤੀ ਘਾੜੇ ਅਖੀਰ ਨੂੰ ਜਨਤਕ ਤੌਰ ਤੇ ਉਨ੍ਹਾਂ ਕਮੀਆਂ ਬਾਰੇ ਸੋਚ ਵਿਚਾਰ ਕਰ ਰਹੇ ਹਨ ਜਿਨ੍ਹਾਂ ਕਰਕੇ ਪਹਿਲਾਂ ਕਾਲਾ ਬਾਜ਼ਾਰੀ ਸ਼ੁਰੂ ਹੁੰਦੀ ਹੈ। ਉਹ ਤਾਮੀਲੀ ਢਾਂਚਾ ਜਿਨ੍ਹਾਂ ਕਰਕੇ ਸੰਸਾਧਨ ਜਮੀਨਦੋਜ਼ ਹੋ ਜਾਂਦੇ ਹਨ ਅਤੇ ਪੁਲਿਸ ਦੀ ਨਾਕਾਮੀ ਜੋ ਸਮਾਨਾਂਤਰ ਅਰਥਵਿਵਸਥਾ ਨੂੰ ਵਧਣ ਫੁੱਲਣ ਵਿਚ ਰੋਕ ਨਹੀਂ ਪਾਉਂਦੀ।

## ਸਮਾਪਤੀ ਟਿੱਪਣੀਆਂ

**ਸ਼ਾਸਨ ਵਿਚ ਨੈਤਿਕਤਾ ਅਤੇ ਈਮਾਨਦਾਰੀ ਯਕੀਨੀ ਬਣਾਉਣ ਲਈ ਸਭ ਤੋਂ ਜ਼ਰੂਰੀ ਹੈ ਕਿ ਭ੍ਰਿਸ਼ਟਾਚਾਰ ਦਾ ਖਾਤਮਾ ਹੋਵੇ, ਪ੍ਰਭਾਵੀ ਨਿਯਮ ਕਾਇਦੇ ਜਨਤਕ ਜੀਵਨ ਦੇ ਹਰ ਪਹਿਲੂ 'ਤੇ ਜੋ ਅਸਰ ਅੰਦਾਜ਼ ਹੁੰਦੇ ਹਨ ਅਤੇ ਸਭ ਤੋਂ ਮਹੱਤਵਪੂਰਨ ਇਨ੍ਹਾਂ ਕਾਨੂੰਨਾਂ ਨੂੰ ਸਹੀ ਅਤੇ ਪ੍ਰਭਾਵੀ ਤਰੀਕੇ ਨਾਲ ਲਾਗੂ ਕਰਨਾ। ਐੱਨ ਪੀ ਐੱਮ ਲਹਿਰ ਨੇ ਸਰਕਾਰੀ ਖਰਚੇ ਘਟਾਉਣ ਲਈ ਕੀਤੇ ਜਾਣ ਵਾਲੇ ਉਪਾਵਾਂ ਤੋਂ ਉਪਜਣ ਵਾਲੇ ਕੁੱਝ ਨੈਤਿਕ ਖਦਸ਼ਿਆਂ ਵੱਲ ਇਸ਼ਾਰਾ ਕੀਤਾ ਹੈ ਜਿਸ ਤਹਿਤ ਜਨਤਕ ਕਰਮਚਾਰੀਆਂ ਦੀ ਸੰਖਿਆ ਘਟਾਉਣ ਅਤੇ ਸੰਸਥਾਗਤ ਕਦਰਾਂ-ਕੀਮਤਾਂ ਨੂੰ ਬਦਲਣ ਦੀ ਗੱਲ ਕੀਤੀ ਜਾਂਦੀ ਹੈ।**

(ਨਿੱਜੀਕਰਨ 'ਤੇ ਜ਼ੋਰ ਦੇਣ ਦੇ ਨਾਲ-ਨਾਲ ਐੱਨ ਪੀ ਐੱਮ ਇਸ ਸਚਾਈ ਤੋਂ ਮੂੰਹ ਨਹੀਂ ਮੋੜਦੀ ਕਿ ਆਖ਼ਰ ਨੂੰ ਰਾਜ ਨੇ ਹੀ ਪ੍ਰਬੰਧਕ ਦੀ ਜ਼ਿੰਮੇਵਾਰੀ ਨਿਭਾਉਣੀ ਹੁੰਦੀ ਹੈ, ਸਾਰੇ ਰਾਜਨੀਤਕ ਅਤੇ ਪ੍ਰਬੰਧਨ ਦੀਆਂ ਪ੍ਰਕਿਰਿਆਵਾਂ ਨੂੰ ਨਾਗਰਿਕਾਂ ਦੀ ਸੰਤੁਸ਼ਟਤਾ, ਕੁਸ਼ਲਤਾ, ਪ੍ਰਭਾਵਿਕਤਾ ਅਤੇ ਜਵਾਬਦੇਹੀ ਨੂੰ ਧਿਆਨ ਵਿਚ ਰੱਖ ਕੇ, ਇਸ ਸਭ ਕੁਝ ਤੇ ਨਿਗਾਹ ਰੱਖਣ ਅਤੇ ਕਾਬੂ ਕਰਨ ਦੀ ਭੂਮਿਕਾ ਨਿਭਾਉਣੀ ਪਵੇਗੀ। ਐੱਨ ਪੀ ਐੱਮ ਦਾ ਸਿਧਾਂਤ ਸਰਕਾਰੀ ਪਾਰਦਰਸ਼ਿਤਾ, ਉਪਭੋਗਤਾ ਪੱਖੀ ਨਿਯਮ, ਨੂੰ ਉਤਸ਼ਾਹਿਤ ਕਰਦਾ ਹੈ ਜੋ ਸੇਵਾਵਾਂ ਨੂੰ ਠੇਕੇ ਉਤੇ ਦੇਣ ਆਦਿ ਦੇ ਨਵੇਂ ਰੂਪਾਂ ਨੂੰ ਦ੍ਰਿਸ਼ਟਮਾਨ ਕਰਦਾ ਹੈ। ਇਹ ਜਨਤਕ ਨੈਤਿਕਤਾ, ਖ਼ਾਸ ਕਰਕੇ ਜਨਤਕ ਸੇਵਕਾਂ ਅਤੇ ਰਾਜ ਦੀ ਤਰਫ਼ੋਂ ਸੇਵਾਵਾਂ ਪ੍ਰਦਾਨ ਕਰਨ ਲਈ ਨਿੱਜੀ ਅਤੇ ਠੇਕੇਦਾਰਾਂ ਵਲੋਂ ਰੱਖੇ ਗਏ ਨਵੇਂ ਅਹੁਦੇਦਾਰਾਂ 'ਤੇ ਖ਼ਾਸ ਧਿਆਨ ਕੇਂਦਰਿਤ ਕਰਦਾ ਹੈ। ਆਸ ਹੈ, ਹਾਲ ਹੀ ਵਿਚ ਆਪਣਾਏ ਗਏ ਸੁਧਾਰਾਂ ਦੀ ਲੜੀ ਅਤੇ ਭਾਰਤੀ ਪ੍ਰਬੰਧਨ ਵਿਚ ਪਾਰਦਰਸ਼ਿਤਾ ਅਤੇ ਜਵਾਬਦੇਹੀ ਸਥਾਪਿਤ ਕਰਨ ਲਈ ਅਪਣਾਈਆਂ ਰਣਨੀਤੀਆਂ (ਜੈਨ 2006, ਪੀ ਪੀ ਐੱਸ 39-65) ਰਾਹੀਂ (i) ਕੰਸਟੀਚਿਊਸ਼ਨ ਆਫ਼ ਸਿਟੀਜਨਜ਼ ਚਾਰਟਰ ਇਨ ਗਵਰਨਮੈਂਟ ਡਿਪਾਰਟਮੈਂਟ (ii) ਸੂਚਨਾ ਦਾ ਅਧਿਕਾਰ ਕਾਨੂੰਨ 2005 (iii) ਹੇਠਲੇ ਪੱਧਰ ਤਕ ਈ-ਗਵਰਨੈਂਸ ਦੀ ਸ਼ੁਰੂਆਤ ਅਤੇ ਨੇੜ ਭਵਿੱਖ ਵਿਚ ਦੂਜੇ ਪ੍ਰਬੰਧਕੀ ਸੁਧਾਰ ਕਮਿਸ਼ਨ ਨੂੰ ਲਾਗੂ ਕਰਨਾ, ਸ਼ਾਸਨ ਵਿਚ ਨੈਤਿਕਤਾ (2001) ਜੋ ਸੰਭਾਵਿਤ ਪਬਲਿਕ ਸਰਵਿਸ ਬਿਲ, ਵਿਸਲ ਬਲੋਇੰਗ ਐਕਟ, ਲੋਕਪਾਲ ਐਕਟ ਦੇ ਸੰਦਰਭ ਵਿਚ ਹੈ, ਤੋਂ ਪਤਾ ਲਗਦਾ ਹੈ ਕਿ ਅਸੀ ਉਨ੍ਹਾਂ ਬਹਦਾਰਾਂ ਦੀ ਕਦਰ ਕਰਦੇ ਹਾਂ ਜੋ ਭ੍ਰਿਸ਼ਟਾਚਾਰ ਖ਼ਿਲਾਫ਼ ਲੜਦੇ ਹਨ ਅਤੇ ਅਸੀਂ ਭ੍ਰਿਸ਼ਟ ਅਫ਼ਸਰਾਂ ਖ਼ਿਲਾਫ਼ ਸਖਤ ਕਾਰਵਾਈ ਕਰਨ ਲਈ ਤਿਆਰ ਹਾਂ, ਭਾਵੇਂ ਉਹ ਕਿੰਨੇ ਵੀ ਉੱਚੇ ਅਹੁਦੇ 'ਤੇ ਬੈਠੇ ਹੋਣ। ਇਸ ਤੋਂ ਇਲਾਵਾ ਵਿਧਾਨਕਾਰਾਂ, ਨਿਆਂ ਪਾਲਿਕਾ, ਅਤੇ ਗ਼ੈਰ ਸਰਕਾਰੀ ਸੰਗਠਨਾਂ ਵਿਚ ਨੈਤਿਕਤਾ ਨੂੰ ਉਤਸ਼ਾਹਿਤ ਕਰਨ ਨਾਲ ਸਾਡੀ ਲੋਕਤੰਤਰੀ ਵਿਵਸਥਾ ਵਿਚ ਸੁਸ਼ਾਸਨ ਲਈ ਇਕ ਬੇਹਤਰ ਮਾਡਲ ਸਾਹਮਣੇ ਆ ਸਕੇਗਾ ਜਿਸ ਤਹਿਤ ਸੰਸਦ ਆਪਣੀ ਸਥਾਪਨਾ ਦੇ ਸ਼ਾਨਦਾਰ 60 ਸਾਲ ਪੂਰੇ ਕਰ ਚੁੱਕੀ ਹੈ। ਸੰਸਦੀ ਪ੍ਰਕਿਰਿਆਵਾਂ ਨੂੰ ਚੁਸਤੀ ਪ੍ਰਦਾਨ ਕਰਨ ਲਈ ਭਾਰਤ ਨੂੰ ਉਨ੍ਹਾਂ ਰਾਜਨੀਤਕ ਅਤੇ ਆਰਥਿਕ ਸੁਧਾਰਾਂ ਦੀ ਬਹੁਤ ਸ਼ਿੱਦਤ ਨਾਲ ਜ਼ਰੂਰਤ ਹੈ ਜੋ ਇਸ ਦੇ ਸਥਾਪਨਾ ਦੇ ਸਿਧਾਂਤਾਂ – ਆਜ਼ਾਦੀ, ਬਰਾਬਰੀ ਅਤੇ ਬਲੀਦਾਨ ਨੂੰ ਮੁੜ-ਸੁਰਜੀਤ ਕਰ ਸਕਣ ਜਿਨ੍ਹਾਂ ਦਾ ਬਾਕੀ ਦੇਸ਼ਾਂ ਵਿਚ ਵੀ ਅਨੁਸਰਣ ਕੀਤਾ ਜਾ ਸਕੇ। 17 ਮਈ 2012 ਨੂੰ ਭਾਰਤ ਦੇ ਚੋਣ ਕਮਿਸ਼ਨ ਅਤੇ ਇੰਟਰਨੈਸ਼ਨਲ ਫਾਊਂਡੇਸ਼ਨ ਫਾਰ ਇਲੈਕਟੋਰਲ ਸਿਸਟਮਜ਼ ਨੇ ਲੋਕਤੰਤਰਿਕ ਪ੍ਰਕਿਰਿਆ ਅਤੇ ਸੁਸ਼ਾਸਨ ਨੂੰ ਦੁਨੀਆਂ ਭਰ ਵਿਚ ਫੈਲਾਉਣ ਲਈ ਇਕ ਆਪਸੀ ਸਮਝੌਤੇ 'ਤੇ ਸਹੀ ਪਾਈ। ਇਸ ਸਮਝੌਤੇ ਵਿਚ ਬੜੇ ਜ਼ੋਰ ਨਾਲ ਕਿਹਾ ਗਿਆ ਹੈ ਕਿ ''ਭਾਰਤ ਉੱਭਰ ਰਹੇ ਲੋਕਤੰਤਰ ਲਈ ਇਕ ਵਿਲੱਖਣ ਮਾਡਲ ਬਣ ਸਕਦਾ ਹੈ, ਦੁਨੀਆਂ ਭਰ ਦੇ ਚੋਣ ਪ੍ਰਬੰਧਕਾਂ ਵਿਚਾਲੇ ਸੰਵਾਦ ਰਚਾ ਸਕਦਾ ਹੈ ਅਤੇ ਲੋਕਤੰਤਰਿਕ ਕਦਰਾਂ-ਕੀਮਤਾਂ ਅਤੇ ਚੋਣਾਂ ਸੰਬੰਧੀ ਮੁਹਾਰਤ ਦਾ ਖ਼ਜ਼ਾਨਾ ਬਣ ਸਕਦਾ ਹੈ।

*(ਲੇਖਕ ਸਾਬਕ ਡੀਨ, ਸਮਾਜ ਵਿਗਿਆਨ ਅਤੇ ਪ੍ਰੋਫ਼ੈਸਰ ਤੇ ਮੁੱਖੀ, ਰਾਜਨੀਤੀ ਵਿਗਿਆਨ, ਦਿੱਲੀ ਯੂਨੀਵਰਸਿਟੀ ਹੈ।)*

*e-mail :rbjain1@yahoo.com*

# ਵਿਸ਼ਵੀ ਨਿਯਮਿਤਾ ਦੇ ਯੁਗ ਵਿਚ ਪ੍ਰਬੰਧਨ

ਬਿਜੂ ਪਾਲ ਅਬਰਾਹਮ

ਵਿਸ਼ਵਵਿਆਪੀ ਵਿੱਤੀ ਸੰਕਟ ਅਤੇ ਇਸ ਦੇ ਮਾੜੇ ਅਸਰਾਂ ਨੇ ਸਮੁੱਚੀ ਦੁਨੀਆਂ ਦੀਆਂ ਸਰਕਾਰਾਂ ਨੂੰ ਇਹ ਅਹਿਸਾਸ ਕਰਵਾ ਦਿਤਾ ਹੈ ਕਿ ਉਨ੍ਹਾਂ ਦਾ ਉਤਪਾਦ, ਵਿਸ਼ਵੀ ਵਿੱਤ, ਮਾਲ ਅਸਬਾਬ ਅਤੇ ਸੇਵਾਵਾਂ ਦੇ ਬਾਜ਼ਾਰ ਵਿਚ ਪਹਿਲਾਂ ਨਾਲੋਂ ਕਿਤੇ ਵਧੇਰੇ ਅਸਰ ਪੈ ਰਿਹਾ ਹੈ। ਪੂਰੀ ਦੁਨੀਆਂ ਦੀਆਂ ਸਰਕਾਰਾਂ ਨੇ ਇਸ ਮੰਦੀ ਵੱਲ ਆਪਣੀ ਪ੍ਰਤਿਕਿਰਿਆ ਵਿਚ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਜੀ-20 ਜਿਹੇ ਅੰਤਰ ਸਰਕਾਰੀ ਫੋਰਮਾਂ 'ਤੇ ਵਿਚਾਰ-ਵਟਾਂਦਰੇ ਰਾਹੀਂ ਕੀਤਾ ਜਾ ਰਿਹਾ ਹੈ। ਜਿਥੇ ਅਜਿਹੇ ਤਾਲਮੇਲ ਦਾ ਅਸਰ ਇੱਕਾ-ਦੁੱਕਾ ਹੀ ਹੁੰਦਾ ਹੈ ਪਰ ਇਨ੍ਹਾਂ ਲਗਾਤਾਰ ਕੋਸ਼ਿਸ਼ਾਂ ਦਾ ਵਿਕਾਸਸ਼ੀਲ ਦੇਸ਼ਾਂ ਦੇ ਪ੍ਰਸ਼ਾਸਨਿਕ ਢਾਂਚੇ ਉਪਰ ਇਕ ਅਸਰ ਜ਼ਰੂਰ ਹੁੰਦਾ ਹੈ – ਘਰੇਲੂ ਨਿਯਮਿਤਾਵਾਂ ਵਿਚ ਵਿਸ਼ਵੀ ਨਿਯਮਿਤਾਵਾਂ ਦਾ ਪਸਾਰ ਅਤੇ ਮਿਆਰੀਕਰਨ।

ਵਿਸ਼ਵੀਕਰਨ ਦੀ ਪ੍ਰਕਿਰਿਆ ਦਾ ਪਸਾਰ ਮੁੱਖ ਤੌਰ ਤੇ ਦੋ ਕਾਰਨਾਂ ਕਰਕੇ ਹੋਇਆ – ਸਮੁੱਚੇ ਵਿਸ਼ਵ ਵਿਚ ਵਪਾਰ ਅਤੇ ਪੂੰਜੀ ਨਿਵੇਸ਼ ਵਿਚ ਘਟ ਰਹੇ ਪ੍ਰਤਿਬੰਧ, ਖ਼ਾਸ ਤੌਰ ਤੇ ਵਿਕਾਸਸ਼ੀਲ ਦੇਸ਼ਾਂ ਵਿਚ ਅਤੇ ਤਕਨਾਲੋਜੀ ਦਾ ਤੇਜ਼ੀ ਨਾਲ ਹੋ ਰਿਹਾ ਵਿਕਾਸ, ਜਿਸ ਨੇ ਵਿਸ਼ਵਵਿਆਪੀ ਸੇਵਾਵਾਂ ਦੇਣ ਨੂੰ ਸੰਭਵ ਕਰ ਦਿਖਾਇਆ ਹੈ। ਜਿਵੇਂ ਹੀ ਦੁਨੀਆਂ ਭਰ ਦੀਆਂ ਸਰਕਾਰਾਂ ਨੇ ਆਪਣੇ ਅੰਤਰਰਾਸ਼ਟਰੀ ਵਪਾਰ ਵਿਚ ਵਾਧਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਆਪਣੀ ਘਰੇਲੂ ਮੰਡੀ ਵਿਚ ਵਧੇਰੇ ਪੂੰਜੀ ਨਿਵੇਸ਼ ਖਿੱਚਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੇ ਵਪਾਰ ਅਤੇ ਪੂੰਜੀ ਨਿਵੇਸ਼ ਦੇ ਰਾਹ ਵਿਚ ਆਉਣ ਵਾਲੇ ਪ੍ਰਤਿਬੰਧਾਂ ਨੂੰ ਬਹੁਤ ਹੱਦ ਤਕ ਘਟਾ ਦਿਤਾ। ਜਿਥੇ ਇਸ ਨਾਲ ਨਿਵੇਸ਼ ਲਈ ਪੂੰਜੀ ਦਾ ਚਲਣ ਵਧਿਆ ਹੈ, ਇਸ ਨਾਲ, ਕੁਦਰਤੀ ਤੌਰ ਤੇ, ਸਰਕਾਰਾਂ ਦੇ ਮੁਕਾਬਲੇ ਪੂੰਜੀ ਨਿਵੇਸ਼ ਕਰਨ ਵਾਲਿਆਂ ਦੀ ਤਾਕਤ ਵਿਚ ਵਾਧਾ ਕੀਤਾ ਹੈ। ਸਰਕਾਰਾਂ ਨੂੰ, ਇਸ ਡਰ ਤੋਂ ਕਿ ਪੂੰਜੀ ਨਿਵੇਸ਼ਕ ਕਿਸੇ ਹੋਰ ਵਧੇਰੇ ਸਹੂਲਤ ਵਾਲੇ ਦੇਸ਼ ਵਿਚ ਆਪਣਾ ਨਿਵੇਸ਼ ਨਾ ਲੈਣ ਜਾਣ, ਉੱਚੇ ਵਪਾਰਕ ਪ੍ਰਤਿਬੰਧ ਰੱਖਣ ਤੋਂ ਸੰਕੋਚ ਹੋਣ ਲੱਗਾ। ਆਪਣੇ ਅਰਥਤੰਤਰ ਲਈ ਵਧੇਰੇ ਪੂੰਜੀ ਨਿਵੇਸ਼ ਖਿੱਚਣ ਲਈ ਉਨ੍ਹਾਂ ਵਲੋਂ ਘਰੇਲੂ ਨਿਯਮਿਤਾਵਾਂ ਅਤੇ ਵਿਸ਼ਵੀ ਨਿਯਮਿਤਾਵਾਂ ਵਿਚ ਤਾਲਮੇਲ ਬਿਠਾਉਣਾ ਦੇਖਣ ਨੂੰ ਮਿਲਿਆ। ਕਈ ਵਾਰ ਸਰਕਾਰਾਂ ਨਿਯਮਿਤਾਵਾਂ ਘਟਾਉਣ ਲਈ ਆਪਸ ਵਿਚ ਟਕਰਾ ਵੀ ਜਾਂਦੀਆਂ ਹਨ ਜਾਂ ਉਨ੍ਹਾਂ ਦਾ ਦੂਸਰੇ ਦੇਸ਼ਾਂ ਨਾਲ ਤਾਲਮੇਲ ਬਿਠਾਉਂਦੀਆਂ ਹਨ ਜਿਸ ਨਾਲ ਅਜਿਹੇ ਹਾਲਾਤ ਪੈਦਾ ਹੋ ਜਾਂਦੇ ਹਨ ਜਿਥੇ ਕਈ ਨਿਯਮਿਤਾਵਾਂ, ਜੋ ਰਾਸ਼ਟਰੀ ਸੰਦਰਭ ਵਿਚ ਘਰੇਲੂ ਉਤਪਾਦਕ ਜਾਂ ਉਪਭੋਗਤਾ ਦਾ ਫ਼ਾਇਦਾ ਕਰਦੀਆਂ ਹਨ ਜਾਂ ਤਾਂ ਹਟਾ ਦਿਤੀਆਂ ਗਈਆਂ ਹਨ ਜਾਂ ਵੱਧ ਤੋਂ ਵੱਧ ਤਰਮੀਮਾਂ ਕੀਤੀਆਂ ਗਈਆਂ ਹਨ।

ਵਿਸ਼ਵੀਕਰਨ ਦੇ ਹੋਰ ਵੀ ਮਾੜੇ ਅਸਰ ਹਨ, ਪਲੀਤੀ ਅਤੇ ਵਾਤਾਵਰਨ ਅਪਵਰਤਨ ਦਾ ਅਸਰ ਖੇਤਰ ਅਤੇ ਕਈ ਵਾਰ ਉਸ ਤੋਂ ਵੀ ਅੱਗੇ ਰਾਸ਼ਟਰੀ ਸਰਹੱਦਾਂ ਪਾਰ ਦਿਖਾਈ ਦਿੰਦਾ ਹੈ। ਵਧੇਰੇ ਵਿਸ਼ਵੀ ਸਫਰ ਨਵੀਆਂ ਬੀਮਾਰੀਆਂ ਦੇ ਤੇਜ਼ੀ ਨਾਲ ਫੈਲਣ ਦਾ ਕਾਰਨ ਬਣਦਾ ਹੈ। ਅਜਿਹੀਆਂ ਵਿਸ਼ਵੀ ਸਮੱਸਿਆਵਾਂ ਦੇ ਹੱਲ ਵੀ ਸਮੁੱਚੇ ਵਿਸ਼ਵ ਵਿਚ ਕਰਨ ਦੀ ਲੋੜ ਹੁੰਦੀ ਹੈ ਅਤੇ ਅਜਿਹੇ ਹੱਲ ਆਮ ਤੌਰ ਤੇ ਵਿਸ਼ਵੀ ਪੱਧਰ 'ਤੇ ਵਧੇਰੇ ਤਾਲਮੇਲ ਨਾਲ ਹੀ ਕੀਤੇ ਜਾ ਸਕਦੇ ਹਨ।

## ਸੁਮੇਲ ਅਤੇ ਉਸ ਦਾ ਅਸਰ

ਭਾਵੇਂ ਵਿਸ਼ਵੀ ਨਿਯਮਿਤਾਵਾਂ ਕੋਈ ਨਵੀਂ ਗੱਲ ਨਹੀਂ ਹੈ ਪਰ ਹਾਲ ਹੀ ਦੇ ਸਾਲਾਂ ਵਿਚ ਇਸ ਦਾ ਅਸਰ ਬਹੁਤ ਵਧ ਗਿਆ ਹੈ। ਵਪਾਰ, ਪੂੰਜੀ ਨਿਵੇਸ਼, ਬੈਂਕਿੰਗ, ਵਾਤਾਵਰਨ, ਸਿਹਤ ਅਤੇ ਬੌਧਿਕ ਸੰਪਦਾ ਅਧਿਕਾਰ ਜਿਹੇ ਵਿਭਿੰਨ ਖੇਤਰਾਂ ਵਿਚ ਸਰਕਾਰਾਂ ਨੇ ਵਿਸ਼ਵੀ ਮਿਆਰ ਅਪਣਾ ਲਏ ਹਨ ਜੋ ਫਿਰ ਘਰੇਲੂ ਤੌਰ ਤੇ ਵੀ ਲਾਗੂ ਕੀਤੇ ਜਾਂਦੇ ਹਨ। ਭਾਵ ਸੁਮੇਲ ਦੇ ਲਾਭ ਵੀ ਹਨ ਪਰ ਇਸ ਦੀ ਕੀਮਤ ਚੁਕਾਉਣੀ ਪੈਂਦੀ ਹੈ। ਵਿਸ਼ਵੀ ਮਿਆਰ ਕਈ ਵਾਰ ਘਰੇਲੂ ਫਰਮਾਂ ਵਲੋਂ ਬਾਹਰੀ ਬਾਜ਼ਾਰਾਂ ਤਕ ਪਹੁੰਚ ਹੋਣ ਵਿਚ ਅੜਿੱਕਾ ਬਣਦੇ ਹਨ, ਘਰੇਲੂ ਮਾਰਕੀਟ ਵਿਚ ਮੁਕਾਬਲਾ ਵਧਾ ਦਿੰਦੇ ਹਨ ਅਤੇ ਕਈ ਵਾਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਧਾ ਕੇ ਘਰੇਲੂ ਉਪਭੋਗਤਾਵਾਂ ਦੀ ਪਹੁੰਚ ਤੋਂ ਬਾਹਰ ਕਰ ਦਿੰਦੇ ਹਨ। ਇਸ ਤਰ੍ਹਾਂ ਪੂਰੀ ਦੁਨੀਆਂ ਵਿਚ ਨਿਯਮਿਤਾਵਾਂ ਦਾ ਵਿਸ਼ਵੀਕਰਨ ਪ੍ਰਸ਼ਾਸਨਿਕ ਪ੍ਰਣਾਲੀਆਂ ਉਪਰ ਵਧੇਰੇ ਜ਼ਿੰਮੇਵਾਰੀ ਪਾਉਂਦਾ ਹੈ। ਵਿਕਾਸਸ਼ੀਲ ਦੇਸ਼ਾਂ ਦੇ ਪ੍ਰਬੰਧਕਾਂ ਸਾਹਮਣੇ ਦੋ ਕਿਸਮ ਦੀਆਂ ਚੁਣੌਤੀਆਂ ਹਨ – ਨਾ ਸਿਰਫ਼ ਉਨ੍ਹਾਂ ਨੂੰ ਰਾਸ਼ਟਰੀ ਸੰਦਰਭ ਵਿਚ ਵਿਸ਼ਵੀ ਨਿਯਮਿਤਾਵਾਂ ਦੇ ਅਸਰ ਨੂੰ ਸਮਝਣ ਦੀ ਲੋੜ ਹੁੰਦੀ ਹੈ ਸਗੋਂ ਉਨਾਂ ਵਲੋਂ ਰਾਸ਼ਟਰੀ ਪ੍ਰਸ਼ਾਸਨਿਕ ਮਸ਼ੀਨਰੀ ਦੀ ਵਿਕਸਤ ਕਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਜੋ ਅਜਿਹੀਆਂ ਵਿਸ਼ਵੀ ਨਿਯਮਿਤਾਵਾਂ ਦੇ ਕਲਿਆਣਕਾਰੀ ਵੱਟਾ ਲੱਗਣ ਵਾਲੇ ਅਸਰਾਂ ਨੂੰ ਘੱਟ ਕੀਤਾ ਜਾ ਸਕੇ। ਵਿਸ਼ਵੀ ਵਿੱਤ ਸੰਕਟ ਨੇ ਸਮੁੱਚੀ ਦੁਨੀਆਂ ਨੂੰ ਇਹ ਮਹਿਸੂਸ ਕਰਵਾ ਦਿਤਾ ਹੈ ਕਿ ਵਿਸ਼ਵੀਕ੍ਰਿਤ ਦੁਨੀਆਂ ਵਿਚ ਵੀ ਵਿਸ਼ਵੀਕਰਨ ਦੇ ਫੇਲ ਹੋ ਜਾਣ ਦੀ ਸੂਰਤ ਵਿਚ ਹੋਣ ਵਾਲੇ ਅਸਰਾਂ ਨਾਲ ਨਜਿੱਠਣ ਲਈ ਘਰੇਲੂ ਨੀਤੀਆਂ ਬਹੁਤ ਮਹੱਤਵਪੂਰਨ ਹਨ।

ਸੀਤ ਯੁੱਧ ਦੇ ਖਾਤਮੇ ਤੋਂ ਬਾਅਦ ਨਿਯਮਿਤਾਵਾਂ ਦੇ ਸੁਮੇਲ ਦਾ ਦੌਰ ਵਧ ਰਿਹਾ ਹੈ। ਪੂਰਬੀ

ਬਲਾਕ ਦੇ ਛਹਿਢੇਰੀ ਹੋ ਜਾਣ ਤੋਂ ਬਾਅਦ ਅਰਥਤੰਤਰਾਂ ਵਿਚ ਆਉਣ ਵਾਲੇ ਖੁੱਲ੍ਹੇਪਨ ਨਾਲ, ਜੋ ਉਸ ਵੇਲੇ ਤਕ ਸੁਰੱਖਿਆ ਦੀਆਂ ਦੀਵਾਰਾਂ ਪਿੱਛੇ ਸੁਰੱਖਿਅਤ ਰੱਖੇ ਜਾ ਰਹੇ ਸਨ, ਵਿਸ਼ਵੀ ਵਪਾਰ ਅਤੇ ਪੂੰਜੀ ਨਿਵੇਸ਼ ਵਿਚ ਬਹੁਤ ਵਾਧਾ ਹੋਇਆ। ਇਸ ਨਾਲ ਬਹੁ-ਦੇਸ਼ੀ ਸੰਸਥਾਨਾਂ ਦੀ ਭੂਮਿਕਾ ਵੀ ਬਹੁਤ ਵਧ ਗਈ ਜਿਨ੍ਹਾਂ ਨੂੰ ਵਿਸ਼ਵੀ ਵਪਾਰ ਅਤੇ ਵਾਤਾਵਰਨ ਅਤੇ ਵਿੱਤੀ ਨਿਯਮਿਤਾਵਾਂ ਵਿਕਸਤ ਕਰਨ ਲਈ ਜ਼ਿੰਮੇਵਾਰੀ ਦਿਤੀ ਗਈ ਸੀ। ਇਸ ਸੰਦਰਭ ਵਿਚ, 1995 ਵਿਚ ਵਿਸ਼ਵ ਵਪਾਰ ਸੰਸਥਾਨ ਦੀ ਸਥਾਪਨਾ ਇਕ ਉੱਘਾ ਮੀਲ ਪੱਥਰ ਸੀ।

**ਪਹਿਲੇ ਗੈਟ ਸਮਝੌਤੇ ਨੂੰ, ਜਿਸ ਤਹਿਤ ਉਸ ਵੇਲੇ ਤਕ ਉਤਪਾਦਤ ਵਸਤਾਂ ਉੱਪਰ ਬੰਦਸ਼ਾਂ ਨਾਲ ਹੀ ਸੰਬੰਧਿਤ ਸੀ, ਦਾ ਪਸਾਰ ਵਧਾ ਕੇ ਇਕ ਵਿਸ਼ਵੀ ਬਹੁ-ਦੇਸ਼ੀ ਵਪਾਰ ਸੰਸਥਾਨ ਵਿਚ ਬਦਲ ਦਿਤਾ ਗਿਆ ਜਿਸ ਤਹਿਤ ਸੇਵਾਵਾਂ ਵਿਚ ਵਪਾਰ ਅਤੇ ਵਪਾਰ ਸੰਬੰਧੀ ਖੇਤਰਾਂ ਵਿਚ ਘਰੇਲੂ ਕਾਇਦੇ ਕਾਨੂੰਨ ਲਿਆਂਦੇ ਗਏ, ਜਿਵੇਂ ਕਿ ਬੌਧਿਕ ਜਾਇਦਾਦ ਅਧਿਕਾਰ ਅਤੇ ਪੂੰਜੀ ਨਿਵੇਸ਼। ਸੇਵਾਵਾਂ ਦੇ ਵਪਾਰ ਵਿਚ ਆਮ ਸਮਝੌਤੇ ਨੇ ਸਮੁੱਚੀ ਦੁਨੀਆਂ ਵਿਚ ਸੇਵਾਵਾਂ ਦੇ ਖੇਤਰ ਨੂੰ ਖੋਲ੍ਹ ਦਿਤਾ। ਬੌਧਿਕ ਜਾਇਦਾਦ ਅਧਿਕਾਰ ਸਮਝੌਤੇ ਦੀਆਂ ਵਪਾਰ ਸੰਬੰਧੀ ਮਦਾਂ (ਟਰਿੱਪਸ) ਨੇ ਵਿਕਾਸਸ਼ੀਲ ਦੇਸ਼ਾਂ ਵਿਚ ਬੌਧਿਕ ਜਾਇਦਾਦ ਅਧਿਕਾਰ ਨੂੰ ਸੁਰੱਖਿਆ ਪ੍ਰਦਾਨ ਕੀਤੀ। ਵਪਾਰ ਸੰਬੰਧੀ ਪੂੰਜੀ ਨਿਵੇਸ਼, ਨਿਵੇਸ਼ ਸੰਬੰਧੀ ਨਿਯਮਿਤਾਵਾਂ ਨੂੰ ਨਰਮ ਕਰਨਾ ਹੈ ਅਤੇ ਉਨ੍ਹਾਂ ਨੂੰ ਵਿਦੇਸ਼ੀ ਫਰਮਾਂ ਵਲੋਂ ਘਰੇਲੂ ਮੰਡੀਆਂ ਵਿਚ ਪੂੰਜੀ ਨਿਵੇਸ਼ ਕਰਨ ਲਈ ਆਸਾਨ ਬਣਾਉਣਾ ਹੈ।**

ਵਪਾਰ ਵਿਚ ਮੁੱਲ ਦੇ ਨਾਲ-ਨਾਲ, ਕਿਰਤ ਅਤੇ ਵਾਤਾਵਰਨ ਨੀਤੀਆਂ ਉਪਰ ਵੀ ਵਧੇਰੇ ਜ਼ੋਰ ਦਿਤਾ ਗਿਆ। ਭਾਵੇਂ ਵਿਕਾਸਸ਼ੀਲ ਦੇਸ਼ਾਂ ਨੇ ਇਸ ਦਾ ਕਾਮਯਾਬ ਤਰੀਕੇ ਵਿਰੋਧ ਕੀਤਾ ਪਰ ਫਿਰ ਵੀ ਅੰਤਰਰਾਸ਼ਟਰੀ ਵਪਾਰ ਨਿਯਮਿਤਾਵਾਂ ਵਿਚ ਵਾਤਾਵਰਨ ਅਤੇ ਕਿਰਤ ਦੇ ਘੱਟ ਤੋਂ ਘੱਟ ਮਿਆਰ ਦਰਜ ਕਰਨ ਦੀ ਪਹਿਲ ਕੀਤੀ ਗਈ। ਵਾਤਾਵਰਨ ਦੇ ਖੇਤਰ ਵਿਚ, ਕਿਓਟੋ ਪ੍ਰੋਟੋਕੋਲ ਗੈਸ ਨਿਕਾਸ ਘਟਾਉਣ ਲਈ, ਅਜਿਹੇ ਨਿਕਾਸਾਂ ਦੇ ਟੀਚੇ ਮਿਥ ਕੇ ਕਰਨਾ ਇਕ ਸੰਯੁਕਤ ਵਿਸ਼ਵੀ ਕੋਸ਼ਿਸ਼ ਸੀ। ਭਾਵੇਂ ਇਹ ਉਨ੍ਹਾਂ ਉੱਪਰ ਕੋਈ ਬੰਧਨ ਨਹੀਂ ਸੀ ਪਰ ਫਿਰ ਵੀ ਭਾਰਤ ਜਿਹੇ ਕਈ ਵਿਕਾਸਸ਼ੀਲ ਦੇਸ਼ਾਂ ਨੇ ਗਰੀਨ ਹਾਊਸ ਗੈਸ ਨਿਕਾਸ ਦੇ ਆਪਣੇ ਹੀ ਟੀਚੇ ਮਿਥ ਦਿਤੇ ਹਨ ਜੋ ਵਿਸ਼ਵੀ ਕੋਸ਼ਿਸ਼ਾਂ ਅਨੁਸਾਰ ਹਨ। ਅੰਤਰਰਾਸ਼ਟਰੀ ਵਿੱਤੀ ਸੰਸਥਾਨਾਂ ਜਿਵੇਂ ਕਿ ਅੰਤਰਰਾਸ਼ਟਰੀ ਸਮਝੌਤਿਆਂ ਲਈ ਵਿਸ਼ਵ ਬੈਂਕ ਨੇ ਵੀ ਮੈਂਬਰ ਦੇਸ਼ਾਂ ਵਿਚ ਬੈਂਕਾਂ ਲਈ ਕਾਫ਼ੀ ਪੂੰਜੀ ਅਤੇ ਉਨ੍ਹਾਂ ਦੀਆਂ ਰਾਖਵੀਆਂ ਲੋੜਾਂ ਲਈ ਕਾਇਦੇ ਕਾਨੂੰਨ ਬਣਾਉਣੇ ਸ਼ੁਰੂ ਕਰ ਦਿਤੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਨੀਤੀ ਦੇ ਵਧੇਰੇ ਸੁਮੇਲ ਨੇ ਵਿਸ਼ਵੀ ਵਪਾਰ ਅਤੇ ਪੂੰਜੀ ਨਿਵੇਸ਼ ਵਿਚ ਵਾਧਾ ਕੀਤਾ ਹੈ ਪਰ ਸੁਮੇਲ ਦੇ ਮਿਆਰ ਮਿਥਣ ਦੀ ਪ੍ਰਕਿਰਿਆ ਅਤੇ ਸੁਮੇਲ ਦੇ ਅਸਰ ਬਾਰੇ ਫ਼ੈਸਲਾ ਕਰਨ ਬਾਰੇ ਡੂੰਘੀ ਚਿੰਤਾ ਹੈ। ਵਿਸ਼ਵੀ ਸਮਝੌਤਿਆਂ ਲਈ ਗੱਲਬਾਤ ਦੀ ਪ੍ਰਕਿਰਿਆ ਉਸ ਨਾਲੋਂ ਬਿਲਕੁਲ ਭਿੰਨ ਹੈ ਜਿਸ ਰਾਹੀਂ ਰਾਸ਼ਟਰੀ ਕਾਨੂੰਨ ਬਣਾਏ ਜਾਂਦੇ ਹਨ। ਅਜਿਹੇ ਸਮਝੌਤੇ ਸਰਕਾਰੀ ਨੁਮਾਇੰਦਿਆਂ ਵਲੋਂ ਅੰਤਰਰਾਸ਼ਟਰੀ ਸੰਸਥਾਨਾਂ ਨਾਲ ਗੱਲਬਾਤ ਰਾਹੀਂ ਨੇਪਰੇ ਚੜ੍ਹਾਏ ਜਾਂਦੇ ਹਨ ਅਤੇ ਆਮ ਤੌਰ ਤੇ ਜਿਸ ਤਰ੍ਹਾਂ ਘਰੇਲੂ ਕਾਨੂੰਨ ਵਿਚਾਰ-ਵਟਾਂਦਰੇ ਅਤੇ ਪੜਚੋਲ ਵਿਚੋਂ ਲੰਘਦੇ ਹਨ, ਉਹ ਉਥੇ ਨਹੀਂ ਹੁੰਦਾ। ਬਹੁਤ ਸਾਰੇ ਦੇਸ਼ਾਂ ਵਿਚ, ਭਾਰਤ ਸਮੇਤ ਅੰਤਰਰਾਸ਼ਟਰੀ ਸਮਝੌਤੇ ਜੋ ਸਰਕਾਰਾਂ ਵਲੋਂ ਵਿਚਾਰ-ਵਟਾਂਦਰੇ ਕੀਤੇ ਜਾਂਦੇ ਹਨ ਅਤੇ ਸਹੀ ਕੀਤੇ ਜਾਂਦੇ ਹਨ, ਲਾਗੂ ਹੋਣ ਤੋਂ ਪਹਿਲਾਂ ਰਾਸ਼ਟਰੀ ਵਿਧਾਨ ਮੰਡਲਾਂ ਵਲੋਂ ਮਨਜ਼ੂਰ ਕੀਤੇ ਜਾਣੇ ਜ਼ਰੂਰੀ ਨਹੀਂ ਹੁੰਦੇ। ਇਸ ਨਾਲ ਅਜਿਹੇ ਸਮਝੌਤਿਆਂ ਦੀ ਪ੍ਰਮਾਣਿਕਤਾ ਉਪਰ ਵੀ ਚਿੰਤਾ ਹੋਣ ਲਗਦੀ ਹੈ।

ਕਈ ਅੰਤਰਰਾਸ਼ਟਰੀ ਸਮਝੌਤਿਆਂ ਦਾ ਘਰੇਲੂ ਤੌਰ ਤੇ ਅਜਿਹਾ ਕਲਿਆਣਕਾਰੀ ਘਟਾਊ ਅਸਰ ਨਹੀਂ ਹੁੰਦਾ ਜੋ ਪੂਰੀ ਦੁਨੀਆਂ ਵਿਚ ਸਰਕਾਰਾਂ ਨਜਿੱਠਣ ਵਿਚ ਕਠਿਨਾਈ ਮਹਿਸੂਸ ਕਰਨ। ਉਦਾਹਰਣ ਵਜੋਂ, ਬੌਧਿਕ ਸੰਪਦਾ ਅਧਿਕਾਰਾਂ ਬਾਰੇ ਸਮਝੌਤੇ ਦਾ ਵਪਾਰ ਸੰਬੰਧੀ ਮੁੱਦਿਆਂ ਨੇ ਵਿਕਾਸਸ਼ੀਲ ਦੇਸ਼ਾਂ ਵਿਚ ਫਰਮਾਂ ਰਾਹੀਂ ਪੇਟੈਂਟ ਦਵਾਈਆਂ ਦੀਆਂ ਪ੍ਰਜਾਤੀ ਕਿਸਮਾਂ ਬਣਾਉਣ ਨੂੰ ਬਹੁਤ ਜ਼ਿਆਦਾ ਮੁਸ਼ਕਿਲ ਬਣਾ ਦਿਤਾ ਹੈ। ਇਸ ਸਮਝੌਤੇ ਵਿਚ ਕੋਈ ਅਜਿਹੀ ਮਦ ਨਹੀਂ ਹੈ ਜੋ ਉਨ੍ਹਾਂ ਦੇਸ਼ਾਂ ਨੂੰ ਜੋ ਰਾਸ਼ਟਰੀ ਸਿਹਤ ਸੰਕਟਾਂ ਨਾਲ ਜੂਝ ਰਹੇ ਹੁੰਦੇ ਹਨ, ਦਵਾਈਆਂ ਤਕ ਪਹੁੰਚ ਯਕੀਨੀ ਬਣਾਉਣ ਲਈ ਪੇਟੈਂਟ ਕਾਇਦੇ ਕਾਨੂੰਨਾਂ ਦਾ ਪਾਰ ਪਾ ਸਕਣ। ਉਨ੍ਹਾਂ ਨੂੰ ਅਕਸਰ ਬਹੁਤ ਸਾਰੇ ਅੰਤਰਰਾਸ਼ਟਰੀ ਕਾਇਦੇ ਕਾਨੂੰਨਾਂ ਨਾਲ ਸਮਝੌਤਾ ਕਰਨਾ ਪੈਂਦਾ ਹੈ ਤਾਂ ਜੋ ਇਹ ਯਕੀਨੀ ਹੋ ਸਕੇ ਕਿ ਅਜਿਹੇ ਕਿਸੇ ਵੀ ਕਾਰਜ ਨਾਲ ਦੂਸਰੇ ਦੇਸ਼ ਬਦਲੇ ਦੀ ਭਾਵਨਾ ਨਾਲ ਬੰਦਸ਼ਾਂ ਨਾ ਲਗਾ ਦੇਣ। ਜਿਵੇਂ-ਜਿਵੇਂ ਦੁਨੀਆਂ ਵਿਚ ਵੱਧ ਤੋਂ ਵੱਧ ਦੇਸ਼ ਖੇਤਰੀ ਵਪਾਰ ਸਮਝੌਤੇ ਕਰਦੇ ਹਨ, ਉਹ ਅਕਸਰ ਵਾਤਾਵਰਨ ਮਿਆਰ ਅਤੇ ਕਿਰਤ ਮਿਆਰਾਂ ਦੇ ਖੇਤਰ ਵਿਚ ਰਿਆਇਤਾਂ ਦੇਣ ਲਈ ਦਬਾਅ ਹੇਠ ਆ ਜਾਂਦੇ ਹਨ ਜੋ ਘਰੇਲੂ ਉਦਯੋਗ ਅਤੇ ਕਿਰਤੀਆਂ ਦੇ ਹੱਕਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ।

## ਪ੍ਰਸ਼ਾਸਨਿਕ ਸਮਰਥਾ ਦਾ ਸੁਧਾਰ

ਵਿਸ਼ਵੀ ਨਿਯਮਿਤਾਵਾਂ ਦੇ ਸੁਮੇਲ ਦੇ ਅਸਰ ਤੋਂ ਸੁਭਾਵਕ ਸਵਾਲ ਉੱਠਦਾ ਹੈ ਕਿ ਉੱਭਰ ਦੀਆਂ ਚੁਣੌਤੀਆਂ ਨਾਲ ਵਿਕਾਸਸ਼ੀਲ ਦੇਸ਼ਾਂ ਦੀ ਸਮਰਥਾ ਕਿਸ ਤਰ੍ਹਾਂ ਨਜਿੱਠੇ। ਪ੍ਰਸ਼ਾਸਨ ਦੇ ਤਿੰਨ ਪਹਿਲੂ ਹਨ ਜਿਨ੍ਹਾਂ ਰਾਹੀਂ ਭਵਿੱਖ ਵਿਚ ਆਉਣ ਵਾਲੀਆਂ ਚੁਣੌਤੀਆਂ ਨੂੰ ਪ੍ਰਸ਼ਾਸਨਿਕ ਮਸ਼ੀਨਰੀ ਰਾਹੀਂ ਵਧੇਰੇ ਕਾਰਗਰ ਢੰਗ ਨਾਲ ਨਜਿੱਠਿਆ ਜਾ ਸਕਦਾ ਹੈ - ਸਮਰਥਾ ਵਧਾਉਣਾ, ਗਿਆਨ ਦਾ ਵਧੇਰੇ ਚੰਗਾ ਪ੍ਰਬੰਧਨ ਅਤੇ ਸਥਾਨਕ ਚਿੰਤਾਵਾਂ ਵੱਲ ਵਧੇਰੇ ਧਿਆਨ।

ਤਕਨਾਲੋਜੀ ਦਾ ਤੇਜ਼ੀ ਨਾਲ ਹੋ ਰਿਹਾ ਵਿਕਾਸ ਆਮ ਤੌਰ ਤੇ ਨਵੀਂ ਵਿਕਸਤ ਹੋ ਰਹੀ ਤਕਨਾਲੋਜੀ ਦੇ ਅਸਰਾਂ ਦੇ ਨਾਲ ਸਰਕਾਰਾਂ ਦੀ ਸਮਰਥਾ ਨਹੀਂ ਵਿਕਸਤ ਹੁੰਦੀ ਅਤੇ ਉਹ ਅਜਿਹੇ ਕਦਮ ਉਠਾ ਲੈਂਦੀਆਂ ਹਨ ਕਿ ਉਨ੍ਹਾਂ ਤਕਨਾਲੋਜੀਆਂ ਨੂੰ ਜਨਤਕ ਭਲਾਈ ਲਈ ਨਿਯਮਬਧ ਕੀਤਾ ਜਾਵੇ। ਜੀਵ ਵਿਗਿਆਨ ਵਿਚ ਬਹੁਤ ਤੇਜ਼ੀ ਨਾਲ ਹੋ ਰਿਹਾ ਵਿਕਾਸ, ਬੀਮਾਰੀਆਂ ਦੇ ਇਲਾਜ ਵਿਚ ਇਕ ਤੇਜ਼ ਲਹਿਰ ਵਾਂਗ ਮੌਕੇ ਪੈਦਾ ਕਰਦਾ ਹੈ ਪਰ ਨਾਲ-ਨਾਲ ਵੱਡੀਆਂ ਇਖਲਾਕੀ ਚਿੰਤਾਵਾਂ ਵੀ ਪੈਦਾ ਕਰਦਾ ਹੈ। ਸੰਚਾਰ ਤਕਨਾਲੋਜੀ ਦਾ ਵਿਕਾਸ ਸੂਚਨਾ ਤਕ ਪਹੁੰਚ ਬਹੁਤ ਤੇਜ਼ੀ ਨਾਲ

ਵਿਕਸਤ ਕਰਦਾ ਹੈ ਪਰ ਪਰਦੇ ਵਿਚ ਰੱਖਣ ਬਾਰੇ ਵੀ ਚਿੰਤਾ ਪੈਦਾ ਕਰਦਾ ਹੈ। ਊਰਜਾ ਤਕਨਾਲੋਜੀ ਦਾ ਵਿਕਾਸ, ਜਿਵੇਂ ਕਿ ਸ਼ੇਲ ਗੈਸ ਨੂੰ ਧਰਤੀ ਵਿਚੋਂ ਛੇਕ ਕਰ ਕੇ ਜਲ-ਸ਼ਕਤੀ ਪ੍ਰਣਾਲੀ ਰਾਹੀਂ ਤੋੜ ਕੇ ਕੱਢਣ ਦੇ ਖੇਤਰ ਵਿਚ ਹਾਲ ਦੀਆਂ ਪਹਿਲਾਂ ਨੇ ਆਵਾਜਾਈ ਦੇ ਖੇਤਰ ਵਿਚ ਤੇਲ ਦੇ ਬਦਲਾਉ ਦੇ ਤੌਰ ਤੇ ਊਰਜਾ ਸਰੋਤ ਦੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ ਪਰ ਇਸ ਨਾਲ ਵਾਤਾਵਰਨ ਉਪਰ ਹੋਣ ਵਾਲੇ ਅਸਰ ਦੀ ਵੀ ਚਿੰਤਾ ਪੈਦਾ ਕੀਤੀ ਹੈ। ਤਕਨਾਲੋਜੀ ਦੇ ਵੱਖ-ਵੱਖ ਖੇਤਰਾਂ ਵਿਚ ਇਨ੍ਹਾਂ ਘਟਨਾਵਾਂ ਨਾਲ ਸਰਕਾਰਾਂ ਵਲੋਂ ਢੁਕਵੀਆਂ ਨਿਯਮਿਤਾਵਾਂ ਕਾਇਮ ਕਰਨ ਦਾ ਸਵਾਲ ਵੀ ਖੜ੍ਹਾ ਕੀਤਾ ਹੈ। ਇਨ੍ਹਾਂ ਨੀਤੀ ਨਿਰਧਾਰਨਾਂ ਦਾ ਨਾ ਸਿਰਫ਼ ਰਾਸ਼ਟਰੀ ਪੱਧਰ 'ਤੇ ਸਗੋਂ ਵਿਸ਼ਵੀ ਪੱਧਰ 'ਤੇ ਵੀ ਤਾਲਮੇਲ ਕਰਨ ਦੀ ਲੋੜ ਹੁੰਦੀ ਹੈ। ਪਰ ਜੇ ਨਿਯਮਿਤਾਵਾਂ ਨੇ ਅਸਰਦਾਰ ਹੋਣਾ ਹੈ ਤਾਂ ਇਨ੍ਹਾਂ ਨੂੰ ਤਕਨਾਲੋਜੀ ਵਿਕਾਸ ਦੀ ਚਾਲ ਨਾਲ ਮੇਲ ਰੱਖਣਾ ਹੋਵੇਗਾ ਅਤੇ ਇਸ ਕਾਰਜ ਲਈ ਪ੍ਰਸ਼ਾਸਨਿਕ ਪ੍ਰਣਾਲੀਆਂ ਨੂੰ ਵਧੇਰੇ ਕਾਬਲ ਸਮਰਥਾ ਵਿਕਸਤ ਕਰਨ ਦੀ ਲੋੜ ਹੈ। ਤਕਨਾਲੋਜੀ ਦੀ ਯੋਜਨਾਬੰਦੀ ਅਤੇ ਉਸ ਬਾਰੇ ਭਵਿੱਖਬਾਣੀ ਕਰਨ ਲਈ ਮੁੱਢ ਤੋਂ ਕਿਰਿਆਸ਼ੀਲ ਨਿਯਮਿਤਾਵਾਂ ਬਹੁਤ ਮਹੱਤਵਪੂਰਨ ਹਨ। ਸਰਕਾਰੀ ਅਫ਼ਸਰ ਜੋ ਵਿਸ਼ਵੀ ਨਿਯਮਿਤਾਵਾਂ ਤਿਆਰ ਕਰਨ ਦੇ ਵਿਚਾਰ-ਵਟਾਂਦਰੇ ਵਿਚ ਸ਼ਾਮਿਲ ਹੁੰਦੇ ਹਨ, ਉਨ੍ਹਾਂ ਲਈ ਤਕਨਾਲੋਜੀ ਵਿਚ ਹੋ ਰਹੇ ਵਿਕਾਸ ਅਤੇ ਉਸ ਦੇ ਅਸਰ ਬਾਰੇ ਢੁਕਵੀਂ ਜਾਣਕਾਰੀ ਹਾਸਲ ਕਰਨਾ ਬਹੁਤ ਜ਼ਰੂਰੀ ਹੈ।

ਤਕਨਾਲੋਜੀ ਵਿਕਾਸ ਦੀ ਭਵਿੱਖਬਾਣੀ ਕਰਨ ਅਤੇ ਉਸ ਦਾ ਮੁੱਲੰਕਣ ਕਰਨ ਲਈ ਵੱਖ-ਵੱਖ ਸੰਸਥਾਨ ਹਨ ਪਰ ਸਰਕਾਰ ਦੇ ਵੱਖ-ਵੱਖ ਵਿਭਾਗ ਜੋ ਤਕਨਾਲੋਜੀ ਨਿਯਮਿਤਾਵਾਂ ਨਾਲ ਸੰਬੰਧਿਤ ਹਨ, ਉਨ੍ਹਾਂ ਵਿਚ ਤਾਲਮੇਲ ਦੀ ਕਮੀ ਹੈ। ਆਮ ਤੌਰ ਤੇ ਨਿਯਮਿਤਾ ਤਕਨਾਲੋਜੀ ਵਿਕਸਤ ਹੋਣ ਦੇ ਬਹੁਤ ਬਾਅਦ ਵਿਚ ਆਉਂਦੀ ਹੈ। ਨਿਯਮਿਤਾ ਅਤੇ ਭਵਿੱਖਬਾਣੀ ਵਿਚ ਵਧੇਰੇ ਤਾਲਮੇਲ ਨਾਲ ਨਿਯਮਿਤਾਵਾਂ ਵਲੋਂ ਤਕਨਾਲੋਜੀ ਵਿਕਾਸ ਦੀ ਚਾਲ ਨਾਲ ਮੇਲ ਖਾਣਾ ਯਕੀਨੀ ਹੋ ਜਾਵੇਗਾ ਜਿਸ ਨਾਲ ਪੂੰਜੀ ਨਿਵੇਸ਼ਕ ਅਤੇ ਉਪਭੋਗਤਾ ਦੋਹਾਂ ਲਈ ਵਧੇਰੇ ਮਜ਼ਬੂਤ ਵਾਤਾਵਰਨ ਮਿਲੇਗਾ ਇਸ ਤਾਲਮੇਲ ਲਈ ਕੋਈ ਵੱਡੇ ਪ੍ਰਸ਼ਾਸਨਿਕ ਸੁਧਾਰਾਂ ਜਾਂ ਚਾਲੂ ਨਿਯੰਤ੍ਰਿਤ ਢਾਂਚੇ ਵਿਚ ਬੁਨਿਆਦੀ ਤਬਦੀਲੀਆਂ ਦੀ ਲੋੜ ਨਹੀਂ ਹੁੰਦੀ। ਸਾਂਝੇ ਕੰਮਕਾਜੀ ਗਰੁੱਪਾਂ ਰਾਹੀਂ ਜਿਨ੍ਹਾਂ ਵਿਚ ਸਿਵਲ ਅਧਿਕਾਰੀ ਅਤੇ ਤਕਨੀਕੀ ਸੰਸਥਾਨ ਸ਼ਾਮਿਲ ਹੋਣ ਜੋ ਵਿਸ਼ੇਸ਼ ਖੇਤਰਾਂ ਵਿਚ ਤਕਨਾਲੋਜੀ ਵਿਕਾਸ ਦੀ ਭਵਿੱਖਬਾਣੀ ਕਰਨ ਦੀ ਕੋਸ਼ਿਸ਼ ਕਰਨ ਅਤੇ ਉਨ੍ਹਾਂ ਸੰਭਾਵਨਾਵਾਂ ਦੇ ਹੋਣ ਵਾਲੇ ਨਿਯੰਤ੍ਰਿਤ ਅਸਰਾਂ 'ਤੇ ਵੀ ਵਿਚਾਰ ਕਰਨ। ਵਧੇਰੇ ਅਸਰਦਾਰ ਨਿਯੰਤ੍ਰਣ ਲਈ ਕੁਝ ਖ਼ਾਸ ਸਮੇਂ ਤਕ ਵੱਖ-ਵੱਖ ਵਿਭਾਗਾਂ ਵਿਚ ਵਿਗਿਆਨੀਆਂ ਵਲੋਂ ਸ਼ਾਇਦ ਸਰਕਾਰੀ ਅਧਿਕਾਰੀਆਂ ਦੀ ਮਦਦ ਦੀ ਲੋੜ ਹੋਵੇ। ਇਸ ਲਈ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਨੂੰ ਜੋ ਤਕਨੀਕੀ ਸੰਸਥਾਨਾਂ ਵਿਚ ਕੰਮ ਕਰ ਰਹੇ ਹਨ ਭਾਵੇਂ ਉਹ ਦੇਸ਼ ਵਿਚ ਹੋਣ ਜਾਂ ਵਿਦੇਸ਼ਾਂ ਵਿਚ, ਅਜਿਹੇ ਤਕਨਾਲੋਜੀ ਵਿਕਾਸ ਤੋਂ ਜਾਣੂ ਕਰਵਾਉਣਾ ਹੋਵੇਗਾ ਜਿਸ ਦਾ ਨਿਯੰਤ੍ਰਣ ਉਪਰ ਅਸਰ ਪੈਂਦਾ ਹੈ।

**ਗਿਆਨ ਪ੍ਰਬੰਧਨ ਇਕ ਹੋਰ ਅਜਿਹਾ ਖੇਤਰ ਹੈ ਜਿਸ ਉਪਰ ਵਧੇਰੇ ਤਵੱਜੋ ਦੀ ਲੋੜ ਹੈ। ਪਿਛਲੇ ਸਮਿਆਂ ਵਿਚ ਜਦੋਂ ਤਕਨਾਲੋਜੀ ਵਿਕਾਸ ਦੀ ਗਤੀ ਮੱਧਮ ਸੀ ਤਾਂ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੇ ਪ੍ਰਸ਼ਾਸਨਿਕ ਅਜਿਹੇ ਤਕਨਾਲੋਜੀ ਉੱਨਤੀ ਦੇ ਅਸਰ ਸਮਝਣ ਲਈ ਮਾਹਰਾਂ ਦੀ ਮਦਦ ਲੈਂਦੇ ਸਨ। ਫਿਰ ਉਹ ਉਸ ਨਾਲ ਢੁਕਵੀਂ ਨੀਤੀ ਬਣਾਉਂਦੇ ਸਨ ਤਾਂ ਜੋ ਤਬਦੀਲੀ ਬੁਰੇ ਪ੍ਰਭਾਵਾਂ ਦੇ ਅਸਰ ਨੂੰ ਘੱਟ ਤੋਂ ਘੱਟ ਕਰਨਾ ਯਕੀਨੀ ਬਣਾ ਸਕਣ। ਪਰ ਤੇਜ਼ ਗਤੀ ਤਕਨਾਲੋਜੀ ਬਦਲਾਉ ਦੀ ਸੂਰਤ ਵਿਚ ਤਕਨਾਲੋਜੀ ਵਾਤਾਵਰਨ ਵਿਚ ਤਬਦੀਲੀਆਂ ਦਾ ਸਮਾਂ ਬਹੁਤ ਮਹੱਤਵਪੂਰਨ ਹੈ। ਜੇ ਪ੍ਰਤਿਕਿਰਿਆ ਨੂੰ ਅਸਰਦਾਰ ਦੇਖਣਾ ਹੈ ਤਾਂ ਉਸ ਨੂੰ ਪ੍ਰਸ਼ਾਸਕਾਂ ਵਲੋਂ ਤੁਰੰਤ ਅਮਲ ਵਿਚ ਲਿਆਉਣਾ ਪਵੇਗਾ। ਤੇਜ਼ੀ ਨਾਲ ਕੀਤੀ ਪ੍ਰਤਿਕਿਰਿਆ ਜੇ ਅਸਰਦਾਰ ਹੋਣੀ ਹੈ ਤਾਂ ਉਸ ਲਈ ਲੋੜੀਂਦੀ ਸੂਚਨਾ ਦੀ ਜ਼ਰੂਰਤ ਹੈ।**

ਗਿਆਨ ਪ੍ਰਬੰਧਨ ਪ੍ਰਣਾਲੀਆਂ ਪ੍ਰਸ਼ਾਸਕਾਂ ਦੇ ਹੱਥ ਵਿਚ ਲੋੜੀਂਦੀ ਜਾਣਕਾਰੀ ਦੇਣ ਦਾ ਇਕ ਅਸਰਦਾਰ ਜ਼ਰੀਆ ਹਨ। ਗਿਆਨ ਪ੍ਰਬੰਧਨ ਪ੍ਰਣਾਲੀਆਂ ਵਿਚ ਸੰਸਥਾਨ ਉਨ੍ਹਾਂ ਵਿਚ ਵੱਖ-ਵੱਖ ਪੱਧਰ 'ਤੇ ਉਪਲਬਧ ਗਿਆਨ ਦੀ ਵਰਤੋਂ ਸਮੱਸਿਆਵਾਂ ਦੇ ਵਿਸ਼ੇਸ਼ ਪਹਿਲੂਆਂ ਦੇ ਹੱਲ ਲਈ ਕਰਦੇ ਹਨ ਜੋ ਉਥੇ ਪੇਸ਼ ਆਉਂਦੀਆਂ ਹਨ। ਵੱਡੀਆਂ ਪ੍ਰਸ਼ਾਸਕੀ ਪ੍ਰਣਾਲੀਆਂ ਸਮੱਸਿਆਵਾਂ ਨਾਲ ਨਜਿੱਠਣ ਅਤੇ ਉਨ੍ਹਾਂ ਦੇ ਹੱਲ ਦੇ ਗਿਆਨ ਦਾ ਭੰਡਾਰ ਹਨ। ਆਮ ਤੌਰ ਤੇ ਅਜਿਹਾ ਗਿਆਨ ਕਿਸੇ ਵਿਅਕਤੀਗਤ ਪ੍ਰਸ਼ਾਸਨਿਕ ਜਾਂ ਵੱਧ ਤੋਂ ਵੱਧ ਕਿਸੇ ਇਕ ਸਰਕਾਰੀ ਵਿਭਾਗ ਕੋਲ, ਬਿਨਾਂ ਅਜਿਹੀ ਸੂਚਨਾ ਸਰਕਾਰ ਦੇ ਦੂਸਰੇ ਪੱਧਰਾਂ ਲਈ ਉਪਲਬਧ ਹੋਣ ਦੇ ਜੋ ਅਜਿਹੇ ਗਿਆਨ ਨੂੰ ਲਾਭਕਾਰੀ ਮੰਨਦੇ ਹਨ, ਰਹਿ ਜਾਂਦਾ ਹੈ। ਪ੍ਰਸ਼ਾਸਕਾਂ ਵਲੋਂ ਆਪਣਾ ਵਿਸ਼ੇਸ਼ ਹਾਲਤਾਂ ਨਾਲ ਨਿਪਟਣ ਦਾ ਗਿਆਨ ਦੂਜਿਆਂ ਨਾਲ ਕੋਡ ਰਾਹੀਂ ਸਾਂਝਾ ਕਰਨ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ ਜੋ ਬਾਅਦ ਵਿਚ ਦੂਸਰਿਆਂ ਦੀ ਪਹੁੰਚ ਵਿਚ ਵੀ ਆ ਜਾਣਾ ਚਾਹੀਦਾ ਹੈ। ਗਿਆਨ ਪ੍ਰਬੰਧਨ ਪ੍ਰਣਾਲੀਆਂ ਸੂਚਨਾ ਜਾਂ ਵਿਸ਼ੇ ਦੇ ਜਾਣਕਾਰਾਂ ਤਕ ਪਹੁੰਚ ਕਰਵਾ ਸਕਦੀਆਂ ਹਨ ਜੋ ਪ੍ਰਸ਼ਾਸਕਾਂ ਨੂੰ ਉਨ੍ਹਾਂ ਸਾਹਮਣੇ ਆ ਰਹੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਸਹੀ ਦਿਸ਼ਾ ਦਿਖਾ ਸਕਦੀਆਂ ਹਨ।

ਜਿਥੇ ਨਿਯੰਤ੍ਰਣ ਦਾ ਵਧੇਰੇ ਮਿਆਰੀਕਰਨ ਅਤੇ ਵਿਸ਼ਵੀਕਰਨ ਹੋ ਰਿਹਾ ਹੈ, ਆਮ ਤੌਰ ਤੇ ਅਜਿਹੇ ਨਿਯੰਤ੍ਰਣ ਦਾ ਅਸਰ ਸਥਾਨਕ ਤੌਰ ਤੇ ਮਹਿਸੂਸ ਕੀਤਾ ਜਾਂਦਾ ਹੈ। ਇਕੋ ਨਿਯੰਤ੍ਰਣ ਢਾਂਚਾ ਵੱਖ-ਵੱਖ ਸੰਬੰਧਿਤ ਧਿਰਾਂ ਉਪਰ ਵੱਖ-ਵੱਖ ਅਸਰ ਕਰ ਸਕਦਾ ਹੈ ਜਿਵੇਂ ਕਿ ਸ਼ੇਲ ਗੈਸ ਲਈ ਜਲ-ਸ਼ਕਤੀ ਨਾਲ ਤੋੜਨਾ ਜਿਸ ਨਾਲ ਉਦਾਹਰਣ ਵਜੋਂ, ਇਕ ਖੇਤਰ ਵਿਚ ਭੂਮੀ ਦੇ ਪਾਣੀ ਦੀ ਪੱਧਰ ਬਾਰੇ ਚਿੰਤਾ ਹੋ ਸਕਦੀ ਹੈ ਪਰ ਦੂਜੇ ਖੇਤਰ ਚਿੰਤਾ ਜ਼ਮੀਨੀ ਵਜੂਦ ਦੀ ਹੋ ਸਕਦੀ ਹੈ। ਸ਼ਾਇਦ ਵਪਾਰ ਤੋਂ ਪਾਬੰਦੀਆਂ ਹਟਾਉਣ ਨਾਲ ਕਿਸੇ ਇਕ ਖੇਤਰ ਵਿਚ ਛੋਟੇ ਅਤੇ ਦਰਮਿਆਨੇ ਦਰਜੇ ਦੇ ਉਦਯੋਗ ਉਪਰ ਅਸਰ ਪੈ ਸਕਦਾ ਹੈ ਜਦ ਕਿ ਇਹ ਦੂਜੇ ਖੇਤਰ ਵਿਚ ਸੇਵਾ ਖੇਤਰ ਦੀਆਂ ਫਰਮਾਂ ਨੂੰ ਲਾਭ ਪਹੁੰਚਾ ਸਕਦਾ ਹੈ। ਵਾਤਾਵਰਨ ਦੇ ਸਖਤ ਮਿਆਰ ਅਜਿਹੇ ਖੇਤਰਾਂ ਵਿਚ ਲਾਗੂ ਹੋ ਸਕਦੇ ਹਨ ਜੋ ਬਹੁਤ ਅਧਿਕ ਉਦਯੋਗੀਕਰਨ ਹੋ ਰੱਖੇ ਹਨ ਅਤੇ

*ਬਾਕੀ ਸਫ਼ਾ 21 ਉੱਤੇ*

# ਕੀ ਪ੍ਰਸ਼ਾਸਨਿਕ ਸੇਵਾਵਾਂ ਦੇ ਪ੍ਰਬੰਧ ਵਿਚ ਅਦਾਲਤੀ ਦਖ਼ਲ ਦੀ ਲੋੜ ਸੀ?

ਟੀ ਐਸ ਆਰ ਸੁਬਰਾਮਨੀਅਨ

## ਪ੍ਰਸ਼ਾਸਨਿਕ ਸੇਵਾਵਾਂ ਲਈ ਉੱਚਿਤ ਪ੍ਰਬੰਧਨ ਦੀ ਲੋੜ

ਭਾਰਤ ਸਰਕਾਰ ਸਮੇਤ ਇਸ ਤੱਥ ਨੂੰ ਵਿਆਪਕ ਪੱਧਰ 'ਤੇ ਪ੍ਰਗਟਾਇਆ ਗਿਆ ਹੈ ਕਿ ਮਾੜੇ ਢੰਗ ਨਾਲ ਲਾਗੂ ਕੀਤੇ ਜਾਣ ਅਤੇ ਕਮਜ਼ੋਰ ਨਿਗਰਾਨੀ ਨੇ ਸਰਕਾਰੀ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਪ੍ਰਭਾਵ ਨੂੰ ਢਾਹ ਲਾਈ ਹੈ ਅਤੇ ਇਨ੍ਹਾਂ ਨੂੰ ਕਮਜ਼ੋਰ ਕੀਤਾ ਹੈ। ਪ੍ਰਸ਼ਾਸਨਿਕ ਸੁਧਾਰਾਂ ਬਾਰੇ ਦੂਜੇ ਕਮਿਸ਼ਨ ਨੇ ਮੰਨਿਆ ਕਿ 'ਖ਼ੁਸ਼ਹਾਲੀ ਤੇ ਬਰਾਬਰੀ ਦੀ ਤਾਂਘ ਵਿਚ ਪ੍ਰਸ਼ਾਸਨ ਇਕ ਕਮਜ਼ੋਰ ਕੜੀ ਹੈ।' ਦਸਵੀਂ ਪੰਜ ਸਾਲਾ ਯੋਜਨਾ ਵਿਚ ਕਿਹਾ ਗਿਆ ਹੈ ਕਿ 'ਲੋਕਾਂ ਦੀ ਭਲਾਈ ਬਹੁਤ ਹੱਦ ਤਕ ਜਨਤਕ ਸਪੁਰਦਗੀ ਸਿਲਸਿਲੇ ਤੇ ਕਾਰਜਕੁਸ਼ਲਤਾ 'ਤੇ ਨਿਰਭਰ ਕਰਦੀ ਹੈ। 'ਸਰਬੋਤਮ ਵਿਉਂਤ' ਵੀ ਤਾਂ ਹੀ ਕਾਰਗਰ ਹੋ ਸਕੇਗੀ ਜੇ ਇਸ ਨੂੰ ਢੁਕਵੀਂ ਤਰ੍ਹਾਂ ਲਾਗੂ ਕੀਤਾ ਜਾਵੇ। ਸਾਰੇ ਜਨਤਕ ਅਦਾਰਿਆਂ ਵਿਚ ਕਾਰਜਕੁਸ਼ਲਤਾ ਤੇ ਜਵਾਬਦੇਹੀ ਹੀ ਦੇਸ਼ ਦੀਆਂ ਵੱਡੀਆਂ ਸੰਭਾਵਨਾਵਾਂ ਦਾ ਲਾਹਾ ਲੈਣ ਅਤੇ ਲਗਾਤਾਰ ਸਮਾਜਿਕ ਤਰੱਕੀ ਦੀ ਕੁੰਜੀ ਹੈ।" ਕਮਜ਼ੋਰ ਪ੍ਰਸ਼ਾਸਨ ਨੇ ਕਾਰਗੁਜ਼ਾਰੀ ਉਪਰ ਮਾੜਾ ਅਸਰ ਪਾਇਆ ਹੈ ਅਤੇ ਵਿੱਦਿਆ, ਜਨਤਕ ਸਿਹਤ ਜਿਹੇ ਅਹਿਮ ਖੇਤਰਾਂ ਸਮੇਤ ਕਈ ਅਤਿ ਮਹੱਤਤਾ ਵਾਲੇ ਹਲਕਿਆਂ ਵਿਚ ਅਪ੍ਰਵਾਨ ਯੋਗ ਮਾੜੇ ਨਤੀਜੇ ਮਿਲੇ, ਜਿਸ ਕਾਰਨ ਅੰਤਰਰਾਸ਼ਟਰੀ ਪੱਧਰ 'ਤੇ ਸਾਡੀ ਮਾੜੀ ਦਰਜੇਬੰਦੀ ਕੀਤੀ ਗਈ।

ਸਰਕਾਰੀ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਪੱਕੀ ਲੋਕ ਪ੍ਰਸ਼ਾਸਨ ਸੇਵਾ ਉਪਰ ਹੋਣ ਕਾਰਨ ਇਸ ਕਮੀ ਦਾ ਕਾਰਨ ਵੀ ਸਿੱਧੇ ਤੌਰ ਤੇ ਪ੍ਰਸ਼ਾਸਨਿਕ ਸੇਵਾ ਅਧਿਕਾਰੀਆਂ ਨੂੰ ਹੀ ਮਿਥਿਆ ਜਾ ਸਕਦਾ ਹੈ। ਨਤੀਜੇ ਹਾਸਲ ਕਰਨ ਵਿਚ ਲਗਾਤਾਰ ਨਾਕਾਮੀ ਸਪੱਸ਼ਟ ਰੂਪ ਵਿਚ ਇਹੀ ਦਰਸਾਉਂਦੀ ਹੈ ਕਿ ਹਰ ਅਸਫਲਤਾ ਪਿਛਲੇ ਮੂਲ ਕਾਰਨ ਮਾੜੇ ਪ੍ਰਸ਼ਾਸਨ ਕਰਕੇ ਸਕੀਮ ਨੂੰ ਸਹੀ ਤਰ੍ਹਾਂ ਲਾਗੂ ਨਾ ਕੀਤੇ ਜਾਣਾ ਹੈ। ਇਸ ਲਈ ਪ੍ਰਸ਼ਾਸਨਿਕ ਸੁਧਾਰਾਂ ਲਈ ਜ਼ਰੂਰੀ ਹੈ ਕਿ ਪਹਿਲਾਂ ਸਿਵਲ ਸੇਵਾ ਸੁਧਾਰ ਦੇ ਮੁੱਦੇ 'ਤੇ ਧਿਆਨ ਕੇਂਦਰਿਤ ਕੀਤਾ ਜਾਵੇ, ਜੋ ਕਿ ਅੱਗੋਂ ਪ੍ਰੋਗਰਾਮਾਂ ਨੂੰ ਲਾਗੂ ਕੀਤੇ ਜਾਣ ਅਤੇ ਸੇਵਾ ਮੁਹੱਈਆ ਕਰਾਉਣ ਦੇ ਸਾਰੇ ਪੱਖਾਂ ਨੂੰ ਅਸਰਅੰਦਾਜ਼ ਕਰਦਾ ਹੈ।

ਕੇਂਦਰੀ ਅਤੇ ਰਾਜ ਸਰਕਾਰਾਂ ਦੋਹਾਂ ਨੇ ਕਈ ਕਮੇਟੀਆਂ ਬਿਠਾਈਆਂ ਜਿਨ੍ਹਾਂ ਅਧਿਐਨ ਉਪਰੰਤ ਪ੍ਰਸ਼ਾਸਨ ਅਤੇ ਸਿਵਲ ਸੇਵਾ ਸੁਧਾਰ ਲਈ ਸਿਫ਼ਾਰਸ਼ਾਂ ਦਿਤੀਆਂ। ਇਨ੍ਹਾਂ ਸਾਰੀਆਂ ਕਮੇਟੀਆਂ ਨੇ ਨੌਕਰਸ਼ਾਹੀ ਨੂੰ ਬਾਹਰੀ ਦਬਾਅ ਤੋਂ ਸੁਰੱਖਿਅਤ ਕੀਤੇ ਜਾਣ ਅਤੇ ਆਜ਼ਾਦਾਨਾ ਢੰਗ ਨਾਲ ਕੰਮ ਕਰਨ ਦੇਣ ਦੀ ਲੋੜ ਉਪਰ ਸਹਿਮਤੀ ਪ੍ਰਗਟਾਈ ਤਾਂ ਜੋ ਉਹ ਬਿਨਾਂ ਕਿਸੇ ਡਰ ਜਾਂ ਲਿਹਾਜ਼ ਦੇ ਆਪਣੀ ਸੂਝਬੂਝ ਨਾਲ ਕੰਮ ਕਰ ਸਕੇ। ਭਾਵੇਂ ਇਨ੍ਹਾਂ ਕਮੇਟੀਆਂ ਦੀਆਂ ਕਈ ਸਿਫ਼ਾਰਸ਼ਾਂ ਵਿਆਪਕ ਤੌਰ ਤੇ ਇਕ ਸਮਾਨ ਰਹੀਆਂ ਹਨ ਪਰ ਉਨ੍ਹਾਂ ਨੂੰ ਪ੍ਰਵਾਨ ਅਤੇ ਲਾਗੂ ਨਹੀਂ ਕੀਤਾ ਗਿਆ। ਇਸ ਪ੍ਰਸੰਗ ਵਿਚ ਦੂਜੇ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ (2006-2008) ਵਿਚ ਵਿਚਾਰ ਜ਼ਾਹਿਰ ਕੀਤਾ ਗਿਆ ਕਿ ਦੇਸ਼ ਵਿਚ ਲੋਕ ਪ੍ਰਸ਼ਾਸਨ ਦੇ ਵੱਖ-ਵੱਖ ਪੱਖਾਂ ਦੀ ਘੋਖ ਲਈ ਛੇ ਸੌ ਤੋਂ ਵੱਧ ਕਮੇਟੀਆਂ ਅਤੇ ਕਮਿਸ਼ਨ ਬਣਨ ਦੇ ਬਾਵਜੂਦ ਇਹ ਹੈਰਾਨੀਜਨਕ ਗੱਲ ਹੈ ਕਿ ਪ੍ਰਸ਼ਾਸਨਿਕ ਸੇਵਾਵਾਂ ਦੇ ਮੁੜ ਗਠਨ ਤੇ ਨਵੀਂ ਨੁਹਾਰ ਲਈ ਕੋਈ ਸੁਹਿਰਦ ਉਪਾਅ ਨਹੀਂ ਕੀਤੇ ਗਏ। ਭਾਰਤੀ ਸੁਧਾਰਾਂ ਦੀ ਕੋਸ਼ਿਸ਼ ਪੱਕੇ ਤੌਰ ਤੇ ਰਵਾਇਤੀ ਬਣੀ ਰਹੀ ਹੈ, ਆਪਣੇ ਸੀਮਤ ਅਸਰ ਨਾਲ ਭਾਰਤ ਵਿਚ ਸਿਵਲ ਪ੍ਰਸ਼ਾਸਨਿਕ ਸੁਧਾਰ ਨੇ ਲੋਕ ਪ੍ਰਸ਼ਾਸਨਿਕ ਸੇਵਾਵਾਂ ਦੀ ਨਾ ਤਾਂ ਪ੍ਰਭਾਵਕਤਾ 'ਤੇ ਨਾ ਹੀ ਜਵਾਬਦੇਹੀ ਵਿਚ ਕੋਈ ਅਰਥਮੂਲਕ ਵਾਧਾ ਕੀਤਾ ਹੈ।

ਹੋਤਾ ਕਮੇਟੀ ਅਤੇ ਸੰਥਾਨਮ ਕੇਮਟੀ ਨੇ ਮੰਨਿਆ ਕਿ ਲੋਕ ਪ੍ਰਸ਼ਾਸਨਿਕ ਸੇਵਾਵਾਂ ਅੰਦਰ ਈਮਾਨਦਾਰੀ ਅਤੇ ਜਵਾਬਦੇਹੀ ਦੇ ਮਿਆਰਾਂ ਦੇ ਹੇਠਾਂ ਡਿੱਗਣ ਵਿਚ ਵੱਡੀ ਭੂਮਿਕਾ ਜ਼ੁਬਾਨੀ ਹਦਾਇਤਾਂ ਜਾਂ ਹੁਕਮ ਮੰਨਦਿਆਂ ਕੰਮ ਕਰਨ ਜਾਂ ਫ਼ੈਸਲੇ ਜਾਰੀ ਕਰਨ ਦੀ ਪਿਰਤ ਹੈ।

ਮੌਜੂਦਾ ਸਮੇਂ ਵਿਚ ਉੱਚੇਰੀਆਂ ਲੋਕ ਪ੍ਰਸ਼ਾਸਨਿਕ ਸੇਵਾਵਾਂ ਨਾਲ ਸੰਬੰਧਿਤ ਤਬਾਦਲੇ, ਤਰੱਕੀਆਂ, ਅਨੁਸ਼ਾਸਨ ਅਤੇ ਹੋਰ ਨਿੱਜੀ ਮਾਮਲਿਆਂ ਦਾ ਸਿਲਸਿਲਾ ਗ਼ੈਰ-ਪਾਰਦਰਸ਼ੀ ਅਤੇ ਆਰਜ਼ੀ ਸੁਭਾਅ ਵਾਲਾ ਹੈ। ਸਥਾਨਕ ਸਿਆਸੀ ਨੇਤਾਵਾਂ ਅਤੇ ਹੋਰ ਸੌੜੇ ਹਿੱਤਾਂ ਵਾਲੇ ਅਨਸਰਾਂ ਦੀਆਂ ਨਿੱਜੀ ਲੋੜਾਂ ਅਤੇ ਮਨਮਰਜ਼ੀ 'ਤੇ ਚਲਦਿਆਂ ਲੋਕ-ਪ੍ਰਸ਼ਾਸਨਿਕ ਸੇਵਾਵਾਂ ਦੇ ਅਧਿਕਾਰੀਆਂ ਦੇ ਬਾਰ-ਬਾਰ ਤਬਾਦਲੇ ਕੀਤੇ ਜਾਂਦੇ ਹਨ ਅਤੇ ਇਸ ਨੂੰ ਇਨਾਮ ਜਾਂ ਸਜ਼ਾ ਵਜੋਂ ਵਰਤਿਆ ਜਾਂਦਾ ਹੈ। ਰਾਜ ਸਰਕਾਰਾਂ ਵਿਚ ਸੇਵਾ ਨਿਭਾਅ ਰਹੇ ਸਰਬ-ਭਾਰਤੀ ਸੇਵਾਵਾਂ ਦੇ ਅਧਿਕਾਰੀ ਦੇ ਇਕ ਥਾਂ 'ਤੇ ਅਹੁਦੇ ਉਤੇ ਬਣੇ ਰਹਿਣ ਨੂੰ ਲੈ ਕੇ ਕੋਈ ਸਥਿਰਤਾ ਜਾਂ ਸੁਰੱਖਿਆ ਨਹੀਂ ਹੈ। ਤਬਾਦਲਿਆਂ ਦੀ ਸੱਨਅਤ ਨੂੰ ਤਾਕਤਵਰ ਗਲਤ ਅਨਸਰਾਂ ਦੀ ਹਮਾਇਤ ਹਾਸਿਲ ਹੈ ਕਿਉਂਕਿ ਬਾਰ-ਬਾਰ ਕੀਤੇ ਜਾਣ ਵਾਲੇ ਤਬਾਦਲੇ ਸਿੱਧੇ ਅਤੇ ਅਸਿੱਧੇ ਦੋਹਾਂ ਰੂਪਾਂ ਵਿਚ ਭ੍ਰਿਸ਼ਟ ਅਧਿਕਾਰੀਆਂ ਅਤੇ ਨੇਤਾਵਾਂ ਲਈ ਵੱਡੇ ਪੱਧਰ 'ਤੇ ਕਾਲਾ ਧਨ ਉਪਜਾਉਂਦੇ ਹਨ।

ਪ੍ਰਸ਼ਾਸਨਿਕ ਸੁਧਾਰਾਂ ਬਾਰੇ ਸਾਰੇ ਕਮਿਸ਼ਨਾਂ

ਅਤੇ ਕਮੇਟੀਆਂ ਨੇ ਸਭ ਪੱਧਰਾਂ ਉੱਪਰ ਤਬਾਦਲਿਆਂ ਨਾਲ ਗ਼ੈਰ-ਸਿਆਸੀ, ਨਿਰਪੱਖ, ਖੁੱਲ੍ਹੇ ਅਤੇ ਪਾਰਦਰਸ਼ੀ ਢੰਗ ਨਾਲ ਨਜਿੱਠੇ ਜਾਣ ਦੀ ਲੋੜ 'ਤੇ ਜ਼ੋਰ ਦਿਤਾ ਹੈ। ਹੋਤਾ ਕਮੇਟੀ ਨੇ ਸਰਕਾਰੀ ਨੀਤੀਆਂ ਅਤੇ ਪ੍ਰੋਗਰਾਮਾਂ ਦੇ ਲਾਗੂ ਹੋਣ ਵਿਚ ਕੁਤਾਹੀ ਲਈ ਅਧਿਕਾਰੀਆਂ ਦੇ ਇਕ ਥਾਂ ਤੈਸ਼ੁਦਾ ਸਮੇਂ ਤਕ ਲਈ ਅਹੁਦੇ ਉਪਰ ਬਣੇ ਰਹਿਣ ਦੀ ਅਣਹੋਂਦ ਨੂੰ ਜਵਾਬਦੇਹੀ ਦੀ ਕਮੀ, ਸਰਕਾਰੀ ਧਨ ਦੀ ਬਰਬਾਦੀ ਅਤੇ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਦਾ ਮੁੱਖ ਕਾਰਨ ਦੱਸਿਆ ਹੈ। ਚੰਗਾ ਪ੍ਰਸ਼ਾਸਨ ਅਹੁਦੇ 'ਤੇ ਲਮੇਂ ਸਮੇਂ ਤਕ ਲਗਾਤਾਰ ਬਣੇ ਰਹਿਣ ਤੋਂ ਬਿਨਾਂ ਸੰਭਵ ਨਹੀਂ ਅਤੇ ਸੂਝ-ਬੂਝ ਵਾਲਾ ਪ੍ਰਸ਼ਾਸਨ ਸਥਾਨਕ ਗਿਆਨ ਤੋਂ ਬਿਨਾਂ ਸੰਭਵ ਨਹੀਂ ਹੈ।

ਮੁੱਖ ਮੰਤਰੀਆਂ ਦੀ ਕਾਨਫਰੰਸ (1997) ਵਿਚ ਵਿਚਾਰ ਜ਼ਾਹਿਰ ਕੀਤਾ ਗਿਆ ਕਿ ਨੌਕਰਸ਼ਾਹਾਂ ਦੇ ਬਾਰ-ਬਾਰ ਅਤੇ ਮਨਮਰਜ਼ੀ ਨਾਲ ਕੀਤੇ ਜਾਣ ਵਾਲੇ ਤਬਾਦਲੇ ਲੋਕਾਂ ਤਕ ਸੇਵਾਵਾਂ ਨੂੰ ਅਸਰਦਾਇਕ ਢੰਗ ਨਾਲ ਮੁਹੱਈਆ ਕਰਵਾਉਣ ਦੇ ਸਿਲਸਿਲੇ ਦੀ ਸਮਰੱਥਾ ਨੂੰ ਪ੍ਰਭਾਵਤ ਕਰਦੇ ਹਨ। ਇਸ ਨੇ ਵੱਖ-ਵੱਖ ਰਾਜਾਂ ਵਿਚ ਲੋਕ ਪ੍ਰਸ਼ਾਸਨਿਕ ਸੇਵਾਵਾਂ ਬਾਰੇ ਬੋਰਡ ਕਾਇਮ ਕੀਤੇ ਜਾਣ ਦੀ ਸਿਫ਼ਾਰਸ਼ ਵੀ ਕੀਤੀ ਸੀ। ਤਬਾਦਲਿਆਂ, ਤਰੱਕੀਆਂ, ਤਫ਼ਤੀਸ਼, ਅਨੁਸ਼ਾਸਨ, ਕਾਰਵਾਈਆਂ, ਇਨਾਮ ਅਤੇ ਸਜ਼ਾਵਾਂ ਵਿਚ ਸਿੱਧਾ ਸਿਆਸੀ ਨਿਯੰਤ੍ਰਣ ਜਾਂ ਹਦਾਇਤ ਨਾਲ ਲੋਕ ਪ੍ਰਸ਼ਾਸਨਿਕ ਸੇਵਾਵਾਂ ਦੀ ਸਮਰੱਥਾ, ਮਨੋਬਲ ਕਾਰਜ, ਕੁਸ਼ਲਤਾ ਨੂੰ ਢਾਹ ਲਾਈ ਹੈ। ਇਨ੍ਹਾਂ ਮਾਮਲਿਆਂ ਦਾ ਗ਼ੈਰ ਸਿਆਸੀਕਰਨ ਕੀਤੇ ਜਾਣ ਅਤੇ ਸੁਤੰਤਰ ਲੋਕ ਪ੍ਰਸ਼ਾਸਨਿਕ ਸੇਵਾ ਬੋਰਡਾਂ ਦੇ ਹਵਾਲੇ ਕੀਤੇ ਜਾਣ ਦੀ ਲੋੜ ਦੱਸੀ ਗਈ ਜੋ ਕਿ ਨੇੜਿਉਂ ਨਜ਼ਰਸਾਨੀ ਕਰਦਿਆਂ ਸਾਰੇ ਪੱਧਰਾਂ ਉਪਰ ਜਵਾਬਦੇਹੀ ਯਕੀਨੀ ਬਣਾਉਣਗੇ ਅਤੇ ਤਬਾਦਲਿਆਂ ਦੀ ਪਾਰਦਰਸ਼ੀ ਅਤੇ ਤਰਕਸੰਗਤ ਢੰਗ ਨਾਲ ਨੇਮਬੰਦੀ ਕਰਨਗੇ, ਈਮਾਨਦਾਰ ਨੌਕਰਸ਼ਾਹਾਂ ਦੀ ਸੁਰੱਖਿਆ ਅਤੇ ਜਨਤਕ ਭਰੋਸੇ ਨੂੰ ਤੋੜਨ ਵਾਲੇ ਅਧਿਕਾਰੀਆਂ ਦੀ ਸ਼ਨਾਖ਼ਤ ਕਰ ਕੇ ਢੁੱਕਵੀਂ ਸਜ਼ਾ ਸੁਣਾਉਣਗੇ।

ਲੋਕ ਪ੍ਰਸ਼ਾਸਨਿਕ ਸੇਵਾ ਸੁਧਾਰਾਂ ਨੂੰ ਲਾਗੂ ਕਰਨ ਅਤੇ ਤਬਾਦਲਿਆਂ ਉਪਰ ਤਰਕਸੰਗਤ ਅਤੇ ਪਾਰਦਰਸ਼ੀ ਨੀਤੀ ਬਣਾਏ ਜਾਣ ਨਾਲ ਲੋਕ-ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸਿਆਸੀ ਅਦਾਰਿਆਂ ਦੇ ਗਲਤ ਅਤੇ ਕਾਨੂੰਨੋਂ ਬਾਹਰੇ ਦਬਾਅ ਤੋਂ ਬਚਾਏ ਜਾਣ ਦਾ ਰਾਹ ਮਿਲੇਗਾ।

## ਪ੍ਰਸ਼ਾਸਨਿਕ ਕੰਮਕਾਜ ਚਲਾਉਣ ਉਪਰ ਜਨਹਿਤ ਅਪੀਲ

ਇਹ ਲੋਕ ਪ੍ਰਸ਼ਾਸਨਿਕ ਸੇਵਾਵਾਂ ਦੇ ਪ੍ਰਬੰਧਨ ਵਿਚ ਲੋੜੀਂਦੇ ਸੁਧਾਰ ਦੀ ਲਗਾਤਾਰ ਵਾਅਦਾ ਖ਼ਿਲਾਫ਼ੀ ਅਤੇ ਝਿਜਕ ਦੇ ਪਿਛੋਕੜ ਵਿਚ ਲੋਕ ਪ੍ਰਸ਼ਾਸਨਿਕ ਸੇਵਾਵਾਂ ਦੇ ਸੇਵਾ-ਮੁਕਤ ਅਧਿਕਾਰੀਆਂ ਦੇ ਇਕ ਸਮੂਹ ਨੇ ਸਰਬੋਚ ਅਦਾਲਤ ਨੂੰ ਦਖ਼ਲ ਦੇਣ ਲਈ ਕਹਿੰਦਿਆਂ ਉਸ ਤਕ ਪਹੁੰਚ ਕੀਤੀ। ਇਹ ਅਪੀਲ ਨਾ ਤਾਂ ਸੇਵਾ ਨਿਭਾਅ ਰਹੇ ਅਧਿਕਾਰੀਆਂ ਦੀ ਭਲਾਈ ਨਾਲ ਸੰਬੰਧਿਤ ਸੀ ਅਤੇ ਨਾ ਹੀ ਉਨ੍ਹਾਂ ਵਲੋਂ ਮਨਮਰਜ਼ੀ ਨਾਲ ਕੀਤੇ ਜਾਣ ਵਾਲੇ ਤਬਾਦਲਿਆਂ ਅਤੇ ਕੁਝ ਖ਼ਾਸ ਸਰੋਕਾਰ ਰੱਖਣ ਵਾਲੇ ਅਨਸਰਾਂ ਕਾਰਨ ਪੇਸ਼ ਹੋਣ ਵਾਲੀਆਂ ਦੁੱਖ ਤਕਲੀਫ਼ਾਂ ਬਾਰੇ ਸੀ, ਸਗੋਂ ਇਹ ਜਨਤਾ ਉਪਰ ਆਮ ਤੌਰ ਤੇ ਪੈਣ ਵਾਲੇ ਮਾਰੂ ਪ੍ਰਭਾਵ ਦੀ ਸੀ ਕਿਉਂਕਿ ਲੋਕ ਪ੍ਰਸ਼ਾਸਨਿਕ ਸੇਵਾਵਾਂ ਨੂੰ ਢੁਕਵੇਂ ਢੰਗ ਨਾਲ ਨਿਭਾਉਣ ਨਹੀਂ ਦਿਤਾ ਜਾ ਰਿਹਾ ਜਾਂ ਕਹਿ ਲਓ ਇਹ ਲੋਕ ਪ੍ਰਸ਼ਾਸਨਿਕ ਸੇਵਾਵਾਂ ਦੇ ਸੁਧਰੇ ਹੋਏ ਤਰਕਸੰਗਤ ਪ੍ਰਬੰਧਨ ਨਾਲ ਸੰਬੰਧਿਤ ਅਪੀਲ ਸੀ ਜੋ ਕਿ ਸੁਧਰੇ ਹੋਏ ਲੋਕ ਪ੍ਰਸ਼ਾਸਨ ਦੀ ਅਗਾਉਂ ਲੋੜ ਹੈ।

***ਜਨਹਿਤ ਅਪੀਲ (2011) ਦੇ ਹੇਠ ਲਿਖੇ ਵਿਸ਼ੇਸ਼ ਨੁਕਤੇ ਸਨ :***

- ਹੋਤਾ ਕਮੇਟੀ (2004) ਦੂਜੇ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ (2008) ਅਤੇ ਪ੍ਰਭਾਵਕਾਰੀ ਅਤੇ ਪ੍ਰਤਿਕਰਮ ਵਾਲੇ ਪ੍ਰਸ਼ਾਸਨ ਬਾਰੇ ਮੁੱਖ ਮੰਤਰੀਆਂ ਦੀ ਕਾਨਫਰੰਸ (1997) ਦੀਆਂ ਸਿਫ਼ਾਰਸ਼ਾਂ ਤਹਿਤ ਕੇਂਦਰ ਅਤੇ ਰਾਜਾਂ ਦੋਹਾਂ ਪੱਧਰਾਂ 'ਤੇ ਸੁਤੰਤਰ ਲੋਕ ਪ੍ਰਸ਼ਾਸਨ ਸੇਵਾ ਬੋਰਡ ਜਾਂ ਕਮਿਸ਼ਨ ਦੀ ਸਥਾਪਨਾ ਬਾਰੇ ਹਦਾਇਤ ਦੇਣਾ।

- ਕਮਿਸ਼ਨ (1986), ਕੇਂਦਰੀ ਸਟਾਫਿੰਗ ਸਕੀਮ (1996) ਅਤੇ ਦੂਜੇ ਪ੍ਰਸ਼ਾਸਨਿਕ ਸੁਧਾਰਾਂ ਬਾਰੇ ਕਮਿਸ਼ਨ (2008) ਅਤੇ ਹੋਤਾ ਕਮੇਟੀ ਰਿਪੋਰਟ (2004) ਦੀਆਂ ਸਿਫ਼ਾਰਿਸ਼ਾਂ ਤਹਿਤ ਨੌਕਰਸ਼ਾਹਾਂ ਦੀ ਅਹੁਦੇ ਦੌਰਾਨ ਸਥਿਰਤਾ ਬਣਾਉਣ ਲਈ ਅਹੁਦੇ ਉਪਰ ਬਣੇ ਰਹਿਣ ਦੀ ਤੈਸ਼ੁਦਾ ਮਿਆਦ ਦੀ ਲੋੜ ਬਾਰੇ ਹਦਾਇਤ ਜਾਰੀ ਕਰਨਾ।

ਸਰਬ ਭਾਰਤੀ ਸੇਵਾਵਾਂ ਬਾਰੇ ਨੀਤੀਗਤ ਨੇਮ (ਕੰਡਕਟ-ਰੂਲ) 1968) ਅਤੇ ਸੰਥਾਨਮ ਕਮੇਟੀ ਰਿਪੋਰਟ (1962) ਵਲੋਂ ਪ੍ਰਵਾਨਿਤ ਨੇਮਾਂ ਤਹਿਤ ਨਾ ਸਿਰਫ਼ ਪ੍ਰਸ਼ਾਸਨਿਕ ਪੱਖੋਂ ਆਪਣੇ ਸੀਨੀਅਰ ਅਫ਼ਸਰ ਸਗੋਂ ਸਿਆਸੀ ਅਥਾਰਿਟੀਆਂ, ਵਿਧਾਨਕ ਕਾਨੂੰਨਸਾਜ਼ਾਂ ਅਤੇ ਵਪਾਰਕ ਹਿਤਾਂ ਵਾਲੀਆਂ ਉਘੀਆਂ ਸ਼ਖ਼ਸੀਅਤਾਂ ਦੀਆਂ ਹਦਾਇਤਾਂ, ਸੁਝਾਵਾਂ ਆਦਿ ਨੂੰ ਰਸਮੀ ਤੌਰ ਤੇ ਦਰਜ ਕਰਨ ਦੀ ਲੋੜ ਬਾਰੇ ਆਦੇਸ਼ ਜਾਰੀ ਕਰਨਾ।

ਉਪਰੋਕਤ ਮੰਗਾਂ ਸਪੱਸ਼ਟ ਰੂਪ ਵਿਚ ਵਾਜਬ ਹਨ ਅਤੇ ਕਿਸੇ ਕਾਰਗਰ ਲੋਕਰਾਜ ਵਿਚ ਆਮ ਤੌਰ ਤੇ ਇਹ ਯਕੀਨਨ ਹੀ ਕੰਮ ਕਰ ਰਹੀਆਂ ਮੰਨੀਆਂ ਜਾਂਦੀਆਂ ਹਨ। ਅਜਿਹੀਆਂ ਹੀ ਸਿਫ਼ਾਰਸ਼ਾਂ ਸਮੇਂ-ਸਮੇਂ 'ਤੇ ਪ੍ਰਸ਼ਾਸਨਿਕ ਸੁਧਾਰ ਕਮਿਸ਼ਨਾਂ ਤੇ ਕਮੇਟੀਆਂ ਵਲੋਂ ਕੀਤੀਆਂ ਗਈਆਂ ਹਨ।

ਅਕਤੂਬਰ 2013 ਵਿਚ ਆਪਣੇ ਅਹਿਮ ਫ਼ੈਸਲੇ ਤਹਿਤ ਸੁਪਰੀਮ ਕੋਰਟ ਨੇ ਇਸ ਜਨਹਿਤ ਅਰਜ਼ੀ ਪਿਛਲੇ ਤਰਕ ਦੀ ਪੂਰੀ ਹਮਾਇਤ ਕਰਦਿਆਂ, ਜਨਹਿਤ ਤਹਿਤ ਆਪਣੇ ਦਖ਼ਲ ਦੀ ਲੋੜ ਕਬੂਲ ਕੀਤੀ। ਇਸ ਨੇ ਕੇਂਦਰ ਅਤੇ ਰਾਜਾਂ ਵਿਚ ਨੌਕਰਸ਼ਾਹੀ ਲਈ ਅਹੁਦੇ ਉਪਰ ਇਕ ਮਿੱਥੇ ਸਮੇਂ ਤਕ ਬਣੇ ਰਹਿਣ ਦੀ ਲੋੜ ਮੰਨਦਿਆਂ, ਇਸ ਨੂੰ ਲਾਗੂ ਕਰਨ ਦੇ ਢੰਗ-ਤਰੀਕਿਆਂ ਬਾਰੇ ਜਾਣਨਾ ਚਾਹਿਆ। ਪ੍ਰਸ਼ਾਸਨਿਕ ਸੇਵਾਵਾਂ ਬਾਰੇ ਬੋਰਡ ਦੀ ਸਥਾਪਨਾ ਬਾਰੇ ਸਰਬੋਚ ਅਦਾਲਤ ਨੇ ਹਦਾਇਤ ਕੀਤੀ ਕਿ ਆਰਥਿਕ ਅਤੇ ਅਮਲੇ ਨਾਲ ਸੰਬੰਧਿਤ ਮੁਹਾਰਤਾਂ ਵਾਲੇ ਅਜਿਹੇ ਬੋਰਡ ਕੇਂਦਰ ਅਤੇ ਰਾਜਾਂ ਵਿਚ ਕਾਇਮ ਕੀਤੇ ਜਾਣ ਜੋ ਕਿ ਲੋਕ ਪ੍ਰਸ਼ਾਸਨਿਕ ਸੇਵਾਵਾਂ ਦੇ ਪ੍ਰਬੰਧਨ ਬਾਰੇ ਸਿਫ਼ਾਰਸ਼ਾਂ ਦੇਣ, ਨਿਗਰਾਨੀ ਕਰਨ ਅਤੇ ਇਸ ਤੋਂ ਇਲਾਵਾ ਤਬਾਦਲਿਆਂ ਅਤੇ ਅਨੁਸ਼ਾਸਨੀ ਕਾਰਵਾਈਆਂ ਦੀ ਜ਼ਿੰਮੇਵਾਰੀ ਆਪਣੇ ਕੋਲ ਰੱਖਣ। ਅਦਾਲਤ ਨੇ ਇਹ ਵੀ ਕਿਹਾ ਕਿ ਸਾਰੀਆਂ ਜ਼ੁਬਾਨੀ ਹਦਾਇਤਾਂ ਨੂੰ ਇਕ ਰਿਕਾਰਡ ਤਹਿਤ ਦਰਜ ਕੀਤਾ ਜਾਵੇ ਅਤੇ ਇਸ ਨੇ ਸਰਕਾਰ ਨੂੰ ਇਸ ਕਾਰਜ ਨੂੰ ਤਿੰਨ ਮਹੀਨਿਆਂ ਅੰਦਰ ਨੇਪਰੇ ਚਾੜ੍ਹਨ ਦੀ ਵੀ ਹਦਾਇਤ ਕੀਤੀ।

ਇੰਝ, 2013 ਦੇ ਆਪਣੇ ਇਤਿਹਾਸਕ ਫ਼ੈਸਲੇ ਤਹਿਤ ਸੁਪਰੀਮ ਕੋਰਟ ਨੇ ਲੋਕ ਪ੍ਰਸ਼ਾਸਨਿਕ ਸੇਵਾਵਾਂ ਦੇ ਪ੍ਰਬੰਧਨ ਵਿਚ ਲੰਮੇਰੇ ਸੁਧਾਰਾਂ ਲਈ ਰਾਹ ਖੋਲ੍ਹ ਦਿਤਾ ਹੈ, ਅਤੇ ਹੁਣ ਤਕ ਕਾਰਜਕਾਰਨੀ ਦੇ ਵਿਸ਼ੇਸ਼ ਦਾਇਰੇ ਵਾਲਾ ਇਹ ਮੁੱਦਾ ਹੁਣ ਜਨ

ਹਿਤ ਦੇ ਪਰੀਖਣ ਹੇਠ ਆ ਗਿਆ ਹੈ। ਸੁਪਰੀਮ ਕੋਰਟ ਨੇ ਸੰਵਿਧਾਨ ਦੀ ਧਾਰਾ 32 ਤਹਿਤ ਇਸ ਖੇਤਰ ਵਿਚ ਆਪਣਾ ਦਖ਼ਲ ਉੱਚਿਤ ਸਮਝਿਆ ਅਤੇ ਚੰਗੇ ਪ੍ਰਸ਼ਾਸਨ ਦੇ ਲੋਕਾਂ ਦੇ ਹੱਕ ਨੂੰ ਬੁਨਿਆਦੀ ਹੱਕ ਕਰਾਰ ਦਿਤਾ।

## ਪ੍ਰਸ਼ਾਸਨਿਕ ਸੁਧਾਰਾਂ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਨਾਲ ਸੰਬੰਧਿਤ ਪੱਖ

ਯਾਦ ਰਹੇ ਕਿ ਅਦਾਲਤ ਦਾ ਦਖ਼ਲ ਇਥੇ ਸਿਰਫ਼ ਜਨਹਿਤ ਦੇ ਨਜ਼ਰੀਏ ਤੋਂ ਹੈ, ਇਹ ਸਿੱਧੇ ਤੌਰ ਤੇ ਨੌਕਰਸ਼ਾਹਾਂ ਦੀਆਂ ਮੁਸ਼ਕਿਲਾਂ, ਸ਼ਿਕਾਇਤਾਂ ਨਾਲ ਨਹੀਂ ਨਜਿੱਠਦੀ, ਜਿਸ ਲਈ ਕਿ ਇਕ ਵੱਖਰਾ ਸਿਲਸਿਲਾ ਮੌਜੂਦ ਹੈ। ਸਪੱਸ਼ਟ ਰੂਪ ਵਿਚ ਅਦਾਲਤੀ ਹੁਕਮ ਸਿਆਸੀ ਕਾਰਜਕਰਤਾ ਦੇ ਤਬਾਦਲਿਆਂ ਅਤੇ ਸੇਵਾਵਾਂ ਨਾਲ ਸੰਬੰਧਿਤ ਮਾਮਲਿਆਂ ਬਾਰੇ ਕਾਰਵਾਈਆਂ ਦੇ ਉਨ੍ਹਾਂ ਦੇ ਵਿਸ਼ੇਸ਼ ਅਧਿਕਾਰ ਉਪਰ ਰੋਕ ਲਾਉਂਦਾ ਹੈ। ਇਹ ਵੀ ਸਪੱਸ਼ਟ ਹੁੰਦਾ ਹੈ ਕਿ ਲੋਕ ਪ੍ਰਸ਼ਾਸਨ ਅਧਿਕਾਰੀ ਜਨ ਸੇਵਕ ਦੀ ਸਹੂਲਤ ਅਤੇ ਇੱਛਾ ਮੁਤਾਬਕ ਚੱਲਣ ਲਈ ਨਹੀਂ ਸਗੋਂ ਜਨਤਾ ਨੂੰ ਸੇਵਾਵਾਂ ਮੁਹੱਈਆ ਕਰਾਉਣ ਲਈ ਬਣੇ ਹਨ। ਭਾਵੇਂ ਸਪੱਸ਼ਟ ਰੂਪ ਵਿਚ ਸਰਕਾਰ ਦੇ ਚੁਣੇ ਹੋਏ ਮੁਖੀ ਅਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਸ਼ਾਸਨ ਚਲਾਉਣ ਲਈ ਪੂਰੀ ਸੁਤੰਤਰਤਾ ਦੀ ਲੋੜ ਹੈ, ਜਿਸ ਤਹਿਤ ਉਹ 'ਜਨਹਿਤ' ਦੇ ਨਾਂ 'ਤੇ ਅਧਿਕਾਰੀਆਂ ਨੂੰ ਇਕ ਥਾਂ ਤੋਂ ਦੂਜੀ ਥਾਂ ਭੇਜ ਦੇਣ ਦਾ ਹੱਕ ਰੱਖਦੇ ਹਨ, ਪਰ ਸੁਪਰੀਮ ਕੋਰਟ ਦੇ ਤਾਜ਼ਾ ਫ਼ੈਸਲੇ ਤਹਿਤ ਇਹ ਹੱਕ ਵੀ ਤਾਨਾਸ਼ਾਹੀ ਨਾਲ ਲਾਗੂ ਨਹੀਂ ਕੀਤਾ ਜਾ ਸਕਦਾ। ਸ਼ਾਸਨ ਚੁਣੇ ਹੋਏ ਨੁਮਾਇੰਦਿਆਂ ਦਾ ਨਿੱਜੀ ਘਰੇਲੂ ਭਾਂਤ ਦਾ ਪ੍ਰਬੰਧ ਸਿਲਸਿਲਾ ਨਹੀਂ ਹੈ ਅਤੇ ਨਾ ਹੀ ਨੌਕਰਸ਼ਾਹ ਨਿੱਜੀ ਸੇਵਕ ਜਾਂ ਹੱਥ-ਬੰਨ੍ਹ ਗੁਲਾਮ ਹੈ। ਇਥੇ ਜਨਤਾ ਦੇ ਹਿੱਤਾਂ ਨੂੰ ਸਮੁੱਚੇ ਰੂਪ ਵਿਚ ਸਭ ਤੋਂ ਉਪਰ ਰੱਖਿਆ ਜਾਵੇਗਾ। ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਵਲੋਂ ਲੋਕ ਪ੍ਰਸ਼ਾਸਨ ਦੇ ਪ੍ਰਬੰਧਨ ਨੂੰ ਲੈ ਕੇ ਮਾਮੂਲੀ ਜਿਹੀ ਵੀ ਸੰਜੀਦਗੀ ਦਿਖਾਈ ਗਈ ਹੁੰਦੀ ਤਾਂ ਅਦਾਲਤੀ ਦਖ਼ਲ ਦੀ ਲੋੜ ਨਾ ਪੈਂਦੀ।

ਕਈ ਹਲਕਿਆਂ ਵਲੋਂ ਅਦਾਲਤ ਦੇ ਦਖ਼ਲ ਨੂੰ ਗ਼ੈਰ-ਜ਼ਰੂਰੀ ਅਤੇ ਆਪਣੀਆਂ ਹੱਦਾਂ ਨੂੰ ਪਾਰ ਕਰਨਾ ਕਹਿ ਕੇ ਨਿਖੇਧੀ ਕੀਤੀ ਗਈ ਹੈ। ਸਪੱਸ਼ਟ ਰੂਪ ਵਿਚ ਇਹ ਨਜ਼ਰੀਆ ਮੰਨਣ ਯੋਗ ਨਹੀਂ। ਜਨਹਿਤ ਉਪਰ ਇਸ ਦੇ ਵਿਚਾਰ ਅਤੇ ਧਾਰਾ 32 ਸਰਬੋਚ ਅਦਾਲਤ ਦੇ ਦਾਇਰੇ ਹੇਠ ਆਉਂਦੇ ਹਨ। ਮੁੱਦੇ ਨੂੰ ਸਿਆਸੀ ਨੇਤਾਵਾਂ ਅਤੇ ਨੌਕਰਸ਼ਾਹਾਂ ਦਰਮਿਆਨ ਟਕਰਾਅ ਦਾ ਕਾਰਨ ਦੱਸਣਾ ਵੀ ਗਲਤ ਹੈ।

**ਚੁਣੇ ਹੋਏ ਨੁਮਾਇੰਦੇ ਅਤੇ ਪੱਕੇ ਲੋਕ ਪ੍ਰਸ਼ਾਸਨ ਅਧਿਕਾਰੀ ਇਕੋ ਸਿੱਕੇ ਦੇ ਦੋ ਪਾਸੇ ਹਨ ਅਤੇ ਲੋਕ-ਭਲਾਈ ਮਾਮਲਿਆਂ ਨਾਲ ਨਜਿੱਠਣ ਬਾਰੇ ਉਨ੍ਹਾਂ ਦੇ ਸਰੋਕਾਰ ਇਕ ਸਮਾਨ ਹਨ। ਘੱਟੋ-ਘੱਟ ਲੋਕ-ਹਿੱਤ ਨਾਲ ਸੰਬੰਧਿਤ ਉਨ੍ਹਾਂ ਦੀ ਆਪਸੀ ਸਥਿਤੀ ਵਿਚ ਕੋਈ ਸੰਕਟ ਜਾਂ ਵੱਖਰਤਾ ਨਹੀਂ ਹੋਣੀ ਚਾਹੀਦੀ। ਯਕੀਨਨ ਲੋਕ ਮਾਮਲਿਆਂ ਵਿਚ ਮਨ-ਮਰਜ਼ੀ ਮੁਤਾਬਕ ਨਹੀਂ ਚਲਿਆ ਜਾ ਸਕਦਾ। ਹਾਲੀਆ ਵਰ੍ਹਿਆਂ ਦੌਰਾਨ ਪਾਰਦਰਸ਼ਤਾ, ਸੂਚਨਾ ਬਾਰੇ ਅਧਿਕਾਰ ਆਦਿ ਧਾਰਨਾਵਾਂ ਨੇ ਰਾਸ਼ਟਰੀ ਪੱਧਰ 'ਤੇ ਵਧੇਰੇ ਵਕਾਰ ਹਾਸਲ ਕਰਨਾ ਸ਼ੁਰੂ ਕਰ ਦਿਤਾ ਹੈ।**

ਪਰ ਕਈ ਚੁਣੇ ਹੋਏ ਸਿਆਸੀ ਨੇਤਾ ਇਸੇ ਆਧਾਰ 'ਤੇ ਆਪਣੀਆਂ ਸੁਤੰਤਰ ਕਾਰਵਾਈਆਂ ਉਪਰ ਕਿਸੇ ਤਰ੍ਹਾਂ ਦੀ ਰੋਕ ਲਈ ਤਿਆਰ ਨਹੀਂ ਹਨ ਕਿ ਉਨ੍ਹਾਂ ਨੂੰ ਜਨਤਾ ਵਲੋਂ ਸ਼ਾਸਨ ਕਰਨ ਲਈ ਚੁਣਿਆ ਗਿਆ ਹੈ। ਪਰ ਸੰਵਿਧਾਨ ਦੇ ਦਾਇਰੇ ਤਹਿਤ ਸਮੁੱਚਾ ਜਨਹਿਤ ਸਰੋਕਾਰ ਹੀ ਸਭ ਤੋਂ ਉਪਰ ਰਹੇਗਾ। ਅਸੀਂ ਇਕ ਅਸਰਦਾਰ ਲੋਕਪਾਲ ਲਿਆਉਣ ਦੇ ਰਾਹ ਵਿਚ ਸਿਆਸਤਦਾਨਾਂ ਵਲੋਂ ਦਿਖਾਈ ਗਈ ਝਿਜਕ ਦੇਖ ਚੁੱਕੇ ਹਾਂ। ਇੰਞ ਹੀ, ਚੋਣ ਸੁਧਾਰਾਂ ਅਤੇ ਸਿਆਸੀ ਪਾਰਟੀਆਂ ਦੇ ਮਾਲੀ ਖਾਤਿਆਂ ਨੂੰ ਆਮ ਕਰਨ ਜਿਹੇ ਮੁੱਦਿਆਂ ਨੂੰ ਵੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਲੋਕਪਾਲ ਦੇ ਮਾਮਲੇ ਵਿਚ ਜਿਵੇਂ ਕਿ ਅਸੀਂ ਦੇਖਿਆ ਹੈ ਕਿ ਸਾਡੇ ਕੋਲ ਇਕ ਪੱਲ੍ਹਰ ਰਹੀ ਅਸਰਦਾਰ ਜਮਹੂਰੀਅਤ ਹੈ ਜੋ ਕਿ ਸਿਆਸੀ ਜਮਾਤ ਦੇ ਇਕੱਠੇ ਵਿਰੋਧ ਦੇ ਬਾਵਜੂਦ ਸਮੁੱਚੇ ਢਾਂਚੇ 'ਚ ਅਹਿਮ ਬਦਲਾਅ ਲਿਆ ਸਕਦੀ ਹੈ।

ਇਹ ਵੀ ਜ਼ਿਕਰਯੋਗ ਗੱਲ ਹੈ ਕਿ ਇਹ ਸਾਡੇ ਸੰਵਿਧਾਨ ਦੀ ਅੰਦਰੂਨੀ ਸ਼ਕਤੀ ਹੈ ਕਿ ਬਹੁਤ ਵਾਰ ਅਦਾਲਤੀ ਸਿਲਸਿਲੇ ਨੇ ਸ਼ਾਸਨ ਪ੍ਰਣਾਲੀ ਵਿਚ ਸਾਵਾਂਪਨ, ਸੁਖਾਵਾਂਪਨ ਅਤੇ ਵਿਚਾਰਸ਼ੀਲਤਾ ਲਿਆਉਣ ਲਈ ਆਪਣਾ ਦਖ਼ਲ ਦਿਤਾ ਹੈ। ਸੁਪਰੀਮ ਕੋਰਟ ਦੇ ਮੌਜੂਦਾ ਫ਼ੈਸਲੇ ਨੂੰ ਵੀ ਇਸੇ ਨਜ਼ਰੀਏ ਨਾਲ ਦੇਖਿਆ ਜਾ ਸਕਦਾ ਹੈ।

ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕੀਤੇ ਜਾਣ ਬਾਰੇ ਇਕ ਹੋਰ ਗੱਲ ਪ੍ਰਸੰਗਿਕ ਹੈ। ਕਈ ਟਿੱਪਣੀਆਂ ਦਿਤੀਆਂ ਗਈਆਂ ਹਨ ਕਿ ਸਰਕਾਰਾਂ ਆਪਣੇ ਪੈਰ ਪਿੱਛੇ ਖਿੱਚਦੀਆਂ ਲੋਕ ਪ੍ਰਸ਼ਾਸਨ ਸੇਵਾਵਾਂ ਵਿਚ ਸੁਧਾਰ ਦੀਆਂ ਹਦਾਇਤਾਂ ਨੂੰ ਇਨਬਿਨ ਲਾਗੂ ਨਹੀਂ ਕਰਦੀਆਂ। ਇਹ ਵੀ ਹਵਾਲਾ ਦਿਤਾ ਗਿਆ ਹੈ ਕਿ ਪੁਲਿਸ ਸੁਧਾਰਾਂ ਬਾਰੇ ਸੁਪਰੀਮ ਕੋਰਟ ਦਾ 2008 ਵਿਚ ਦਿਤਾ 'ਪ੍ਰਕਾਸ਼ ਸਿੰਘ ਫ਼ੈਸਲਾ' ਰਾਜ ਸਰਕਾਰਾਂ ਦੀ ਝਿਜਕ 'ਤੇ ਚਲਦਿਆਂ ਅਜੇ ਵੀ ਬਹੁਤ ਹੱਦ ਤਕ ਲਾਗੂ ਹੋਣਾ ਰਹਿੰਦਾ ਹੈ। ਇਥੇ ਇਹ ਦੱਸਿਆ ਜਾਣਾ ਬਣਦਾ ਹੈ ਕਿ ਇਕ ਦਹਾਕਾ ਪਹਿਲਾਂ ਨਾਲੋਂ ਇਸ ਸਮੇਂ ਸਮੁੱਚਾ ਮਾਹੌਲ ਵੱਖਰੀ ਤਰ੍ਹਾਂ ਦਾ ਹੈ। ਇਸ ਸਮੇਂ ਸਾਡੇ ਕੋਲ ਬਹੁਤ ਸਰਗਰਮ ਅਤੇ ਜ਼ੋਰਦਾਰ ਪ੍ਰਗਟਾਵੇ ਵਾਲਾ ਨਿਡਰ ਮੀਡੀਆ ਹੈ, ਸਿਵਲ ਸਮਾਜ ਨੇ ਨਵੀਂ ਊਰਜਾ ਅਤੇ ਸਨਮਾਨ ਹਾਸਿਲ ਕੀਤਾ ਹੈ, ਦਸ ਸਾਲ ਦੀ ਆਪਣੀ ਹੋਂਦ ਪੁਗਾਉਣ ਤੋਂ ਬਾਅਦ ਸੂਚਨਾ ਬਾਰੇ ਹੱਕ ਮਜ਼ਬੂਤੀ ਨਾਲ ਆਪਣੇ ਪੈਰਾਂ 'ਤੇ ਖੜ੍ਹਾ ਹੋ ਗਿਆ ਹੈ ਅਤੇ ਲੋਕਾਂ ਵਿਚ ਚੰਗੇ, ਸਾਫ਼ ਸ਼ਾਸਨ ਲਈ ਤੜਫ਼ ਵਧੀ ਹੈ। ਇੰਞ, ਹਾਲਾਤ ਅਦਾਲਤੀ ਹੁਕਮਾਂ ਨੂੰ ਗੰਭੀਰਤਾ ਨਾਲ ਅਤੇ ਠੋਸ ਰੂਪ ਵਿਚ ਲਾਗੂ ਕਰਨ ਵਿਚ ਸਾਜ਼ਗਾਰ ਹਨ, ਸਗੋਂ ਇਸ ਫ਼ੈਸਲੇ ਨਾਲ ਪ੍ਰਕਾਸ਼ ਸਿੰਘ ਪੁਲਿਸ ਸੁਧਾਰ ਫ਼ੈਸਲੇ ਨੂੰ ਲਾਗੂ ਕਰਨ ਵਿਚ ਵੀ ਤੇਜ਼ੀ ਆ ਸਕਦੀ ਹੈ।

ਪਿਛਲੇ ਮਹੀਨਿਆਂ ਦੌਰਾਨ ਸਰਕਾਰ ਵਲੋਂ ਤਿੱਖੇ ਇਤਰਾਜ ਦੇ ਬਾਵਜੂਦ ਦੋ ਅਹਿਮ ਢਾਂਚਾਗਤ ਜਨਤਕ ਕਾਰਵਾਈਆਂ ਹੋਈਆਂ ਹਨ। ਲੋਕਪਾਲ ਬਿਲ ਪਾਸ ਕਰ ਦਿਤਾ ਗਿਆ ਹੈ ਜਿਸ ਦੇ ਅਸਰ ਨੂੰ ਅਗਲੇ ਦਹਾਕੇ ਵਿਚ ਕਾਫ਼ੀ ਉਸਾਰੂ ਤਾਕਤ ਵਜੋਂ ਮਹਿਸੂਸ ਕੀਤਾ ਜਾਵੇਗਾ। ਲੋਕ ਪ੍ਰਸ਼ਾਸਨ ਸੁਧਾਰਾਂ ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਵੀ ਸ਼ਾਸਨ ਦੇ ਮਿਆਰ ਉਪਰ ਅਜਿਹਾ ਹੀ ਲੰਮੇਰੇ ਸਮੇਂ ਵਾਲਾ ਅਸਰ ਪੈਣ ਦੀ ਸੰਭਾਵਨਾ ਹੈ।

*(ਲੇਖਕ ਸਾਬਕ, ਕੈਬਨਿਟ ਸਕੱਤਰ, ਭਾਰਤ ਸਰਕਾਰ ਹੈ।)*

*e-mail :tsrsubramanian@gmail.com*

# ਵਿਸ਼ਵੀਕਰਨ ਦਾ ਯੁਗ ਤੇ ਪ੍ਰਸ਼ਾਸਨ

✍ ਉਮਾ ਮੇਦੂਰੀ

ਵਿਸ਼ਵੀਕਰਨ ਦਾ ਰਾਜਨੀਤਕ, ਸਮਾਜਿਕ, ਆਰਥਿਕ, ਸੱਭਿਆਚਾਰਕ, ਤਕਨੀਕੀ ਅਤੇ ਵਾਤਾਵਰਨਿਕ ਪੱਖਾਂ 'ਤੇ ਅਸਰ ਇੱਕੀਵੀਂ ਸਦੀ ਵਿਚ ਪ੍ਰਤੱਖ ਵੇਖਿਆ ਜਾ ਸਕਦਾ ਹੈ। ਇਸ ਸਦਕਾ ਸਿੱਧਾ ਵਿਦੇਸ਼ੀ ਨਿਵੇਸ਼ ਵਧਿਆ ਹੈ, ਤਕਨੀਕ, ਦੂਰਸੰਚਾਰ, ਲੇਖਾਕਾਰੀ, ਵਪਾਰਕ ਉਦਾਰੀਕਰਨ ਦਾ ਵਿਕਾਸ ਹੋਇਆ, ਵਿੱਤੀ ਅਤੇ ਬੈਂਕਿੰਗ ਸਿਸਟਮ ਕੰਟਰੋਲ ਰਹਿਤ ਹੋਏ ਹਨ ਅਤੇ ਬਹੁ-ਰਾਸ਼ਟਰੀ ਕੰਪਨੀਆਂ ਵਿਚ ਵਾਧਾ ਹੋਇਆ ਹੈ। ਵੱਖ-ਵੱਖ ਖੇਤਰਾਂ ਵਿਚ ਵਸਤਾਂ, ਸੇਵਾਵਾਂ, ਤਕਨੀਕ, ਨਵੀਆਂ ਪ੍ਰਕਿਰਿਆਵਾਂ ਅਤੇ ਨਵੀਆਂ ਖੋਜਾਂ ਵਿਚ ਚੋਖਾ ਫੈਲਾਅ ਹੋਇਆ ਹੈ। ਵਰਤਮਾਨ ਦ੍ਰਿਸ਼-ਚਿੱਤਰ ਸਮਾਜਿਕ ਉਮੀਦਾਂ ਵੀ ਵਧਾਉਂਦਾ ਹੈ। ਬਦਲ ਰਹੀਆਂ ਕਦਰਾਂ-ਕੀਮਤਾਂ, ਰਾਜ ਅਤੇ ਸ਼ਾਸਨ ਵਿਧੀ ਪ੍ਰਣਾਲੀ ਵਿਚ ਹੋ ਰਹੇ ਬਦਲਾਵਾਂ ਨੂੰ ਦ੍ਰਿਸ਼ਟੀਮਾਨ ਕਰਦਾ ਹੈ। ਵਿਸ਼ਵੀਕਰਨ ਦਾ ਆਰਥਿਕਤਾ 'ਤੇ ਮਿਲਿਆ-ਜੁਲਿਆ ਅਸਰ ਨਜ਼ਰ ਆਉਂਦਾ ਹੈ ਜਿਸ ਤਹਿਤ ਆਰਥਿਕ ਸੰਕਟ ਅਤੇ ਮੁਕਾਬਲੇਬਾਜ਼ੀ ਕਰਕੇ ਹੋ ਰਹੇ ਲਾਭ, ਰਾਜ ਦਾ ਜ਼ਰਜ਼ਰ ਹੋ ਰਿਹਾ ਢਾਂਚਾ, ਬਾਜ਼ਾਰ ਆਧਾਰਿਤ ਕਦਰਾਂ-ਕੀਮਤਾਂ ਦਾ ਪਸਾਰ, ਦੌਲਤ ਦਾ ਕੁੱਝ ਹੱਥਾਂ ਵਿਚ ਹੋਣ ਬਾਰੇ ਹਲਚਲ ਜਿਸ ਨਾਲ ਗਰੀਬੀ, ਅਬਰਾਬਰਤਾ ਅਤੇ ਸਮਾਜਿਕ ਸੰਕਟਾਂ ਵਿਚ ਵਾਧਾ ਹੋਇਆ ਹੈ ਜਿਸ ਦੇ ਵਿਕਾਸ 'ਤੇ ਨਾਂਹ ਵਾਚਕ ਪ੍ਰਭਾਵ ਪਏ ਹਨ।

## ਜਨਤਕ ਪ੍ਰਸ਼ਾਸਨ 'ਤੇ ਅਸਰ

ਵਿਸ਼ਵੀਕਰਨ ਦਾ ਜਨਤਕ ਪ੍ਰਸ਼ਾਸਨ ਪ੍ਰਣਾਲੀ 'ਤੇ ਵੀ ਅਸਰ ਪੈ ਰਿਹਾ ਹੈ ਕਿਉਂਕਿ ਇਹ ਰਾਜ ਦੇ ਢਾਂਚੇ ਵਿਚ ਜੜਿਆ ਹੋਇਆ ਹੈ। ਇਸ ਦੇ ਪ੍ਰਮੁੱਖ ਕਾਰਨ ਵਿਕਾਸਸ਼ੀਲ ਦੇਸ਼ਾਂ ਤੇ ਵਿਸ਼ਵ ਦੇ ਅਦਾਰਿਆਂ, ਸੂਚਨਾ ਤਕਨਾਲੋਜੀ ਅਤੇ ਕੁਸ਼ਲਤਾ ਅਤੇ ਆਰਥਿਕਤਾ ਲਈ ਚਿੰਤਾ ਕਾਰਨ ਪੈ ਰਹੇ ਦਬਾਅ ਹਨ। ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਵਲੋਂ ਖ਼ਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਨੂੰ ਦਿਤੀ ਜਾਂਦੀ ਆਰਥਿਕ ਸਹਾਇਤਾ ਦਾ ਇਨ੍ਹਾਂ ਦੇਸ਼ਾਂ 'ਤੇ ਮਾੜਾ ਅਸਰ ਪੈ ਰਿਹਾ ਹੈ ਕਿਉਂਕਿ ਇਸਨਾਲ ਇਨ੍ਹਾਂ ਦੇਸ਼ਾਂ ਦੀ ਵਿੱਤੀ, ਫੌਜੀ ਅਤੇ ਰਾਜਨੀਤਕ ਨਿਰਭਰਤਾ ਪੱਛਮੀ ਦੇਸ਼ਾਂ 'ਤੇ ਵਧ ਜਾਂਦੀ ਹੈ। ਇਸ ਕਰਕੇ ਕਈ ਦੇਸ਼ਾਂ ਦੇ ਲੋਕ ਆਪਣੀਆਂ ਪਹਿਲਾਂ ਅਤੇ ਨੀਤੀ ਤਰਜੀਹਾਂ ਸੰਬੰਧੀ ਚੋਣ ਤੋਂ ਵਿਰਵੇ ਹੋ ਜਾਂਦੇ ਹਨ। ਬਹੁਤ ਸਾਰੇ ਵਿਕਾਸਸ਼ੀਲ ਦੇਸ਼ਾਂ ਵਲੋਂ ਅਪਨਾਈ ਜਾ ਰਹੀ ਢਾਂਚਾਗਤ ਅਨੁਕੂਲਣ ਨੀਤੀ ਨੂੰ ਸਥਾਨਕ ਲੋਕਤੰਤਰ ਨੂੰ ਨਕਾਰਨਾ ਵੀ ਸਮਝਿਆ ਜਾ ਰਿਹਾ ਹੈ।

**ਵਿਸ਼ਵੀਕਰਨ ਦੇ ਨਤੀਜੇ ਵਜੋਂ ਕੇਂਦਰੀ ਯੋਜਨਾ ਅਧਾਰਿਤ ਆਰਥਿਕਤਾ ਬਾਜ਼ਾਰੀ ਢਾਂਚੇ ਵੱਲ ਜਾ ਰਹੀ ਹੈ ਜਿਸ ਨਾਲ ਵਿਸ਼ਵ ਆਰਥਿਕਤਾ ਨਾਲ ਰਲੇਵਾਂ ਹੋ ਰਿਹਾ ਹੈ। ਇਸ ਦਾ ਪ੍ਰਸ਼ਾਸਨਿਕ ਢਾਂਚੇ, ਰਾਜ ਦੀ ਕਾਰਜ ਪ੍ਰਣਾਲੀ, ਨਵੀਆਂ ਨਿਪੁੰਨਤਾਵਾਂ ਅਪਣਾਉਣ, ਸਮਰਥਾਵਾਂ ਅਤੇ ਲੋਕਾਂ ਦੀ ਸੋਚ ਨੂੰ ਨਵੇਂ ਮਾਹੌਲ ਪੱਖੀ ਬਣਾਉਣ 'ਤੇ ਅਸਰ ਪੈ ਰਿਹਾ ਹੈ।**

ਬਦਲਦੇ ਹੋਏ ਮਾਹੌਲ ਵਿਚ ਰਾਜ ਦੀ ਭੂਮਿਕਾ, ਵਿਕਾਸ ਲਈ ਬਾਜ਼ਰ ਮੁਖੀ ਪਹੁੰਚ ਅਤੇ ਸਰਕਾਰ, ਬਾਜ਼ਾਰ ਅਤੇ ਸਮਾਜ ਦਰਮਿਆਨ ਸਹਿਕਿਰਿਆ ਸਥਾਪਤ ਕਰਨ ਦੇ ਨਤੀਜੇ ਵਜੋਂ ਪ੍ਰਬੰਧਨ ਦੇ ਪ੍ਰਕਾਰ ਅਤੇ ਪ੍ਰਕਿਰਿਆਵਾਂ 'ਤੇ ਗਹਿਰਾ ਅਸਰ ਹੋਇਆ ਹੈ। ਜਦ ਕਿ ਪ੍ਰਸ਼ਾਸਨ ਤੋਂ ਆਸ ਹੁੰਦੀ ਹੈ ਕਿ ਲੋਕ ਹੱਕਾਂ ਦੀ ਰਾਖੀ ਕਰੇ, ਜਵਾਬਦੇਹੀ ਨਿਸ਼ਚਤ ਕਰੇ, ਪਾਰਦਰਸ਼ਤਾ ਪੈਦਾ ਕਰੇ ਅਤੇ ਸਮਾਜਿਕ ਕਦਰਾਂ-ਕੀਮਤਾਂ ਨੂੰ ਸੰਜੋਅ ਕੇ ਰੱਖੇ ਪਰ ਵਿਸ਼ਵੀਕਰਨ ਨਾਲ ਜਨਤਕ ਹਿੱਸੇਦਾਰੀ ਲਗਾਤਾਰ ਘਟ ਰਹੀ ਹੈ, ਮਨੁੱਖੀ ਹੱਕਾਂ ਦਾ ਘਾਣ ਹੋ ਰਿਹਾ ਹੈ ਅਤੇ ਦੇਸ਼ ਦੇ ਲੋਕਾਂ ਨੂੰ ਸਿਰਫ਼ ਇਕ ਵਸਤੂ ਬਣਾ ਕੇ ਰੱਖ ਦਿਤਾ ਗਿਆ ਹੈ।

ਜਨਤਕ ਪ੍ਰਸ਼ਾਸਨ ਦਾ ਪ੍ਰਮੁੱਖ ਫਰਜ਼ ਹੈ ਕਾਨੂੰਨ ਦੀ ਪਾਲਣਾ, ਜਨਤਕ ਹਿੱਤਾਂ ਨੂੰ ਪ੍ਰਮੁੱਖ ਰੱਖਣਾ, ਦੇਸ਼ ਦੇ ਵਸਨੀਕਾਂ ਪ੍ਰਤਿ ਬਰਾਬਰੀ, ਪ੍ਰਤਿਨਿਧਤਾ ਅਤੇ ਜ਼ਿੰਮੇਵਾਰੀ ਯਕੀਨੀ ਬਣਾਉਣਾ। ਰਵਾਇਤੀ ਪ੍ਰਬੰਧਨ ਦੀ ਨੌਕਰਸ਼ਾਹੀ 'ਤੇ ਲੋੜ ਤੋਂ ਵੱਧ ਨਿਰਭਰਤਾ, ਦਰਜਾਬੰਦੀ, ਨਿਯਮ ਤੇ ਕਾਇਦੇ, ਸਮੇਂ ਦੌਰਾਨ ਉਨ੍ਹਾਂ ਦੀ ਨਿਪੁੰਨਤਾ ਅਤੇ ਪ੍ਰਭਾਵਿਕਤਾ 'ਤੇ ਪ੍ਰਸ਼ਨ ਚਿੰਨ੍ਹ ਲਾਉਂਦੇ ਰਹੇ ਹਨ। ਸੋਵੀਅਤ ਯੂਨੀਅਨ ਦਾ ਟੁੱਟਣਾ, ਕਰਾਂ ਅਤੇ ਜਨਤਕ ਖਰਚੇ ਦੇ ਵਧਦੇ ਪੱਧਰ, ਨੌਕਰਸ਼ਾਹੀ ਦੇ ਕੰਮ ਕਰਨ ਪ੍ਰਤਿ ਅਸੰਤੁਸ਼ਟਤਾ ਨੇ ਇਸ ਧਾਰਨਾ ਨੂੰ ਬਲ ਦਿਤਾ ਹੈ ਕਿ ਰਾਜ ਦਾ 'ਰਵਾਇਤੀ' ਮਾਡਲ ਠੀਕ ਨੀਤੀਆਂ ਲਾਗੂ ਕਰਨ ਅਤੇ ਪ੍ਰਭਾਵੀ ਸੇਵਾਵਾਂ ਦੇਣ ਵਿਚ ਨਾਕਾਮ ਰਿਹਾ ਹੈ ਅਤੇ ਇਕ ਬਦਲਵੇਂ ਰਾਜ-ਪ੍ਰਬੰਧਨ ਮਾਡਲ ਦੀ ਲੋੜ ਹੈ। ਜਦ ਕਿ ਰਾਜ-ਪ੍ਰਬੰਧ ਦੀ ਧੁਰੀ ਹਾਲੇ ਵੀ ਵਿਸ਼ਾਲ ਨਿਰੰਤਰਤਾ ਦੇ ਸਿਧਾਂਤ ਨੂੰ ਪ੍ਰਣਾਈ ਹੋਈ ਹੈ। ਵਿਸ਼ਵੀਕਰਨ ਕਾਰਨ ਵੱਡੇ ਬਦਲਾਅ ਸਾਹਮਣੇ ਆਏ ਹਨ ਜਿਸ ਨਾਲ ਇਸ ਦਾ ਸੁਭਾਅ ਅਤੇ ਚਰਿੱਤਰ ਵੀ ਬਦਲੇ ਹਨ।

ਵਿਸ਼ਵੀਕਰਨ ਦੇ ਪਰਿਪੇਖ ਵਿਚ ਪ੍ਰਬੰਧਨ ਦੀ ਭੂਮਿਕਾ ਪ੍ਰਤਿ ਵਿਦਵਤਾ ਭਰਪੂਰ ਚਰਚਾਵਾਂ ਅਤੇ ਵਿਚਾਰ-ਵਟਾਂਦਰੇ ਹੋਏ ਹਨ। ਜਨਤਕ ਪ੍ਰਬੰਧਨ ਦੇ ਰਵਾਇਤੀ ਮਾਡਲ ਦੀਆਂ ਜਟਿਲਤਾਵਾਂ ਅਤੇ ਪੇਚੀਦਗੀਆਂ ਨੇ ਇਕ ਨਵੀਂ ਸੋਚ ਨੂੰ ਜਨਮ ਦਿਤਾ ਹੈ ਕਿ :-

● ਵਰਤਮਾਨ ਮਾਹੌਲ ਸਰਕਾਰੀ ਸੁਧਾਰਾਂ ਦੀ ਮੰਗ ਕਰਦਾ ਹੈ।

● ਜਨਤਕ ਅਦਾਰਿਆਂ ਦੀ ਬੁਨਿਆਦੀ ਸੋਚ ਬਦਲਣ ਦੀ ਲੋੜ ਹੈ ਜੋ ਕਿ ਨਾ ਸਿਰਫ਼ ਕੰਮ ਨੇਪਰੇ ਚੜ੍ਹਾਉਣ ਵਾਲੀ ਹੋਵੇ ਸਗੋਂ ਹੁਨਰ ਮੁਖੀ ਹੋਵੇ।

● ਉਹ ਖ਼ਤਰੇ ਉਠਾਉਣ ਵਾਲੇ, ਮਿਸ਼ਨ ਨੂੰ ਸਮਰਪਿਤ ਅਤੇ ਸੇਵਾਵਾਂ ਨੂੰ ਸਮਰਪਿਤ ਹੋਣੇ ਚਾਹੀਦੇ ਹਨ।

ਇਹ ਬਦਲਾਅ ਦੁਨੀਆਂ ਭਰ ਦੇ ਦੇਸ਼ਾਂ ਵਲੋਂ ਝੱਲੇ ਜਾ ਰਹੇ ਪ੍ਰਮੁੱਖ ਫ਼ਿਕਰਾਂ ਕਾਰਨ ਵੱਟੇ ਖਾਤੇ ਪਏ ਹੋਏ ਹਨ। 1970ਵਿਆਂ ਵਿਚ ਤੇਲ ਸੰਕਟ ਤੋਂ ਉਪਜੇ ਆਰਥਿਕ ਮੰਦਵਾੜੇ ਕਾਰਨ ਸਰਕਾਰਾਂ ਨੂੰ ਵਿਸ਼ਾਲ ਬਜਟ ਘਾਟੇ ਝੱਲਣੇ ਪਏ। ਅਜੋਕੇ ਵਾਤਾਵਰਨ ਨੇ ਵੀ ਹੇਠ ਲਿਖੇ ਪੱਖਾਂ ਪ੍ਰਤਿ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ:

● ਵਧ ਰਿਹ ਜਨਤਕ ਖਰਚਾ

● ਵੱਖ-ਵੱਖ ਸਰਕਾਰੀ ਕੰਮਾਂ ਵਿਚ ਹੋ ਰਹੀ ਫਜ਼ੂਲ ਖਰਚੀ, ਦੇਰੀ, ਭ੍ਰਿਸ਼ਟਾਚਾਰ, ਗ਼ੈਰ-ਨਿਪੁੰਨਤਾ ਤੋਂ ਉਪਜਿਆ ਮਾੜਾ ਪ੍ਰਬੰਧਨ।

● ਜਵਾਬਦੇਹੀ ਦੀ ਕਮੀ ਅਤੇ

● ਨਾਗਰਿਕਾਂ ਦੇ ਮਨਾਂ ਵਿਚ ਬੈਠੀ ਆਮ ਧਾਰਨਾ ਕਿ ਉਨ੍ਹਾਂ ਨੂੰ ਸਰਕਾਰ ਵਲੋਂ ਲਏ ਜਾਂਦੇ ਫ਼ੈਸਲਿਆਂ ਤੋਂ ਦੂਰ ਰੱਖਿਆ ਜਾਂਦਾ ਹੈ।

ਕਲਿਆਣਕਾਰੀ ਰਾਜ ਦੇ ਅਦਾਰਿਆਂ ਦੀ ਪ੍ਰਭਾਵਿਕਤਾ ਸਵਾਲਾਂ ਦੇ ਘੇਰੇ ਵਿਚ ਰਹੀ ਹੈ ਅਤੇ ਇਨ੍ਹਾਂ ਨੂੰ ਮਹਿੰਗਾਈ, ਬਾਜ਼ਾਰੀ ਮਸ਼ੀਨਰੀ ਨੂੰ ਨਿਰਉਤਸ਼ਾਹਿਤ ਕਰਨ ਅਤੇ ਲੰਮੇ ਸਮੇਂ ਦੇ ਆਰਥਿਕ ਮੰਦਵਾੜੇ ਲਈ ਜ਼ਿੰਮੇਵਾਰ ਸਮਝਿਆ ਗਿਆ ਹੈ। ਅੰਤਰ-ਰਾਸ਼ਟਰੀ ਮੁਕਾਬਲੇਬਾਜ਼ੀ ਦੇ ਨਾਲ ਸਮਾਜਿਕ-ਆਰਥਿਕ ਮੰਦਵਾੜੇ ਨੇ ਸੁਧਾਰਾਂ ਲਈ ਚੰਗਿਆੜੀ ਬਾਲ ਦਿਤੀ। ਨਿਕੰਮੀਆਂ ਅਤੇ ਘਟੀਆ ਕਿਸਮ ਦੀਆਂ ਜਨਤਕ ਸੇਵਾਵਾਂ ਇਕ ਹੋਰ ਚਿੰਤਾ ਦਾ ਵਿਸ਼ਾ ਹਨ। ਇਕ ਆਮ ਧਾਰਨ ਬਣੀ ਹੋਈ ਹੈ ਕਿ ਜਨਤਕ ਸੇਵਾਵਾਂ ਦੇ ਬਹੁਤ ਸੀਮਤ ਪ੍ਰਭਾਵੀ ਨਤੀਜੇ ਆਉਂਦੇ ਹਨ ਜਿਹੜੇ ਲਾਗਤ ਦੇ ਅਨੁਰੂਪ ਨਹੀਂ ਹੁੰਦੇ। ਇਨ੍ਹਾਂ ਪੱਖਾਂ ਨੂੰ ਬਲ ਦੇਣ ਲਈ ਜਿਹੜੇ ਕਾਰਨ ਸਨ, ਉਹ ਹਨ ਬਾਜ਼ਾਰ ਵਿਚ ਵਿਆਪਕ ਵਿਸ਼ਵੀਕਰਨ ਦੇ ਬਦਲਾਵਾਂ ਪ੍ਰਤਿ ਜਨਤਕ ਪ੍ਰਸ਼ਾਸਨ ਦੀ ਗ਼ੈਰ-ਜ਼ਿੰਮੇਵਾਰੀ, ਤਕਨੀਕ ਅਤੇ ਨਾਗਰਿਕਾਂ ਦੀਆਂ ਮੰਗਾਂ ਆਦਿ।

ਨੌਕਰਸ਼ਾਹੀ ਪ੍ਰਣਾਲੀ ਦਾ ਇਸ ਦੇ ਨਾਗਰਿਕਾਂ ਦੀਆਂ ਮੰਗਾਂ ਅਤੇ ਆਸ਼ਾਵਾਂ ਪ੍ਰਤਿ ਕਠੋਰ, ਗ਼ੈਰ-ਲਚਕੀਲੀ ਅਤੇ ਗ਼ੈਰ-ਸੰਵਦੇਨਸ਼ੀਲਤਾ ਕਰਕੇ ਮੁੱਲੰਕਣ ਕੀਤਾ ਗਿਆ। ਇਸ ਦੇ ਨਾਲ ਹੀ, ਅਜੋਕੇ ਵਿਸ਼ਵੀਕਰਨ ਦੇ ਪਰਿਪੇਖ ਵਿਚ, ਵਰਤਮਾਨ ਵਾਤਾਵਰਨ ਪ੍ਰਸ਼ਾਸਕਾਂ ਨੂੰ ਜਨਤਕ ਖੇਤਰ ਨੂੰ ਸ਼ਿੰਗਾਰਨ ਲਈ ਮਜਬੂਰ ਕਰਦਾ ਹੈ ਜਿਸ ਨਾਲ ਇਹ ਬਾਜ਼ਾਰ ਦੇ ਨਾਲ ਮੁੱਲੰਕਣ ਕਰ ਸਕਣ। ਇਸ ਦਾ ਅਸਰ ਰਾਜ ਦੀ ਭੂਮਿਕਾ ਅਤੇ ਪ੍ਰਬੰਧਨ ਵਿਚ ਵਧ ਰਹੇ ਪ੍ਰਬੰਧ ਮੁਖੀ ਕਿਰਿਆਵਾਂ 'ਤੇ ਹੋਇਆ ਹੈ।

## ਰਾਜ ਦੀ ਬਦਲਦੀ ਭੂਮਿਕਾ

ਰਾਜ ਹਮੇਸ਼ਾ ਹੀ ਸਮਾਜੀ ਸਾਧਨ ਦਾ ਧਿਆਨ ਕੇਂਦਰ ਰਿਹਾ ਹੈ। ਰਵਾਇਤੀ ਤੌਰ ਤੇ ਬਹੁਤ ਸਾਰੇ ਦੇਸ਼ਾਂ ਨੇ ਭਲਾਈ ਰਾਜ ਦੇ ਸਿਧਾਂਤ ਨੂੰ ਅਪਣਾਇਆ – ਇਕ ਅਜਿਹੀ ਰਾਜਨੀਤਕ ਪ੍ਰਣਾਲੀ ਜਿਹੜੀ ਨਾਗਰਿਕਾਂ ਦੀ ਭਲਾਈ ਦੀ ਵੱਡੀ ਜ਼ਿੰਮੇਵਾਰੀ ਚੁੱਕਦੀ ਹੈ। 80 ਅਤੇ 90 ਦੇ ਦਹਾਕਿਆਂ ਦੌਰਾਨ ਦੁਨੀਆਂ ਭਰ ਵਿਚ ਵਿਸ਼ਵੀਕਰਨ ਦਾ ਦੌਰ ਸ਼ੁਰੂ ਹੋਣ ਨਾਲ ਸਥਾਨਕ ਰਾਜਨੀਤਕ ਅਤੇ ਪ੍ਰਬੰਧਨ ਸੱਭਿਆਚਾਰ ਦੀ ਪ੍ਰਵਾਹ ਕੀਤੇ ਬਗ਼ੈਰ ਰਾਜ ਦੀ ਭੂਮਿਕਾ ਵਿਚ ਤਬਦੀਲੀਆਂ ਆਈਆਂ। ਇਹ ਮਹਿਸੂਸ ਹੋਣ ਲੱਗਿਆ ਕਿ ਅਦਾਰੇ, ਨਿਜ਼ਾਮ ਅਤੇ ਜਨਤਕ ਪ੍ਰਬੰਧਨ ਦੀਆਂ ਪ੍ਰਕਿਰਿਆਵਾਂ ਠੀਕ ਨਹੀਂ ਹਨ ਅਤੇ ਟੀਚਿਆਂ ਦੀ ਪੂਰਤੀ ਲਈ ਗ਼ੈਰ-ਪ੍ਰਭਾਵੀ ਹਨ। ਅਸੰਤੁਸ਼ਟਤਾ ਦਾ ਮੁੱਖ ਕਾਰਨ ਰਾਜ ਵਲੋਂ ਯਕਦਮ, ਸੰਤੁਸ਼ਟਤਾ ਲਚਕੀਲੇ ਅਤੇ ਨਵੇਂ ਢੰਗਾਂ ਨਾਲ ਮੁਖਾਤਬ ਨਾ ਹੋਣਾ ਹੈ ਜੋ ਬਦਲੇ ਹੋਏ ਵਾਤਾਵਰਨ ਦੇ ਅਨੁਕੂਲ ਹੋਵੇ। ਇਹ ਮੰਨਿਆ ਜਾਣ ਲੱਗਾ ਕਿ ਵਿਸ਼ਾਲ ਹੋਣ ਦੇ ਬਾਵਜੂਦ ਰਾਜ ਹੁੰਗਾਰਾ ਦੇਣ ਵਿਚ ਨਾਕਾਮ ਹੈ।

ਪੱਛਮੀ ਦੇਸ਼ਾਂ ਵਿਚ ਸਰਕਾਰ ਦੇ ਕਾਰਜਾਂ ਦੇ ਸੀਮਤ ਹੋਣ ਦਾ ਇਕ ਨਮੂਨਾ ਇਹ ਹੈ ਕਿ ਸਰਕਾਰ ਨੂੰ :

● ਕੰਮ ਘੱਟ ਕਰਨਾ ਚਾਹੀਦਾ ਹੈ।

● ਆਪਣੀਆਂ ਜ਼ਿਆਦਾ ਬੋਝਲ ਜ਼ਿੰਮੇਵਾਰੀਆਂ ਨੂੰ ਖਤਮ ਜਾਂ ਘੱਟ ਕਰ ਦੇਣਾ ਚਾਹੀਦਾ ਹੈ।

● ਮੁਕਾਬਲੇਬਾਜ਼ੀ ਅਤੇ ਨਿਪੁੰਨਤਾ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੀ ਕਾਰਜ ਪ੍ਰਣਾਲੀ ਵਿਚ ਸੁਧਾਰ ਲਿਆਉਣੇ ਚਾਹੀਦੇ ਹਨ।

'ਬਾਜ਼ਾਰ ਵਲੋਂ ਸਰਕਾਰ' ਦੇ ਇਹ ਵਿਸ਼ਵਾਸ ਇਸ ਧਾਰਨਾ 'ਤੇ ਆਧਾਰਿਤ ਹਨ ਕਿ ਬਾਜ਼ਾਰ ਦਾ ਬੰਦੋਬਸਤ ਵਿਰਾਸਤੀ ਤੌਰ ਤੇ ਮਨੁੱਖ ਦੀਆਂ ਲੋੜਾਂ ਅਤੇ ਆਸਾਵਾਂ ਨੂੰ ਪੂਰਾ ਕਰਨ ਲਈ ਸਰਕਾਰ ਦਾ ਸਹਾਰਾ ਲੈਣ ਨਾਲੋਂ ਵਧੀਆ ਅਤੇ ਉੱਤਮ ਤਰੀਕਾ ਹੈ।

**ਰਾਜ ਦੇ ਬਦਲਦੇ ਹੋਏ ਮੁਹਾਂਦਰੇ ਨਾਲ ਨਵੇਂ ਢਾਂਚੇ ਅਤੇ ਨਵੇਂ ਪਹਿਲੂ ਸਾਹਮਣੇ ਆ ਰਹੇ ਹਨ। 1980-90 ਦੇ ਦਹਾਕਿਆਂ ਦੌਰਾਨ ਇੰਗਲੈਂਡ ਅਤੇ ਅਮਰੀਕਾ ਵਿਚ ਬਾਜ਼ਾਰ ਪੱਖੀ ਅਤੇ ਰਾਜ ਵਿਰੋਧੀ 'ਨਿੱਜੀ ਚੰਗਾ', ਅਤੇ 'ਜਨਤਕ ਮਾੜਾ' ਦੀ ਵਿਚਾਰਧਾਰਾ ਦਾ ਬੋਲਬਾਲਾ ਰਿਹਾ। ਇਸ ਨਾਲ ਵਿਕਾਸ ਦੀ ਇਕ ਨਵੀਂ ਰਾਜਨੀਤਕ ਆਰਥਿਕਤਾ ਦਾ ਜਨਮ ਹੋਇਆ ਜਿਹੜੀ ਕਿ ਰਾਜ ਦੀ ਬਜਾਇ ਬਾਜ਼ਾਰ 'ਤੇ ਆਧਾਰਤ ਸੀ।**

## ਪ੍ਰਸ਼ਾਸਨ ਵਿਚ ਪ੍ਰਬੰਧਕੀ ਅਨੁਕੂਲਨ

ਸਮਾਜਿਕ, ਆਰਥਿਕ ਅਤੇ ਵਾਤਾਵਰਨਿਕ ਦਬਾਵਾਂ ਕਰਕੇ ਜਨਤਕ ਪ੍ਰਬੰਧਨ ਵਿਚ 1960ਵਿਆਂ ਤੋਂ ਪਰਿਵਰਤਨ ਹੋਣੇ ਸ਼ੁਰੂ ਹੋ ਗਏ ਸਨ। ਵਿਸ਼ਵ ਵਿਚ 1970ਵਿਆਂ ਦੇ ਹਾਲਤਾਂ ਨੇ ਖ਼ਾਸ ਕਰਕੇ ਪੱਛਮੀ ਦੇਸ਼ਾਂ ਵਿਚ ਕ੍ਰਾਂਤੀਕਾਰੀ ਪ੍ਰਬੰਧਨ ਸੁਧਾਰਾਂ 'ਤੇ ਵਿਸ਼ੇਸ਼ ਜ਼ੋਰ ਪਾਇਆ। ਪ੍ਰਬੰਧਨ ਦਾ ਰਵਾਇਤੀ ਮਾਡਲ, ਜੋ ਦਰਜਾਬੰਦੀ, ਢਾਂਚਾ, ਵਿਚਾਰਸ਼ੀਲਤਾ, ਕੇਂਦਰੀਕਰਨ ਆਦਿ 'ਤੇ ਜ਼ੋਰ ਦਿੰਦਾ ਸੀ, 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ। ਤਰਕਪੂਰਨ ਵਿਵਹਾਰ, ਜੋ ਜਨਤਕ ਪ੍ਰਬੰਧਨ ਦੀ ਖ਼ਾਸ ਵਿਸ਼ੇਸ਼ਤਾ ਹੈ, ਲਈ ਕਿਹਾ ਗਿਆ ਕਿ ਇਹ ਵਰਤਮਾਨ ਸੰਦਰਭ ਵਿਚ ਗ਼ੈਰ ਪ੍ਰਸੰਗਿਕ ਅਤੇ ਲਾਹੇਵੰਦ ਨਹੀਂ। ਜਨਤਕ ਪ੍ਰਬੰਧਨ ਜਿਸ ਨੇ ਹਮੇਸ਼ਾਂ ਪ੍ਰਕਿਰਿਆਵਾਂ, ਨਿਯਮਾਵਲੀ ਅਤੇ ਜਨਤਕ ਸੇਵਾਵਾਂ ਦੇ ਅਨੁਕੂਲਨ ਨੂੰ ਪਹਿਲ ਦਿਤੀ ਹੈ, ਹੁਣ ਨਤੀਜੇ ਪ੍ਰਾਪਤ ਕਰਨ ਲਈ ਕੁਸ਼ਲਤਾ, ਆਰਥਿਕਤਾ ਅਤੇ ਪ੍ਰਭਾਵਿਕਤਾ ਨੂੰ ਰਾਹ ਦਿੰਦਾ ਨਜ਼ਰ ਆ ਰਿਹਾ ਹੈ। ਵਪਾਰ ਪ੍ਰਬੰਧਨ ਤਕਨੀਕਾਂ, ਬਾਜ਼ਾਰ ਪ੍ਰਣਾਲੀ ਮੁਕਾਬਲੇਬਾਜ਼ੀ ਅਤੇ ਗਾਹਕ ਅਨੁਕੂਲਨ ਲਈ ਕੀਤੇ ਜਾਣ ਵਾਲੇ ਪ੍ਰਬੰਧਕੀ ਅਨੁਕੂਲਨ ਸ਼ੁਰੂ ਹੋਣ ਨਾਲ ਇਨ੍ਹਾਂ ਨੂੰ ਪਹਿਲ

ਮਿਲਣੀ ਸ਼ੁਰੂ ਹੋ ਗਈ ਜਿਸ ਨੂੰ 'ਨਵਾਂ ਜਨਤਕ ਪ੍ਰਬੰਧਨ' ਦਾ ਨਾਂ ਦਿਤਾ ਗਿਆ।

ਬੇਸ਼ੱਕ ਉੱਨ੍ਹੀਵੀਂ ਸਦੀ ਦੇ ਅਖੀਰਲੇ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ ਬਹੁਤ ਸਾਰੇ ਦੇਸ਼ਾਂ ਵਿਚ ਪ੍ਰਬੰਧਕੀ ਕੁਸ਼ਲਤਾ ਨੂੰ ਨੌਕਰਸ਼ਾਹੀ ਨਾਲ ਜੋੜ ਕੇ ਵੇਖਿਆ ਜਾਂਦਾ ਸੀ। ਵਿਕਸਤ ਦੇਸ਼ਾਂ, ਜਿਵੇਂ ਅਮਰੀਕਾ ਵਿਚ ਵੀ, ਨੌਕਰਸ਼ਾਹੀ ਵਲੋਂ ਜਨਤਕ ਸਹੂਲਤਾਂ ਜਿਵੇਂ ਬਿਜਲੀ, ਪਾਣੀ ਆਦਿ ਦੇ ਪ੍ਰਬੰਧ ਦੀ ਲੋੜ ਮਹਿਸੂਸ ਕੀਤੀ ਗਈ ਜਿਸ ਨਾਲ ਢਾਂਚਾਗਤ ਨਿਵੇਸ਼ ਵਿਚ ਚੋਖਾ ਵਾਧਾ ਹੋਇਆ ਜੋ ਆਰਥਿਕ ਵਿਕਾਸ ਦਾ ਕਾਰਨ ਬਣਿਆ। ਸਿੱਧੀ ਸਰਕਾਰ ਪ੍ਰਣਾਲੀ, ਜਿਸ ਨੇ ਜ਼ਿਆਦਾ ਮਹੱਤਤਾ ਪ੍ਰਾਪਤ ਕੀਤੀ ਸੀ, ਨੇ ਹੁਣ ਨਿੱਜੀਕਰਨ ਅਤੇ ਠੇਕਾ ਪ੍ਰਥਾ ਨੂੰ ਰਾਹ ਦੇ ਦਿਤਾ ਹੈ। ਵਿੱਤੀ ਕਾਰਨਾਂ ਦੇ ਨਾਲ-ਨਾਲ ਜਨਤਕ ਖੇਤਰ ਪ੍ਰਤਿ ਉਦਾਸੀਨਤਾ ਕਾਰਨ ਸਰਕਾਰਾਂ, ਖ਼ਾਸ ਕਰਕੇ ਬ੍ਰਿਟੇਨ, ਕੈਨੇਡਾ, ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਦੀਆਂ ਸਰਕਾਰਾਂ ਦੀ ਸੋਚ ਵਿਚ ਮਹੱਤਵਪੂਰਨ ਬਦਲਾਅ ਆਏ ਹਨ। ਇਨ੍ਹਾਂ ਦੇਸ਼ਾਂ ਦੀ ਰਾਜਨੀਤਕ ਲੀਡਰਸ਼ਿਪ, ਜਨਤਕ ਸੇਵਾਵਾਂ ਪ੍ਰਬੰਧਨ ਦੇ ਖੇਤਰ ਵਿਚ ਤਬਦੀਲੀਆਂ ਲਿਆਉਣ ਦੇ ਹੱਕ ਵਿਚ ਸੀ। ਵਿਦਵਤਾ ਦਾ ਵਾਤਾਵਰਨ ਵੀ ਜਨਤਕ ਖੇਤਰ ਵਿਚ ਬਦਲਾਵਾਂ ਲਈ ਸਹਾਇਕ ਨਜ਼ਰ ਆ ਰਿਹਾ ਸੀ। ਨਵੀਂ ਸੱਜੇ ਪੱਖੀ ਵਿਚਾਰਧਾਰਾ, ਜਿਹੜੀ ਬਾਜ਼ਾਰ ਨੂੰ ਸਰਵੋਤਮ ਅਤੇ ਮਜ਼ਬੂਤ ਮੰਨਦੀ ਸੀ ਅਤੇ ਜੋ ਜਨਤਕ ਅਤੇ ਸਮਾਜਿਕ ਦੋਨਾਂ ਅਦਾਰਿਆਂ ਵਿਚ ਲਾਗੂ ਕੀਤੀ ਜਾ ਸਕਦੀ ਸੀ, ਨਵ-ਉਦਾਰਵਾਦੀ ਅਰਥਸ਼ਾਸਤਰੀ ਦਾ ਪ੍ਰਭਾਵਸ਼ਾਲੀ ਸਮੂਹ 'ਵੱਡੀ' ਸਰਕਾਰ ਦਾ ਆਲੋਚਕ ਸੀ ਅਤੇ ਇਹ ਵਿਚਾਰ ਰੱਖਦਾ ਸੀ ਕਿ ਸਿਰਫ਼ ਮੁਕਤ ਬਾਜ਼ਾਰ ਹੀ ਸਮਾਜ ਦੇ ਭਿੰਨ-ਭਿੰਨ ਤੱਤਾਂ ਨੂੰ ਇਕ ਰੱਖ ਸਕਦਾ ਹੈ। ਨਵ ਸੱਜੇ ਪੱਖੀ, ਜੋ ਆਪਣੀ ਵਿਚਾਰਧਾਰਾ ਆਰਥਿਕ ਅਤੇ ਜਨਤਕ ਚੋਣ ਸਕੂਲਾਂ ਤੋਂ ਗ੍ਰਹਿਣ ਕਰਦੀ ਹੈ, ਨੇ ਨੌਕਰਸ਼ਾਹੀ ਦੀ ਭੂਮਿਕਾ ਨੂੰ ਨਕਾਰਿਆ, ਸਮਾਜਿਕ ਸਹਾਇਤਾ ਵਿਚ ਰਾਜ ਦੀ ਘੱਟ ਤੋਂ ਘੱਟ ਭੂਮਿਕਾ ਅਤੇ ਸਰਕਾਰ ਦੀ ਸਮਾਨਤਾ ਅਤੇ ਸਮਾਜਿਕ ਨਿਆਂ ਪ੍ਰਤਿ ਜਾਇਜ਼ ਭੂਮਿਕਾ ਨੂੰ ਸਿਰੇ ਤੋਂ ਖਾਰਜ ਕਰ ਦਿਤਾ। ਇਸ ਤਰ੍ਹਾਂ, ਸੇਵਾਵਾਂ ਪਹੁੰਚਾਉਣ ਦੇ ਖੇਤਰ ਵਿਚ ਬਜਟੀ ਤਾਕਤਾਂ ਅਤੇ ਪ੍ਰਬੰਧਕੀ ਅਨੁਕੂਲਣ ਨੂੰ ਪ੍ਰਮੁੱਖਤਾ ਹਾਸਲ ਹੋ ਗਈ।

1980 ਤੇ 90 ਦਰਮਿਆਨ ਭਾਰਤ ਸਮੇਤ ਅਨੇਕ ਵਿਕਾਸਸ਼ੀਲ ਦੇਸ਼ਾਂ ਵਲੋਂ ਅਪਣਾਏ ਸਟਰਕਚਰਲ ਐਡਜਸਟਮੈਂਟ ਤੇ ਸਟੈਬਲਾਈਜੇਸ਼ਨ ਪ੍ਰੋਗਰਾਮ ਤਹਿਤ ਦੀਰਘਕਾਲੀ ਵੱਡੀਆਂ ਆਰਥਿਕ, ਵਿੱਤੀ, ਵਪਾਰਕ ਨੀਤੀਆਂ, ਵਿੱਤੀ ਉਦਾਰਵਾਦ, ਨਿੱਜੀਕਰਨ ਅਤੇ ਘਰੇਲੂ ਬਾਜ਼ਾਰ ਨੂੰ ਨਿਯੰਤ੍ਰਣ ਮੁਕਤ ਕਰਨ ਦਾ ਰਾਹ ਫੜ ਲਿਆ ਗਿਆ। ਇਸ ਨੀਤੀ ਤਹਿਤ ਰਾਜ ਦੀ ਭੂਮਿਕਾ ਸੀਮਤ ਰਹਿ ਗਈ ਜੋ ਨਾ ਤਾਂ ਆਰਥਿਕ ਦਖ਼ਲਅੰਦਾਜ਼ੀ ਕਰ ਸਕੇ, ਅਤੇ ਜਿਹੜੀ ਠੋਸ ਵਿੱਤੀ ਨੀਤੀ, ਸੁਰੱਖਿਅਤ ਜਾਇਦਾਦ, ਹੱਕ ਅਤੇ ਸਿੱਖਿਆ, ਸਿਹਤ ਅਤੇ ਢਾਂਚਾਗਤ ਵਿਕਾਸ 'ਤੇ ਜ਼ਿਆਦਾ ਧਿਆਨ ਕੇਂਦਰਿਤ ਕਰੇ।

### ਜਨਤਕ ਪ੍ਰਸ਼ਾਸਨ : ਉੱਭਰਦੀਆਂ ਚੁਨੌਤੀਆਂ

ਵਰਤਮਾਨ ਮਾਹੌਲ ਵਿਚੋਂ, ਦੁਨੀਆਂ ਭਰ ਵਿਚ ਸਰਕਾਰ ਦੇ ਇਕ ਯੰਤਰ ਵਜੋਂ, ਪ੍ਰਬੰਧਨ ਵਿਚ ਵੱਡੇ ਦਬਲਾਅ ਆ ਰਹੇ ਹਨ। ਇਸ ਦੇ ਲਚਕੀਲਾ, ਅਗਾਊਂ ਸੋਚਣ ਵਾਲਾ, ਖ਼ਤਰੇ ਮੁੱਲ ਲੈਣ ਵਾਲਾ, ਉੱਦਮੀ, ਸਰਕਾਰਾਂ ਦੇ ਕੰਮ ਵਿਚ ਨਵਾਂਪਨ ਲਿਆਉਣ ਵਾਲਾ, ਜਨਤਕ ਸੇਵਾਵਾਂ ਵਿਚ ਸੁਧਾਰ, ਸੂਚਨਾ ਤਕਨਾਲੋਜੀ ਲਾਗੂ ਕਰਨ, ਚੰਗੇ ਸ਼ਾਸਨ ਦੇ ਉਪਾਅ ਆਦਿ ਕਰਨ ਦੀ ਆਸ ਕੀਤੀ ਜਾਂਦੀ ਹੈ। ਇਸ ਸਭ ਕਾਸੇ ਵਿਚ ਸਰਕਾਰ, ਬਾਜ਼ਾਰ, ਸਮਾਜ ਦੀ ਥਾਂ ਹੈ, ਲੋੜ ਹੈ ਇਨ੍ਹਾਂ ਨੂੰ ਨਵੇਂ ਸਿਰਿਉਂ ਤਰਤੀਬ ਦੇਣ ਦੀ ਤਾਂ ਜੋ ਵਿਸ਼ਵੀਕਰਨ ਦੀ ਜ਼ਿੰਮੇਵਾਰੀ ਚੁੱਕਦਿਆਂ ਇਹ ਵਿਕਾਸ ਦੀ ਗੱਡੀ ਨੂੰ ਅੱਗੇ ਤੋਰ ਸਕਣ। ਇਸ ਨੇ ਜਨਤਕ ਪ੍ਰਬੰਧਨ ਅੱਗੇ ਨਵੀਆਂ ਚੁਨੌਤੀਆਂ ਖੜ੍ਹੀਆਂ ਕਰ ਦਿਤੀਆਂ ਹਨ। ਇਨ੍ਹਾਂ ਵਿਚੋਂ ਕੁਝ ਹਨ :

### ਰਾਜ ਦੀ ਭੂਮਿਕਾ ਨਵੇਂ ਸਿਰੇ ਤੋਂ ਨਿਰਧਾਰਤ ਕਰਨਾ

ਬੇਸ਼ੱਕ, ਵਿਸ਼ਵੀਕਰਨ ਦਾ ਰਾਜ, ਇਸ ਦੀਆਂ ਨੀਤੀਆਂ, ਸੰਸਥਾਵਾਂ ਅਤੇ ਕਰਮਚਾਰੀਆਂ 'ਤੇ ਵੱਡਾ ਅਸਰ ਪੈਂਦਾ ਹੈ। ਕਾਰਪੋਰੇਟ ਜਗਤ ਵਲੋਂ ਆਪਣੀ ਹੋਂਦ ਦਰਸਾਉਣ ਕਰਕੇ 'ਜਨਤਕ ਅਦਾਰਾ' ਅਤੇ ਨਾਗਰਿਕਾਂ ਦੀ ਸ਼ਮੂਲੀਅਤ ਘਟਦੀ ਜਾ ਰਹੀ ਹੈ। ਰਾਜ ਦੀ ਭੂਮਿਕਾ ਵਿਚ ਬਦਲਾਅ ਦੀ ਜ਼ਰੂਰਤ ਹੈ। ਸਮਾਜਵਾਦੀ ਦੇਸ਼ਾਂ ਦੇ ਮਾਮਲੇ ਵਿਚ ਜਾਣੇ ਅਣਜਾਣੇ ਜੋ ਨਜ਼ਰ ਅੰਦਾਜ਼ ਕੀਤਾ ਗਿਆ, ਉਹ ਇਹ ਸੀ ਕਿ ਇਕ ਕਾਰਜਰਤ, ਬਾਜ਼ਾਰੀ ਆਰਥਿਕਤਾ ਨੂੰ ਲੋੜੀਂਦੇ ਸੰਸਥਾਗਤ ਢਾਂਚੇ ਦੀ ਲੋੜ ਹੁੰਦੀ ਹੈ ਜੋ ਨੀਤੀ ਘਾੜਿਆਂ ਅਤੇ ਨਿੱਜੀ ਵਪਾਰੀਆਂ ਨੂੰ ਉਤਸ਼ਾਹ ਦੇਵੇ। ਬਾਜ਼ਾਰ ਦੀਆਂ ਤਾਕਤਾਂ ਦੇ ਪ੍ਰਦਰਸ਼ਨ ਨੂੰ ਵਧੀਆ ਬਣਾਉਣ ਲਈ ਇਕ ਮਜ਼ਬੂਤ ਸਰਕਾਰ ਲਾਜ਼ਮੀ ਹੈ। ਰਾਜ ਦੀ ਇਕ ਨਵੀਂ ਤੇ ਮਹੱਤਵਪੂਰਨ ਭੂਮਿਕਾ ਹੈ ਨਾਗਰਿਕਾਂ, ਨਿੱਜੀ ਸੰਸਥਾਵਾਂ ਅਤੇ ਸਮਾਜ ਦੇ ਹਿੱਤਾਂ ਵਿਚ ਤਾਲਮੇਲ ਬਿਠਾਉਣਾ। ਇਸ ਨੂੰ ਲੋਕਤੰਤਰਿਕ, ਭਾਗੀਦਾਰ, ਅਗਵਾਈ ਦੇਣ ਵਾਲਾ ਅਤੇ ਕਾਬੂ ਕਰਨ ਵਾਲੀ ਭੂਮਿਕਾ ਨਿਭਾਉਣੀ ਪਵੇਗੀ। ਨਾਗਰਿਕ ਸ਼ਾਸਨ ਪ੍ਰਣਾਲੀ ਦਾ ਇਕ ਪ੍ਰਮੁੱਖ ਅੰਗ ਹੋਣੇ ਚਾਹੀਦੇ ਹਨ। ਸਿਰਫ਼ ਇਸ ਤਰ੍ਹਾਂ ਹੀ ਵਿਸ਼ਵੀਕਰਨ ਦੇ ਅਣਚਾਹੇ ਪ੍ਰਭਾਵਾਂ ਤੋਂ ਬਚਿਆ ਜਾ ਸਕਦਾ ਹੈ।

ਪ੍ਰਭਾਵੀ ਆਰਥਿਕ ਸ਼ਾਸਨ ਲਈ ਰਾਜ ਤੋਂ ਤਵੱਕੋ ਹੁੰਦੀ ਹੈ ਕਿ ਉਹ ਬਾਜ਼ਾਰੀ ਸੰਸਥਾਨਾਂ ਦੇ ਕੰਮ ਕਰਨ ਲਈ ਢੁੱਕਵਾਂ ਮਾਹੌਲ ਤਿਆਰ ਕਰੇ, ਨਾਲ ਹੀ ਨਾਲ ਉਨ੍ਹਾਂ ਨੂੰ ਸਮਾਜਿਕ ਜ਼ਿੰਮੇਵਾਰੀਆਂ ਦਾ ਵੀ ਅਹਿਸਾਸ ਕਰਵਾਏ। ਇਸ ਦੇ ਨਾਲ ਹੀ ਬਾਜ਼ਾਰ ਦੇ ਨਿਯਮ ਕਾਇਦੇ ਬਣਾ ਕੇ, ਬਾਜ਼ਾਰ ਦੇ ਸੰਸਥਾਨਾਂ ਦਾ ਨਿਰਮਾਣ ਅਤੇ ਨਿਯੰਤ੍ਰਣ ਕਰਕੇ ਰਾਜ ਇਕ ਪ੍ਰਮੁੱਖ ਭੂਮਿਕਾ ਨਿਭਾ ਸਕਦਾ ਹੈ। ਮੁਕਾਬਲੇਬਾਜ਼ੀ ਦਾ ਮਾਹੌਲ ਤਿਆਰ ਕਰਨ ਅਤੇ ਇਕ ਸਥਿਰ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਜ਼ਰੂਰੀ ਪ੍ਰਬੰਧਕੀ ਮਦਦ ਦਿਤੀ ਜਾਂਦੀ ਹੈ।

ਰਾਜ ਨੂੰ ਲੋਕਤੰਤਰੀ, ਭਾਗੀਦਾਰ, ਅਗਵਾਈ ਕਰਨ ਅਤੇ ਨਿਯੰਤ੍ਰਣ ਕਰਨ ਦੀ ਭੂਮਿਕਾ ਨਿਭਾਉਣੀ ਪਵੇਗੀ। ਇਕ ਕੁਸ਼ਲ, ਲੋਕਤੰਤਰਿਕ ਰਾਜ ਦੀਆਂ ਵਿਸ਼ੇਸ਼ਤਾਈਆਂ ਨੂੰ ਹੇਠ ਲਿਖੇ ਅਨੁਸਾਰ ਕਲਮਬੰਦ ਕੀਤਾ ਜਾ ਸਕਦਾ ਹੈ :

- ਸ਼ਾਸਨ ਦੇ ਮਜ਼ਬੂਤ ਅਦਾਰੇ ਅਤੇ ਕਾਨੂੰਨ ਦਾ ਰਾਜ।
- ਭਰੋਸੇਯੋਗ ਤੇ ਸੁਤੰਤਰ ਨਿਆਂ ਅਦਾਰੇ।
- ਆਰਥਿਕ ਪ੍ਰਕਿਰਿਆਵਾਂ ਲਈ ਪ੍ਰਭਾਵੀ ਕਾਨੂੰਨੀ ਢਾਂਚਾ।
- ਮੁਕਤ ਅਤੇ ਮੁਕਾਬਲੇਬਾਜ਼ੀ ਦਾ ਵਾਤਾਵਰਨ।
- ਕੀਮਤਾਂ ਦੀ ਸਥਿਰਤਾ ਅਤੇ ਵਿੱਤੀ ਜ਼ਿੰਮੇਵਾਰੀ।
- ਉੱਚਿਤ ਕਰ ਪ੍ਰਣਾਲੀ।

● ਵਿਕਸਤ ਅਤੇ ਮੁਕਾਬਲੇਬਾਜ਼ੀ ਵਾਲਾ ਮਜ਼ਦੂਰ, ਵਿੱਤੀ ਅਤੇ ਪੂੰਜੀ ਬਾਜ਼ਾਰ।

● ਯੋਗ ਪਰਿਚਲਨ, ਨਿਯੰਤ੍ਰਿਕ, ਤਾਮੀਲ ਕਰਵਾਉਣ ਦੀ ਸਮਰਥਾ ਅਤੇ ਵਾਜਬ ਨਿੱਜੀਕਰਨ ਅਤੇ ਸੇਵਾਵਾਂ ਦਾ ਨਿੱਜੀ ਹੱਥਾਂ ਵਿਚ ਸੌਪਣਾ।

● ਵਪਾਰ ਨੂੰ ਉਤਸ਼ਾਹਿਤ ਕਰਨ ਲਈ ਰਾਜ ਅਤੇ ਨਿੱਜੀ ਭਾਈਵਾਲੀ ਜਿਸ ਵਿਚ ਜ਼ਿਆਦਾ ਜ਼ੋਰ ਲਘੂ ਉਦਯੋਗਾਂ ਅਤੇ ਛੋਟੇ ਤੇ ਦਰਮਿਆਨੇ ਉਦਯੋਗਾਂ 'ਤੇ ਦਿਤਾ ਜਾਵੇ।

ਇਕ ਨਿਯੰਤ੍ਰਕ ਰਾਜ ਦੀ ਸਥਾਪਨਾ ਦੀ ਲੋੜ ਹੈ ਜਿਸ ਦਾ ਇਕ ਵਾਧੂ ਏਜੰਡਾ ਹੋਵੇ ਜੋ ਨਿਯੰਤ੍ਰਕ ਹੋਵੇ, ਕਾਰਜ ਕੁਸ਼ਲਤਾ ਲਈ ਸਹੂਲਤਾਂ ਦੇਵੇ, ਸੇਵਾਵਾਂ ਦਾ ਪੱਧਰ ਨਿਰਧਾਰਤ ਕਰੇ, ਬਾਜ਼ਾਰ ਦੀਆਂ ਕਮੀਆਂ ਨੂੰ ਦੂਰ ਕਰੇ। ਬਾਜ਼ਾਰ ਦੇ ਖਿਡਾਰੀਆਂ ਲਈ ਉੱਚਿਤ ਨਿਯੰਤ੍ਰਕ ਅਤੇ ਕਾਨੂੰਨੀ ਢਾਂਚਾ ਦੇਵੇ, ਉਪਭੋਗਤਾਵਾਂ, ਮਾਲਕਾਂ, ਕਾਮਿਆਂ ਅਤੇ ਦੂਜੇ ਹਿੱਤ ਵਾਲਿਆਂ ਦੇ ਹੱਕਾਂ ਦੀ ਰਾਖੀ ਕਰੇ ਆਦਿ। ਬਾਜ਼ਾਰ ਆਧਾਰਿਤ ਵੱਖ-ਵੱਖ ਸੰਸਥਾਵਾਂ, ਹਿੱਸੇਦਾਰਾਂ, ਉਪਭੋਗਤਾਵਾਂ, ਕਾਮਿਆਂ ਅਤੇ ਸਮਾਜ ਦੇ ਹਿੱਤਾਂ ਵਿਚ ਸੰਤੁਲਨ ਬਿਠਾਉਣਾ। ਇਸ ਨਾਲ ਬਰਾਬਰ ਦਾ ਮੁਕਾਬਲਾ, ਕੀਮਤ, ਸੇਵਾਵਾਂ ਦਾ ਪੱਧਰ ਅਤੇ ਉਪਭੋਗਤਾ ਸੁਰੱਖਿਆ ਆਦਿ ਨਿਸ਼ਚਿਤ ਹੋ ਜਾਂਦੇ ਹਨ।

## ਸਿਵਲ ਸੁਸਾਇਟੀ ਦੀ ਸਹਾਇਕ ਲੋਕਤੰਤਰੀ ਮਾਡਲ ਵਜੋਂ ਸ਼ਮੂਲੀਅਤ

ਬਲਦੇ ਹੋਏ ਹਾਲਾਤ ਵਿਚ ਇਹ ਵਿਚਾਰ ਪੈਦਾ ਹੋਇਆ ਕਿ ਨਿੱਜਵਾਦ, ਜਿਸ ਦੀ ਜੜ੍ਹ ਬਾਜ਼ਾਰ ਅਤੇ ਬਾਜ਼ਾਰੀ ਤਾਕਤਾਂ ਦੇ ਆਧਾਰ ਹੇਠ ਸਰਕਾਰ ਵਿਚ ਹੁੰਦੀ ਹੈ, ਕਿਸੇ ਵੀ ਸਮਾਜ ਲਈ ਫਾਇਦੇਮੰਦ ਨਹੀਂ। ਇਸ ਕਰਕੇ ਰਾਜ ਅਤੇ ਬਾਜ਼ਾਰ ਨੂੰ ਬਦਲਵੇਂ ਸੰਸਥਾਗਤ ਵਿਕਲਪ ਲਈ ਸਿਵਲ ਸੁਸਾਇਟੀ ਸੰਸਥਾਵਾਂ ਜਾਂ ਗ਼ੈਰ-ਰਾਜੀ ਅਦਾਰਿਆਂ ਦੀ ਮਦਦ ਦੀ ਲੋੜ ਹੁੰਦੀ ਹੈ।

ਰਾਜ ਦੇ ਰਾਜਨੀਤਕ ਮਾਹੌਲ ਤੋਂ ਬਾਹਰ ਸਿਵਲ ਸੁਸਾਇਟੀ ਇਕ ਵੱਖਰੇ ਅਤੇ ਨਿਵੇਕਲੇ ਬਦਲ ਵਜੋਂ 18ਵੀਂ ਅਤੇ 19ਵੀਂ ਸਦੀ ਵਿਚ ਉੱਭਰ ਕੇ ਆਈ। ਰਾਜ ਜਾਂ ਸਰਕਾਰ ਦੀ ਤੁਲਨਾ ਵਿਚ ਇਹ ਨਾਗਰਿਕਾਂ ਨੂੰ ਸਵੈ-ਗਠਿਤ ਕਰਨ ਵੱਲ ਇਸ਼ਾਰਾ ਕਰਦੀ ਹੈ ਅਤੇ ਇਸ ਦੀਆਂ ਜੜ੍ਹਾਂ ਪੱਛਮ ਦੇ ਤਰਕਸ਼ੀਲ ਫ਼ੈਸਲਿਆਂ ਅਤੇ ਰਾਜਨੀਤਕ ਸਭਿਆਚਾਰ ਵਿਚ ਹਨ। ਸਿਵਲ ਸੁਸਾਇਟੀ ਉਨ੍ਹਾਂ ਸਮੂਹਾਂ ਦਾ ਇਕ ਇਕੱਠ ਹੈ ਜੋ ਰਾਜ ਵਲੋਂ ਖ਼ੁਦਮੁਖਤਿਆਰੀ ਪ੍ਰਾਪਤ ਹਨ। ਇਨ੍ਹਾਂ ਦਾ ਹੋਰਨਾਂ ਤੋਂ ਬਿਨਾਂ ਇਕ ਮੁੱਖ ਮੰਤਵ ਆਪਣੇ ਮੈਂਬਰਾਂ ਦੀ ਤਰਫੋਂ ਰਾਜ ਨੂੰ ਪ੍ਰਭਾਵਤ ਕਰਨਾ ਹੁੰਦਾ ਹੈ।

ਬਾਜ਼ਾਰ ਲਾਹੇ ਦੇ ਸਿਧਾਂਤ 'ਤੇ ਚੱਲਣ ਕਰਕੇ ਅਤੇ ਰਾਜ ਦੀਆਂ ਸੰਸਥਾਵਾਂ ਦੀ ਨਾਅਹਿਲਤ ਅਤੇ ਹੁੰਗਾਰੇ ਦੀ ਕਮੀ ਕਾਰਨ ਸਿਵਲ ਸੁਸਾਇਟੀ ਨੂੰ ਇਸ ਦੀ ਭਾਗੀਦਾਰੀ, ਲਚਕੀਲਾਪਨ, ਘੱਟ ਨੌਕਰਸ਼ਾਹੀ, ਘੱਟ ਕੀਮਤ ਅਤੇ ਲੋਕਾਂ ਤਕ ਪਹੁੰਚ ਕਰਕੇ ਪ੍ਰਮੁੱਖਤਾ ਹਾਸਲ ਹੋਈ। ਨਾਗਰਿਕਾਂ ਦੀ ਆਪਣੀ ਭਲਾਈ ਨਾਲ ਸੰਬੰਧਿਤ ਮਾਮਲਿਆਂ ਵਿਚ ਇਕ ਪ੍ਰਮੁੱਖ ਭੂਮਿਕਾ ਹੁੰਦੀ ਹੈ। ਸਿਵਲ ਸੁਸਾਇਟੀ ਸੰਸਥਾਵਾਂ ਦੇ ਵਿਕਾਸ ਨੂੰ ਸਮਾਜਿਕ ਵਿਕਾਸ ਵਜੋਂ ਵੇਖਿਆ ਜਾਂਦਾ ਹੈ।

**ਰਾਜ ਅਤੇ ਬਾਜ਼ਾਰ ਨੂੰ ਆਮ ਤੌਰ ਤੇ ਦੂਰ ਬਹਿ ਕੇ ਫ਼ੈਸਲੇ ਲੈਣ ਵਾਲੇ ਮੰਨਿਆ ਜਾਂਦਾ ਹੈ ਜਿਨ੍ਹਾਂ ਦਾ ਸ਼ਾਇਦ ਸਮਾਜ ਦੀ ਜ਼ਿੰਦਗੀ 'ਤੇ ਕੋਈ ਬਹੁਤਾ ਅਸਰ ਨਾ ਹੁੰਦਾ ਹੋਵੇ। ਸਮਾਜਿਕ ਅੰਦੋਲਨ ਦਾ ਸਾਹਮਣੇ ਆਉਣਾ, ਜਿਹੜੀ ਕਿ ਨਵੀਂ ਸਰਗਰਮੀ ਹੈ, ਪਰ ਜੋ ਗਤੀ ਫੜ ਰਹੀ ਹੈ, ਸਮਾਜ ਨੂੰ ਇਕ ਵਧੀਆ ਪਰਿਪੇਖ ਪ੍ਰਦਾਨ ਕਰਦੀ ਹੈ ਜਿਸ ਵਿਚ ਸਮਾਜ ਦੇ ਨਵੇਂ ਪ੍ਰਕਾਰ (ਸਥਾਨਕ, ਸਵੈ-ਇੱਛਤ, ਪੇਸ਼ੇਵਰ) ਸ਼ਾਮਿਲ ਹੁੰਦੇ ਹਨ ਜੋ ਆਪਸੀ ਸਹਿਯੋਗ ਅਤੇ ਸਦਭਾਵਨਾ ਤਹਿਤ ਕੰਮ ਕਰਦੇ ਹਨ।**

ਇਸ ਧਾਰਨਾ ਨੂੰ ਦਿਨੋ-ਦਿਨ ਬਲ ਮਿਲ ਰਿਹਾ ਹੈ, ਉਹ ਹੈ ਰਾਜ ਵਲੋਂ ਜ਼ਿਆਦਾ ਤੋਂ ਜ਼ਿਆਦਾ ਸ਼ਕਤੀਆਂ ਦਾ ਅੰਸ਼ਿਕ ਰੂਪ ਵਿਚ ਖ਼ੁਦਮੁਖ਼ਤਿਆਰ ਸੰਸਥਾਵਾਂ ਨੂੰ, ਸਮਾਜ ਅਤੇ ਸਹਿਕਾਰੀ ਸਭਾਵਾਂ ਨੂੰ ਵਿਕੇਂਦਰੀਕਰਨ। ਇਹ ਇਕ ਪ੍ਰਕਾਰ ਦਾ ਲੋਕਤੰਤਰਿਕ ਵਿਕੇਂਦਰੀਕਰਨ ਹੈ। ਮੁਕਤ ਬਾਜ਼ਾਰ ਦੇ ਸਿਧਾਂਤ ਦੀਆਂ ਸੀਮਾਵਾਂ ਨੇ ਇਕ 'ਤੀਸਰੇ ਬਦਲ' ਨੂੰ ਰਸਤਾ ਦਿਤਾ ਹੈ ਜੋ ਸਰਕਾਰ, ਨਾਗਰਿਕਾਂ ਅਤੇ ਨਿੱਜੀ ਫਰਮਾਂ ਨੂੰ ਤਕੜਿਆਂ ਕਰਨ ਵੱਲ ਜ਼ੋਰ ਦਿੰਦਾ ਹੈ।

## ਰਾਜ ਤੇ ਬਾਜ਼ਾਰ ਦਾ ਸਹਿਯੋਗ

ਬਹੁਤ ਸਾਰੀਆਂ ਉਦਾਰ ਅਰਥਵਿਵਸਥਾਵਾਂ ਵਿਚ ਵੀ ਆਰਥਿਕਤਾ ਨੂੰ ਸਹੀ ਲੀਹ 'ਤੇ ਰੱਖਣ ਵਿਚ ਰਾਜ ਦਾ ਪ੍ਰਮੁੱਖ ਯੋਗਦਾਨ ਹੁੰਦਾ ਹੈ। ਬਾਜ਼ਾਰ ਆਰਥਿਕਤਾ ਨੂੰ ਮਜ਼ਬੂਤ ਸਰਕਾਰੀ ਅਦਾਰਿਆਂ ਦੀ ਲੋੜ ਹੁੰਦੀ ਹੈ ਜੋ ਉੱਦਮਾਂ ਦੀ ਨਿਰੰਤਰਤਾ ਉਪਯੁਕਤ ਤਾਮੀਲੀ ਅਤੇ ਦੇਖਭਾਲ ਦੇ ਤਰੀਕਿਆਂ ਨਾਲ ਯਕੀਨੀ ਬਣਾਉਣ। ਇਸ ਸੰਦਰਭ ਵਿਚ ਪ੍ਰਬੰਧਨ ਦਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਠੋਸ ਵਪਾਰ ਦੀਆਂ ਨੀਤੀਆਂ ਬਣਨ, ਉਪਯੁਕਤ ਕਾਰਪੋਰੇਟ ਤਰੀਕਿਆਂ ਨਾਲ, ਜਿਵੇਂ ਉੱਦਮਾਂ ਦੀ ਦੁਬਾਰਾ ਬਣਤਰ, ਵਿੱਤੀ ਖੇਤਰ ਅਤੇ ਢਾਂਚਾਗਤ ਸੁਧਾਰ। ਰਾਜ ਅਤੇ ਬਾਜ਼ਾਰ ਦੇ ਸੰਬੰਧਾਂ ਦੀ ਗੱਲ ਕਰੀਏ ਤਾਂ ਮੰਤਵ ਇਹ ਹੁੰਦਾ ਹੈ ਕਿ ਸਰਕਾਰ ਦੇ ਰਾਜ ਦੇ ਇਕ ਯੰਤਰ ਦੀ ਭੂਮਿਕਾ ਨੂੰ ਬਲ ਮਿਲੇ ਜੋ ਤਾਮੀਲ ਅਤੇ ਰਸਤਾ ਦਿਖਾ ਸਕੇ। ਇਹ ਬਾਜ਼ਾਰ ਵਿਚ ਮੁਕਾਬਲੇਬਾਜ਼ੀ ਦੇ ਹਾਲਾਤ ਨੂੰ ਅੱਗੇ ਵਧਾਉਣ ਦੀ ਮੰਗ ਕਰਦਾ ਹੈ ਜਿਸ ਨਾਲ ਸਮਾਜ ਦੀਆਂ ਕਿਰਿਆਵਾਂ, ਕੀਮਤ ਨਿਰਧਾਰਨ, ਬਾਜ਼ਾਰ ਦੀਆਂ ਤਾਕਤਾਂ 'ਤੇ ਨਿਗ੍ਹਾ ਰੱਖਣ ਅਤੇ ਮੁੱਲੰਕਣ ਕਰਨ ਅਤੇ ਬਾਜ਼ਾਰ ਦੀਆਂ ਅਸਫਲਤਾਵਾਂ ਨੂੰ ਠੀਕ ਕਰਨ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ।

ਰਾਜ ਨੇ ਵਿਕਾਸ ਮੁਖੀ ਨੀਤੀਆਂ ਬਣਾਉਣ, ਨੀਤੀਆਂ ਲਾਗੂ ਕਰਨ ਲਈ ਉਪਯੁਕਤ ਸੰਸਥਾਗਤ ਵਾਤਾਵਰਨ ਦਾ ਆਧਾਰ ਬਣਾਉਣ ਵਿਚ ਹਮੇਸ਼ਾ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਜਿਸ ਨਾਲ ਨੀਤੀਆਂ ਨੂੰ ਲਾਗੂ ਕਰਨ ਅਤੇ ਇਕ ਸਥਿਰ ਰਾਜਨੀਤਕ ਅਤੇ ਸਮਾਜਿਕ ਵਾਤਾਵਰਨ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪਰ ਵਿਸ਼ਵ ਪੂੰਜੀਵਾਦ ਦੇ ਅਚਾਨਕ ਉਭਾਰ ਨੇ ਰਾਜ ਦੀ ਕਾਰਜ ਕੁਸ਼ਲਤਾ ਪ੍ਰਤਿ ਸਵਾਲ ਖੜ੍ਹੇ ਕਰ ਦਿਤੇ ਹਨ ਜੋ ਆਰਥਿਕ ਜ਼ਿੰਦਗੀ ਨੂੰ ਬਣਾਉਣ ਵਿਚ ਪ੍ਰਮੁੱਖ ਹਨ। ਇਹ ਲਗਾਤਾਰ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਕਿਸੇ ਵੀ ਬਾਜ਼ਾਰ ਮੁਖੀ ਪ੍ਰੋਗਰਾਮ ਦੀ ਸਫਲਤਾ ਲਈ ਰਾਜ ਦੇ ਪ੍ਰਬੰਧਨ ਅਤੇ ਰਾਜਨੀਤਕ ਅੰਗਾਂ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੁੰਦੀ ਹੈ। ਰਾਜ ਦੀ ਦਖ਼ਲਅੰਦਾਜ਼ੀ ਵਾਲੀ ਭੂਮਿਕਾ ਇਕ ਵੱਖਰਾ ਰੂਪ ਅਖ਼ਤਿਆਰ ਕਰ ਲੈਂਦੀ ਹੈ। ਸਰਕਾਰੀ ਦਖ਼ਲਅੰਦਾਜ਼ੀ ਬਾਜ਼ਾਰ ਪ੍ਰਤਿ ਮਿੱਤਰਤਾ ਵਾਲੀ ਹੋਣੀ ਚਾਹੀਦੀ ਹੈ ਜਿਸ ਨਾਲ ਬਾਜ਼ਾਰ ਸੁਚਾਰੂ ਰੂਪ ਨਾਲ ਚੱਲ ਸਕੇ, ਲੋਕ ਪੱਖੀ ਹੋਵੇ ਅਤੇ ਸਮਾਜ ਪ੍ਰਤਿ ਉੱਤਰਦਾਈ ਵੀ ਹੋਵੇ।

ਰਾਜ ਅਤੇ ਬਾਜ਼ਾਰ ਦੇ ਤਾਲਮੇਲ ਲਈ ਸਰਕਾਰ ਦੀ ਭੂਮਿਕਾ ਹੇਠ ਲਿਖੇ ਬਿੰਦੂਆਂ 'ਤੇ

ਕੇਂਦਰਿਤ ਹੋਣੀ ਚਾਹੀਦੀ ਹੈ :

● ਸਮੁੱਚੀ ਆਰਥਿਕ ਨੀਤੀ ਪ੍ਰਦਾਨ ਕਰਨਾ।

● ਲੋੜੀਂਦਾ ਢਾਂਚਾ ਵਿਕਸਤ ਕਰਨਾ।

● ਬਾਜ਼ਾਰ ਦੀਆਂ ਕਮੀਆਂ/ਖਰਾਬੀਆਂ ਦੂਰ ਕਰਨੀਆਂ।

● ਸੇਵਾਵਾਂ ਦਾ ਪੱਧਰ ਯਕੀਨੀ ਬਣਾਉਣਾ।

● ਕਿਸੇ ਖੇਤਰ ਦੇ ਨਿੱਜੀ ਉੱਦਮੀਆਂ ਵਿਚਾਲੇ ਚੰਗੀ ਮੁਕਾਬਲੇਬਾਜ਼ੀ ਯਕੀਨੀ ਬਣਾਉਣਾ।

● ਬਾਜ਼ਾਰ ਦੇ ਖਿਡਾਰੀਆਂ ਲਈ ਉਪਯੁਕਤ ਤਾਮੀਲੀ ਕਾਨੂੰਨੀ ਢਾਂਚਾ ਵਿਕਸਤ ਕਰਨਾ।

● ਉਪਭੋਗਤਾਵਾਂ, ਮਾਲਕਾਂ, ਕਾਮਿਆਂ ਅਤੇ ਦੂਸਰੇ ਹਿੱਸੇਦਾਰਾਂ ਦੇ ਹਿੱਤਾਂ ਦੀ ਰੱਖਿਆ ਕਰਨੀ।

● ਬਾਜ਼ਾਰ ਦੇ ਖਿਡਾਰੀਆਂ ਨੂੰ ਪੂੰਜੀ ਉਪਲਬਧ ਕਰਾਉਣੀ।

● ਰਾਜ-ਸਮਾਜ ਵਿਚਕਾਰ ਸਹਿਯੋਗ ਪੈਦਾ ਕਰਨਾ

ਰਾਜ ਦੂਸਰੀਆਂ ਵਿਭਿੰਨ ਸਮਾਜਿਕ ਸੰਸਥਾਵਾਂ ਨਾਲ ਮਿਲਦੇ ਸ਼ਾਸਨ ਪ੍ਰਕਿਰਿਆ ਵਿਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਕਾਰਨ ਸਹਿਯੋਗ, ਸਹਿਭਾਗਤਾ ਅਤੇ ਰਾਜ ਤੇ ਸਮਾਜ ਵਿਚਾਲੇ ਇਕ ਦੂਜੇ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ ਦਿਤਾ ਜਾ ਰਿਹਾ ਹੈ। ਹੇਠਲੇ ਅਤੇ ਉਤਲੇ ਪੱਧਰ 'ਤੇ ਸਹਿਭਾਗਤਾ ਦੀ ਭਾਵਨਾ ਪੈਦਾ ਕਰਨ ਨਾਲ ਸਮਾਜ ਆਪਣੀਆਂ ਲੋੜਾਂ ਅਤੇ ਸੰਸਾਧਨਾਂ 'ਤੇ ਨਿਯੰਤ੍ਰਣ ਕਰ ਸਕੇਗਾ। ਵਿਕਾਸਸ਼ੀਲ ਦੇਸ਼ਾਂ ਵਿਚ ਸਮੂਹਿਕ ਸਵੈ-ਮਦਦ ਕਰਨ ਵਾਲੀਆਂ ਕਈ ਪ੍ਰਕਾਰ ਦੀਆਂ ਪਹੁੰਚ ਪੱਧਤੀਆਂ ਸਾਹਮਣੇ ਆ ਰਹੀਆਂ ਹਨ ਜਿਸ ਨਾਲ ਆਮ ਲੋੜਾਂ, ਜਿਵੇਂ ਰੁੱਖ ਲਾਉਣੇ, ਪਾਣੀ ਦੀ ਵੰਡ ਅਤੇ ਸਿੰਜਾਈ ਵਰਗੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।

ਰਾਜ ਅਤੇ ਸਮਾਜ ਵਿਚਾਲੇ ਸਹਿਯੋਗ ਪੈਦਾ ਕਰਨ ਲਈ ਢੁਕਵੀਆਂ ਨੀਤੀਆਂ ਦੀ ਲੋੜ ਹੈ :

● ਸਮੂਹਿਕ ਅਤੇ ਸਹਭਿਾਗਤਾ ਵਾਲੀਆਂ ਪ੍ਰਕਿਰਿਆਵਾਂ ਦਾ ਵਿਕਾਸ ਅਤੇ ਉਨ੍ਹਾਂ ਨੂੰ ਮਜ਼ਬੂਤੀ ਪ੍ਰਦਾਨ ਕਰਨਾ।

● ਸੰਸਥਾਗਤ ਵਿਕਾਸ ਨੂੰ ਹੁਲਾਰਾ ਦੇਣਾ ਜਿਸ ਸਦਕਾ ਸੰਸਧਨਾਂ ਨੂੰ ਇਕੱਠੇ ਕਰਨ, ਤਾਲਮੇਲ ਅਤੇ ਇਕ ਦੂਜੇ ਨਾਲ ਜੁੜਨ ਵਿਚ ਮਦਦ ਮਿਲ ਸਕੇ।

● ਪਾਰਦਰਸ਼ਤਾ, ਸਸ਼ਕਤ ਤੇ ਜਵਾਬਦੇਹੀ ਯਕੀਨੀ ਬਣਾਉਣਾ।

● ਮਨੁੱਖੀ ਸਮਰੱਥਾਵਾਂ ਨੂੰ ਮਜ਼ਬੂਤ ਕਰਨਾ।

**ਵਿਕਸਤ ਅਤੇ ਵਿਕਾਸਸ਼ੀਲ, ਸਾਰੇ ਦੇਸ਼ਾਂ ਕੋਲ ਰਵਾਇਤੀ ਪ੍ਰਬੰਧਨ ਦੀ ਵਿਕਲਪਿਕ ਪ੍ਰਣਾਲੀ ਹੁੰਦੀ ਹੈ। ਪਰ ਵਿਸ਼ਵੀਕਰਨ ਦਾ ਅਸਰ ਇੰਨਾ ਤਿੱਖਾ ਹੈ ਕਿ ਇਸ ਦਾ ਜਨਤਕ ਸੰਸਥਾਵਾਂ ਦੀਆਂ ਕਦਰਾਂ-ਕੀਮਤਾਂ 'ਤੇ ਵੀ ਅਸਰ ਪਿਆ ਹੈ। ਇਸ ਕਰਕੇ ਵਿਸ਼ਵੀਕਰਨ ਦੇ ਲੋਕਤੰਤਰੀਕਰਨ ਲਈ ਵੀ ਤੌਖਲੇ ਪ੍ਰਗਟ ਕੀਤੇ ਗਏ ਜਿਸ ਤਹਿਤ ਢੁਕਵੇਂ ਸੁਧਾਰਾਂ ਨਾਲ ਇਸ ਦੇ ਨਾਂਹ ਪੱਖੀ ਪ੍ਰਭਾਵਾਂ ਨਾਲ ਸਿੱਝਿਆ ਜਾ ਸਕੇ।**

ਇਹ ਨਵੇਂ ਟੀਚਿਆਂ ਦੀ ਪੂਰਤੀ ਲਈ ਪ੍ਰਬੰਧਨ ਦੀ ਦਿਸ਼ਾ, ਦਸ਼ਾ ਅਤੇ ਸਮਰੱਥਾ ਨੂੰ ਬਦਲਣ ਦੀ ਮੰਗ ਕਰਦਾ ਹੈ। ਵਿਕਾਸ, ਜੋ ਜਾਰੀ ਰਹਿਣਯੋਗ, ਲਿੰਗ ਸੰਵੇਦਨਸ਼ੀਲ ਅਤੇ ਲੋਕ ਮੁਖੀ ਹੋਵੇ, ਲਈ ਸਮੁੱਚਿਤ ਪਹੁੰਚ ਦੀ ਲੋੜ ਹੁੰਦੀ ਹੈ। ਵਿਕਾਸ ਨੂੰ ਅੱਗੇ ਵਧਾਉਣ ਲਈ ਪਹਿਲਾਂ ਵਾਲੀ ਸੀਮਤ ਰਾਜ ਵਾਲੀ ਪਹੁੰਚ ਰਾਜ, ਬਾਜ਼ਾਰ ਅਤੇ ਸਿਵਲ ਸੋਸਾਇਟੀ, ਰਾਜ ਦੀ ਭੂਮਿਕਾ ਨੂੰ ਰਾਹ ਦਿੰਦੀ ਨਜ਼ਰ ਆ ਰਹੀ ਹੈ। ਪ੍ਰਬੰਧਨ ਨੂੰ ਹੇਠ ਦਿਤੀਆਂ ਚੁਣੌਤੀਆਂ ਲਈ ਤਿਆਰ ਹੋਣਾ ਪਵੇਗਾ :-

● ਰਾਜ ਅਤੇ ਗ਼ੈਰ-ਰਾਜ ਧਿਰਾਂ ਦੇ ਅਦਾਰਿਆਂ ਦੀ ਪੁਨਰ ਵਿਆਖਿਆ, ਬੇਹਤਰ ਸੰਵਾਦ ਅਤੇ ਸਹਿਯੋਗ ਲਈ ਢਾਂਚਾ ਬਣਾਉਣਾ।

● ਉਪਯੁਕਤ ਕਾਨੂੰਨ ਅਤੇ ਮਾਨਦੰਡ ਬਣਾਉਣੇ ਜੋ ਜ਼ਰੂਰੀ ਪਰਿਵਰਤਨ/ਲਾਗੂ ਕਰਨ, ਸਥਿਰਤਾ ਅਤੇ ਵਿਸ਼ਵਾਸ ਨੂੰ ਵਧਾਉਣ।

● ਇਕ ਪੇਸ਼ੇਵਰ ਸਿਵਲ ਸਰਵਿਸ ਦਾ ਨਿਰਮਾਣ ਜਿਸ ਵਿਚ ਜ਼ਰੂਰੀ ਨਿਪੁੰਨਤਾ, ਕਲਾ ਕੌਸ਼ਲ, ਜਨਤਕ ਸੇਵਾਵਾਂ ਦੀ ਨੀਤੀ, ਸਹਿਭਾਗਤਾ ਅਤੇ ਨਾਗਰਿਕ ਪੱਖੀ ਗੁਣ ਹੋਣ।

*(ਲੇਖਿਕਾ ਜਨਤਕ ਪ੍ਰਸ਼ਾਸਨ ਦਾ ਪ੍ਰੋਫੈਸਰ, ਸਕੂਲ ਆਫ਼ ਸੋਸ਼ਲ ਸਾਇੰਸਜ਼, ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ, ਨਵੀਂ ਦਿੱਲੀ ਹੈ।)*

*e-mail :umamedury@gmail.com*

***ਸਫ਼ਾ 13 ਦੀ ਬਾਕੀ***

ਪਲੀਤੀ ਭਰੇ ਹਨ ਪਰ ਇਹ ਅਜਿਹੇ ਖੇਤਰ ਵਿਚ ਉਦਯੋਗਿਕ ਪੂੰਜੀ ਨਿਵੇਸ਼ ਵਿਚ ਰੁਕਾਵਟ ਸਿੱਧ ਹੋ ਸਕਦੇ ਹਨ ਜਿਸ ਦਾ ਉਦਯੋਗੀਕਰਨ ਨਾ ਹੋਣ ਕਾਰਨ ਬਹੁਤ ਪਲੀਤੀ ਵਾਲਾ ਨਹੀਂ ਹੋਇਆ ਹੈ। ਇਹ ਵੱਖ-ਵੱਖ ਤਰ੍ਹਾਂ ਦੇ ਅਸਰ ਤੋਂ ਸਿੱਟਾ ਨਿਕਲਦਾ ਹੈ ਕਿ ਇਕੋ ਜਿਹਾ ਨੀਤੀ ਢਾਂਚਾ ਹਰ ਹਾਲਾਤ ਵਿਚ ਅਸਰਦਾਰ ਨਹੀਂ ਹੋ ਸਕਦਾ। ਨਿਯੰਤ੍ਰਣ ਵਧੇਰੇ ਲਚਕੀਲਾ ਹੋਣਾ ਚਾਹੀਦਾ ਹੈ ਅਤੇ ਪ੍ਰਸ਼ਾਸਕਾਂ ਨੂੰ ਨਿਯਮਿਤਾਵਾਂ ਨੂੰ ਸਥਾਨਕ ਲੋੜਾਂ ਅਤੇ ਚਿੰਤਾਵਾਂ ਅਨੁਸਾਰ ਲਾਗੂ ਕਰਨ ਦੀ ਵਧੇਰੇ ਖੁੱਲ੍ਹ ਹੋਣੀ ਚਾਹੀਦੀ ਹੈ। ਇਕ ਰਾਸ਼ਟਰੀ ਨੀਤੀ ਢਾਂਚਾ ਸਭ ਰਾਜਾਂ ਅਤੇ ਖੇਤਰਾਂ ਲਈ ਢੁਕਵਾਂ ਨਹੀਂ ਹੋ ਸਕਦਾ ਅਤੇ ਨੀਤੀਆਂ ਵਿਚ ਇਨ੍ਹਾਂ ਭਿੰਨਤਾਵਾਂ ਦੀ ਝਲਕ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿਚ ਵਧੇਰੇ ਲਚਕੀਲਾਪਨ ਹੋਣਾ ਚਾਹੀਦਾ ਹੈ।

ਵਿਸ਼ਵੀਕਰਨ ਦੀ ਵਧ ਰਹੀ ਗਤੀ ਨੇ ਰਾਸ਼ਟਰੀ ਸਰਕਾਰਾਂ ਲਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਇਹ ਉਦੋਂ ਤੋਂ ਹਨ ਜਦੋਂ ਤੋਂ 1990 ਦੇ ਦਹਾਕੇ ਦੇ ਸ਼ੁਰੂ ਦੇ ਸਾਲਾਂ ਤੋਂ ਇਸ ਪ੍ਰਕਿਰਿਆ ਵਿਚ ਤੇਜ਼ੀ ਆਈ। ਭਵਿੱਖ ਵਿਚ ਇਸ ਪ੍ਰਕਿਰਿਆ ਤੋਂ ਹੋਰ ਵੀ ਵੱਡੀਆਂ ਚੁਣੌਤੀਆਂ ਮਿਲਣ ਦੀ ਆਸ ਹੈ। ਤਕਨਾਲੋਜੀ ਦਾ ਤੇਜ਼ ਗਤੀ ਵਿਕਾਸ, ਉਤਪਾਦਨ ਅਤੇ ਸੇਵਾਵਾਂ ਦੇਣ ਦਾ ਵਿਸ਼ਵੀਕਰਨ ਅਤੇ ਘਰੇਲੂ ਪੂੰਜੀ ਨਿਵੇਸ਼ ਲਈ ਬੰਦਸ਼ਾਂ ਘੱਟ ਕਰਨ ਦੀ ਪ੍ਰਕਿਰਿਆ ਸਰਕਾਰਾਂ ਨੂੰ ਆਪਣੀਆਂ ਘਰੇਲੂ ਨਿਸਮਤਾਵਾਂ ਦਾ ਵਿਸ਼ਵੀ ਮਿਆਰਾਂ ਨਾਲ ਵਧੇਰੇ ਤੇਜ਼ ਗਤੀ ਸੁਮੇਲ ਕਰਨ ਲਈ ਮਜ਼ਬੂਰ ਕਰੇਗਾ। ਪਰ ਰਾਸ਼ਟਰੀ ਸਰਕਾਰਾਂ ਦੀ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰੀ ਵੀ ਹੋ ਜਾਂਦੀ ਹੈ ਕਿ ਉਹ ਅਜਿਹੇ ਸੁਮੇਲ ਦੇ ਘਰੇਲੂ ਅਸਰ ਦਾ ਟਾਕਰਾ ਕਰਨ ਲਈ ਵਧੇਰੇ ਤਿਆਰ ਰਹਿਣ। ਇਸ ਨਾਲ ਇਹ ਯਕੀਨੀ ਹੋਵੇਗਾ ਕਿ ਅਜਿਹੇ ਸੁਮੇਲ ਦੇ ਹਾਂ-ਪੱਖੀ ਅਸਰ ਉਸ ਦੇ ਉਲਟ ਅਸਰਾਂ ਉਪਰ ਭਾਰੀ ਪੈਂਦੇ ਹਨ ਅਤੇ ਅਜਿਹਾ ਸੁਮੇਲ ਕਲਿਆਣਕਾਰੀ ਹੈ।

*(ਲੇਖਕ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ, ਕੋਲਕਾਤਾ ਵਿਚ ਪ੍ਰੋਫ਼ੈਸਰ ਹੈ।)*

*e-mail :abraham@iimcal.ac.in*

# 21ਵੀਂ ਸਦੀ ਲਈ ਸਿਵਲ ਸੇਵਾ

ਮਨੀਸ਼ ਸੱਭਰਵਾਲ

ਭਾਰਤੀ ਸਿਵਲ ਸੇਵਾ ਚੋਣ ਵਿਚ ਉਲਝਣਾਂ ਅਤੇ ਵਿਵਾਦ ਕਾਫ਼ੀ ਪਹਿਲਾਂ ਤੋਂ ਸ਼ੁਰੂ ਹੋ ਚੁੱਕੇ ਹਨ। 1854 ਵਿਚ ਖੁੱਲ੍ਹੇ ਪ੍ਰਤਿਯੋਗਤਾ ਇਮਤਿਹਾਨ ਸ਼ੁਰੂ ਕਰਨ ਦਾ ਯੂਨੀਵਰਸਿਟੀਆਂ ਵਲੋਂ ਇਸ ਮੁੱਦੇ 'ਤੇ ਵਿਰੋਧ ਕੀਤਾ ਗਿਆ ਕਿ 'ਰੱਟਾ ਲਗਾਉਣ ਵਾਲੇ' ਸੰਸਥਾਨਾਂ ਦੇ ਵਿਦਿਆਰਥੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨਾਲੋਂ ਵਧੇਰੇ ਕਾਮਯਾਬ ਰਹਿਣਗੇ ਕਿਉਂਕਿ ਇਸ ਇਮਤਿਹਾਨ ਲਈ ਤੱਥਾਂ ਦੀ ਬਹੁਤ ਮਜ਼ਬੂਤ ਯਾਦਾਸ਼ਤ ਬਣਾਉਣ ਦੀ ਲੋੜ ਹੈ। ਸਰ ਚਾਰਲਸ ਐਚੀਸਨ ਦੀ ਪ੍ਰਧਾਨਗੀ ਹੇਠ ਇਕ ਪਬਲਿਕ ਸਰਵਿਸ ਕਮਿਸ਼ਨ ਨੇ 1886 ਵਿਚ ਨਾ ਸਿਰਫ਼ ਰਾਜ ਸਿਵਲ ਸੇਵਾ ਕਾਇਮ ਕੀਤੀ ਸਗੋਂ ਭਾਰਤੀਆਂ ਲਈ ਵਾਇਸਰਾਏ ਦੀ ਕੌਂਸਲ ਦੇ ਇਕ ਮੈਂਬਰ ਦੇ ਵਿਰੋਧ ਦੇ ਬਾਵਜੂਦ ਭਾਰਤੀ ਨਾਗਰਿਕਾਂ ਲਈ ਆਈ ਸੀ ਐੱਸ ਦੇ ਦਰਵਾਜ਼ੇ ਖੋਲ੍ਹ ਦਿਤੇ। ਉਸ ਮੈਂਬਰ ਦਾ ਵਿਰੋਧ ਸੀ ਕਿ ਭਾਰਤੀ ਨੌਜਵਾਨ ਯੂਰਪੀ ਲੋਕਾਂ ਨਾਲੋਂ ਕਿਤੇ ਵੱਧ ਇਮਤਿਹਾਨ ਦੇਣ ਵਿਚ ਤੇਜ਼ ਸਨ ਅਤੇ ਛੇਤੀ ਹੀ ਅੱਧੀ ਸਰਵਿਸ ਬੰਗਾਲੀਆਂ ਨਾਲ ਭਰ ਜਾਵੇਗੀ। ਆਜ਼ਾਦੀ ਤੋਂ ਮਗਰੋਂ ਸਿਵਲ ਸੇਵਾਵਾਂ ਦਾ ਢਾਂਚਾ ਬਹੁਤਾ ਕਰਕੇ ਅੰਗਰੇਜ਼ੀ ਹਕੂਮਤ ਦੇ ਢਾਂਚੇ ਤੋਂ ਲਿਆ ਹੋਇਆ ਹੀ ਰਿਹਾ। ਕਿਉਂਕਿ ਹੋਰ ਕੋਈ ਠੋਸ ਵਿਕਲਪ ਨਹੀਂ ਸਨ, ਇਸ ਲਈ ਇਸ ਵਿਚ ਸਮੇਂ ਨਾਲ ਬਦਲਾਅ ਆਇਆ ਅਤੇ ਸਭ ਤੋਂ ਵਧੀਆ ਉਮੀਦਵਾਰ ਇਸ ਲਈ ਅੱਗੇ ਆਏ। ਪਰ ਭਾਰਤ ਹੁਣ ਬਦਲ ਗਿਆ ਹੈ ਅਤੇ ਸਾਨੂੰ ਲੋੜ ਹੈ ਇਕ ਬੁਨਿਆਦੀ ਬਦਲਾਅ ਦੀ ਕਿ ਕਿਸ ਤਰ੍ਹਾਂ ਅਸੀਂ ਚੋਣ ਕਰਦੇ ਹਾਂ, ਪਦ ਉੱਨਤੀ ਦਿੰਦੇ ਹਾਂ ਅਤੇ ਸਿਵਲ ਕਰਮਚਾਰੀਆਂ ਨੂੰ ਜੋਖਮ ਉਠਾਉਣ ਲਈ ਮਜ਼ਬੂਤ ਕਰਦੇ ਹਾਂ ਅਤੇ ਉਨ੍ਹਾਂ ਦੇ ਹਰਜਾਨੇ ਭਰਦੇ ਹਾਂ।

ਭਾਰਤੀ ਸਿਵਲ ਸੇਵਾ ਨੂੰ ਮੁੱਢਲੇ ਪੱਧਰ ਦੀ ਭਰਤੀ ਲਈ ਬਹੁਤਾ ਝੰਜੋੜਨ ਦੀ ਲੋੜ ਨਹੀਂ ਹੈ। ਇਹ ਆਮ ਤੌਰ ਤੇ ਸਭ ਲਈ ਬਰਾਬਰੀ ਵਾਲਾ, ਪਾਰਦਰਸ਼ੀ ਅਤੇ ਸੰਘ ਲੋਕ ਸੇਵਾ ਆਯੋਗ ਵਲੋਂ ਇਕ ਬਹੁਤ ਬੇਹਤਰ ਤਰੀਕੇ ਚਲਾਇਆ ਜਾ ਰਿਹਾ ਹੈ। ਪਰ ਕਿਸੇ ਵੀ ਸੰਸਥਾਨ ਵਿਚ ਜਿਥੇ ਸਿਰਫ਼ ਇਕ ਪੱਧਰ 'ਤੇ ਹੀ ਭਰਤੀ ਹੁੰਦੀ ਹੋਵੇ ਅਤੇ ਨਾਕਾਬਲ ਪ੍ਰਬੰਧਨ ਹੋਵੇ (ਡਿੱਗਣ ਦਾ ਡਰ ਅਤੇ ਉੱਠਣ ਦੀ ਉਮੀਦ) ਇਕ ਅਨੁਚਿਤ ਭੋਗੀ, ਖੁਦ ਨਿਰਦੇਸ਼ਾਤਮਕ ਅਤੇ ਕਿਰਿਆਹੀਣ ਹੋ ਜਾਂਦਾ ਹੈ। ਉੱਚੇ ਅਹੁਦਿਆਂ ਲਈ ਸਿੱਧੀ ਚੋਣ ਭਰਤੀ ਪ੍ਰਕਿਰਿਆ ਵਿਚ ਇਕ ਬਹੁਤ ਪਹਿਲਾਂ ਤੋਂ ਹੋ ਜਾਣ ਵਾਲੀ ਅਤੇ ਬਹੁਤ ਅਸਰਦਾਰ ਨਵੀਨਤਾ ਹੈ। ਇਹ ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਸਭ ਤੋਂ ਉੱਚਾ ਪਦ ਜਿਸ ਉਪਰ ਸਿਵਲ ਅਧਿਕਾਰੀ ਆਪਣੇ ਆਪ ਪਦ ਉੱਨਤੀ ਲੈਂਦੇ ਹੋਏ ਪਹੁੰਚ ਜਾਣ, ਸੰਯੁਕਤ ਸਕੱਤਰ ਅਤੇ ਉਸ ਦੇ ਬਰਾਬਰ ਦਾ ਹੋਣਾ ਚਾਹੀਦਾ ਹੈ। ਉਸ ਤੋਂ ਉੱਪਰ ਸਿਵਲ ਸੇਵਾ ਅਧਿਕਾਰੀਆਂ ਦੇ ਪੂਲ ਨੂੰ ਬਾਹਰੀ ਉਮੀਦਵਾਰਾਂ (ਦੂਸਰੀਆਂ ਸੇਵਾਵਾਂ, ਸਿਵਲ ਸੋਸਾਇਟੀ ਅਤੇ ਨਿੱਜੀ ਖੇਤਰ ਤੋਂ) ਨਾਲ ਮੁਕਾਬਲੇ ਰਾਹੀਂ ਚੋਣ ਹੋਣੀ ਚਾਹੀਦੀ ਹੈ। ਇਹ ਆਸਾਨ ਨਹੀਂ ਹੋਵੇਗਾ ਪਰ ਸੰਘ ਲੋਕ ਸੇਵਾ ਆਯੋਗ (ਯੂ.ਪੀ.ਐੱਸ.ਸੀ.) ਨੂੰ ਉੱਚ ਸਿਵਲ ਪਦਾਂ ਤੇ ਭਰਤੀ ਲਈ ਇਕ ਪਾਰਦਰਸ਼ੀ ਅਤੇ ਉੱਚਿਤ ਮੁਕਾਬਲੇ ਦੀ ਪ੍ਰਕਿਰਿਆ ਸਥਾਪਤ ਕਰਨ ਲਈ ਕਿਹਾ ਜਾ ਸਕਦਾ ਹੈ। ਇਹ ਹੌਲੀ-ਹੌਲੀ ਫੌਜ ਦੀ 'ਤਰੱਕੀ ਜਾਂ ਬਾਹਰ' ਨੀਤੀ ਵਿਚ ਸੁਧਾਰ ਲਿਆ ਕੇ, ਜਿਸ ਵਿਚ ਵੱਖ-ਵੱਖ ਰੈਂਕਾਂ ਲਈ ਅਲਗ-ਅਲਗ ਸੇਵਾ ਮੁਕਤੀ ਉਪਰ ਰਖੀ ਗਈ ਹੈ ਤਾਂ ਜੋ ਇਹ ਸੰਸਥਾਨ ਆਪਣੇ ਆਪ ਵਿਚ ਨਵੀਨਤਾ ਲਿਆਉਂਦਾ ਰਹਿੰਦਾ ਹੈ, ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ।

**ਸਿਵਲ ਸੇਵਾਵਾਂ ਲਈ ਮਾਨਵੀ ਸਰੋਤ ਢਾਂਚੇ ਵਿਚ ਸਭ ਤੋਂ ਮਹੱਤਵਪੂਰਨ ਦਖ਼ਲ-ਅੰਦਾਜ਼ੀ ਹੈ ਕਾਬਲੀਅਤ ਦੇ ਆਧਾਰ 'ਤੇ ਪ੍ਰਬੰਧਨ। ਚਾਲੂ ਪ੍ਰਣਾਲੀ 'ਪੂਰੇ ਬੈਚ' ਦੀ ਪਦ ਉੱਨਤੀ ਅਤੇ ਕਮਜ਼ੋਰ ਮੁੱਲੰਕਣ ਜਿਸ ਵਿਚ 90 ਪ੍ਰਤਿਸ਼ਤ ਅਤੇ ਉਸ ਤੋਂ ਵੀ ਵਧੇਰੇ ਉਮੀਦਵਾਰ ਮੁੱਲੰਕਣ ਦਾ ਸਭ ਤੋਂ ਉੱਚਾ ਦਰਜਾ ਹਾਸਲ ਕਰ ਲੈਂਦੇ ਹਨ। ਇਸ ਲਈ ਪ੍ਰਣਾਲੀ ਦੀ ਚੰਗੇ-ਮੰਦੇ ਕਰਮਚਾਰੀਆਂ ਦੀ ਪਛਾਣ ਕਰਨ ਵਿਚ ਨਾ ਕਾਬਲੀਅਤ ਹੈ। ਕਿਸੇ ਵੀ ਸੁਧਾਰ ਦਾ ਇਹ ਉਦੇਸ਼ ਵੀ ਹੋਣਾ ਚਾਹੀਦਾ ਹੈ ਕਿ ਸਿਵਲ ਸੇਵਾ ਅਧਿਕਾਰੀਆਂ ਨੂੰ ਸਭ ਤੋਂ ਉੱਚੇ ਪਦ ਉਸ ਵੇਲੇ ਕਿਸ ਤਰ੍ਹਾਂ ਦਿਤੇ ਜਾ ਸਕਦੇ ਹਨ ਜਦੋਂ ਉਹ 45 ਸਾਲਾਂ ਦੀ ਉਮਰ 'ਤੇ ਪਹੁੰਚਦੇ ਹਨ ਅਤੇ ਨਾ ਕਿ 58 ਸਾਲਾਂ ਦੀ ਉਮਰ 'ਤੇ।**

ਸਿਵਲ ਸੇਵਾ ਅਤੇ ਨਿੱਜੀ ਖੇਤਰ ਵਿਚ ਪਹਿਲੇ ਪੰਜ ਸਾਲਾਂ ਦੀ ਨੌਕਰੀ ਵਿਚ ਅਧਿਕਾਰ ਅਤੇ ਤਜਰਬਾ ਜਿੰਨੇ ਅੰਤਰ ਵਾਲਾ ਹੈ ਉਸ ਤੋਂ ਵੱਧ ਅੰਤਰ ਵਾਲਾ ਨਹੀਂ ਹੋ ਸਕਦਾ। ਜਿਥੇ ਮੇਰੇ ਜਿਹੇ ਨਿੱਜੀ ਖੇਤਰ ਦੇ ਅਧਿਕਾਰੀਆਂ ਦਾ ਕੰਮ ਫੋਟੋ ਕਾਪੀ ਕਰਨਾ, ਮੀਟਿੰਗਾਂ ਦੇ ਚਰਚੇ ਜ਼ਾਬਤਾ ਕਰਨਾ, ਅਣਚਾਹੀਆਂ ਵਿੱਕਰੀ ਵਧਾਊ ਟੈਲੀਫ਼ੋਨ ਕਾਲਾਂ ਕਰਨਾ ਅਤੇ ਬੇਲੋੜੇ ਅਤੇ ਗੁੰਝਲਦਾਰ ਅੰਕੜਿਆਂ ਨੂੰ ਵੱਡੀਆਂ-ਵੱਡੀਆਂ ਸੀਟਾਂ 'ਤੇ ਉਲੀਕਣਾ ਹੁੰਦਾ ਹੈ, ਉਥੇ ਮੇਰੇ ਸਿਵਲ ਸੇਵਾ ਵਾਲੇ ਮਿੱਤਰ ਜ਼ਿਲ੍ਹਿਆਂ ਦਾ ਪ੍ਰਬੰਧ ਚਲਾਉਂਦੇ ਹਨ, ਭਾਰੀ ਰਕਮਾਂ ਖਰਚ ਕਰਦੇ ਹਨ ਅਤੇ ਅਮਨ ਅਤੇ

ਕਾਨੂੰਨ ਜਿਹੇ ਮੁੱਦੇ ਦੇਖਦੇ ਹਨ। ਪਰ ਜਿਉਂ-ਜਿਉਂ ਸਮਾਂ ਬੀਤਦਾ ਹੈ, ਹਮ-ਉਮਰਾਂ ਵਿਚ ਇਕ ਵੱਡੀ ਭਿੰਨਤਾ ਉੱਭਰ ਆਉਂਦੀ ਹੈ। ਨਿੱਜੀ ਖੇਤਰ ਦੇ ਲੋਕਾਂ ਨੂੰ ਜਿਉਂ ਹੀ ਵਧੇਰੇ ਕਾਮਯਾਬੀ ਮਿਲਦੀ ਹੈ ਉਨ੍ਹਾਂ ਦੀ ਖ਼ਤਰੇ ਉਠਾਉਣ ਦੀ ਸਮਰਥਾ ਬਹੁਤ ਵਧ ਜਾਂਦੀ ਹੈ। ਪਰ ਸਿਵਲ ਅਧਿਕਾਰੀਆਂ ਨੂੰ ਵਧੇਰੇ ਤਰੱਕੀ ਮਿਲਦੀ ਹੈ। ਇਹ ਤਰੱਕੀ ਉੱਪਰਲੇ ਅਹੁਦਿਆਂ ਉਪਰ ਚੜ੍ਹਨ ਤਕ ਸੀਮਤ ਹੁੰਦੀ ਹੈ ਅਤੇ ਉਨ੍ਹਾਂ ਦੀ ਖ਼ਤਰੇ ਉਠਾਉਣ ਦੀ ਸਮਰਥਾ ਘਾਤਕੀ ਤਰੀਕੇ ਘਟਦੀ ਹੈ। ਇਹ ਬਹੁਤ ਵੱਡੀ ਸਮੱਸਿਆ ਹੈ। ਕਿਸੇ ਵੀ ਸੰਸਥਾਨ ਵਿਚ, ਭਾਵੇਂ ਉਹ ਸਰਕਾਰੀ ਹੋਵੇ, ਨਿੱਜੀ ਜਾਂ ਗ਼ੈਰ ਮੁਨਾਫ਼ਾ ਸੰਸਥਾਨ, ਉੱਚ ਪਦਾਂ ਉਪਰ ਬੈਠੇ ਅਧਿਕਾਰੀਆਂ ਵਿਚ ਸਮਝ ਨਾਲੋਂ ਹਿੰਮਤ ਦੀ ਵਧੇਰੇ ਲੋੜ ਹੁੰਦੀ ਹੈ। ਜ਼ਾਹਿਰਾ ਤੌਰ ਤੇ, ਗ਼ੈਰ ਸੰਗਿਆਨੀ ਸਾਫ਼ਟ ਹੁਨਰ ਦਾ ਮਾਪ ਕਰਨਾ ਬਹੁਤ ਔਖਾ ਹੈ ਅਤੇ ਜਨਤਕ ਨੀਤੀ ਉਨ੍ਹਾਂ ਕਾਰਜਾਂ ਨਾਲੋਂ ਜਿਨ੍ਹਾਂ ਦੇ ਸਪੱਸ਼ਟ ਟੀਚੇ, ਇਨਪੁਟ ਅਤੇ ਸਮੇਂ ਦੀ ਮਿਆਦ ਹੁੰਦੀ ਹੈ, ਨਾਲੋਂ ਕਿਤੇ ਵੱਧ ਬਹੁ-ਪੱਖੀ ਅਤੇ ਗੁੰਝਲਦਾਰ ਹੁੰਦੀ ਹੈ। ਪਰ ਚਾਲੂ ਪ੍ਰਣਾਲੀ ਜ਼ਿੰਮੇ ਵਾਰੀ ਦੇ ਮਿਆਰ ਨਾਪਣ ਲਈ ਬਹੁਤ ਮੁਗਾਲਤੇ ਵਾਲੀ ਹੈ (ਕੀ ਤੁਸੀਂ ਬਿਨਾਂ ਦਿਮਾਗ ਲਗਾਏ ਚੈੱਕ ਸੂਚੀਆਂ, ਕਾਇਦੇ ਕਾਨੂੰਨ ਅਤੇ ਤਰੀਕੇ ਅਪਨਾਉਂਦੇ ਹੋ, ਜ਼ਿੰਮੇਵਾਰੀ ਦਾ ਮਿਆਰ ਮਾਪਣ ਲਈ) ਕੀ ਤੁਸੀ ਠੀਕ ਕਰ ਰਹੇ ਹੋ? ਅਤੇ ਔਖਾ ਕੰਮ ਹੋਣਾ ਕੋਸ਼ਿਸ਼ ਕਰਨ ਦੇ ਸਾਹਮਣੇ ਕੋਈ ਤਰਕ ਨਹੀਂ ਹੈ। ਸਾਨੂੰ ਅਜਿਹੀ ਮੁੱਲੰਕਣ ਪ੍ਰਣਾਲੀ ਦੀ ਲੋੜ ਹੈ ਜੋ ਜਟਿਲਤਾ ਨੂੰ ਮਾਨਤਾ ਦੇਵੇ (ਆਸਾਨ ਤਰੀਕੇ ਚਲਾਉਣੇ ਸੌਖੇ ਹੁੰਦੇ ਹਨ ਅਤੇ ਢੁਕਵੇਂ ਹੋ ਸਕਦੇ ਹਨ ਪਰ ਉਹ ਪੂਰੇ ਨਹੀਂ ਹੋ ਸਕਦੇ), ਬਰਾਬਰੀ ਵਾਲਾ ਹੋਵੇ (10 ਪ੍ਰਤਿਸ਼ਤ ਗਲਤੀਆਂ ਵਾਜਬ ਹਨ ਪਰ ਕੋਈ ਸ਼ਰਾਰਤ ਨਹੀਂ ਹੋਣੀ ਚਾਹੀਦੀ) ਅਤੇ ਸੰਸਥਾਗਤ ਹੋਵੇ (ਯੂ ਪੀ ਐੱਸ ਸੀ ਦਾ ਕਾਰਜ ਖੇਤਰ ਚੋਣ ਤੋਂ ਵਧਾ ਕੇ ਕੈਰੀਅਰ ਪ੍ਰਬੰਧਨ ਤਕ ਕਿਉਂ ਨਾ ਕਰ ਦਿਤਾ ਜਾਵੇ?)। ਕਾਬਲੀਅਤ ਨੂੰ ਦਰਜਾਗਤ ਕਰਨ ਲਈ 25 ਪ੍ਰਤਿਸ਼ਤ ਸਭ ਤੋਂ ਕਾਬਲ ਸ਼੍ਰੇਣੀ ਵਿਚ ਰਖੇ ਜਾ ਸਕਦੇ ਹਨ। ਇਹ ਹਿਸਾਬੀ ਤੌਰ ਤੇ ਵੀ ਅਸੰਭਵ ਹੈ ਕਿ ਇਕ ਬੈਚ ਵਿਚ ਸਭ ਦੀ ਰੇਟਿੰਗ ਔਸਤ ਤੋਂ ਉਪਰ ਹੋਵੇ। ਇਕ ਵਧੇਰੇ ਚੰਗੀ ਪ੍ਰਬੰਧਨ ਪ੍ਰਣਾਲੀ ਸਾਡੇ ਹਰਜਾਨੇ ਦੇ ਪ੍ਰਬੰਧਨ ਨੂੰ ਵੀ ਝੰਜੋੜ ਦੇਵੇਗੀ। ਅੱਜ ਸਰਕਾਰ ਦੇ ਸਭ ਤੋਂ ਉੱਚ ਅਧਿਕਾਰੀਆਂ ਨੂੰ ਹੈਸੀਅਤ ਤੋਂ ਘੱਟ ਪੈਸੇ ਮਿਲ ਰਹੇ ਹਨ ਅਤੇ ਸਭ ਤੋਂ ਥੱਲੇ ਦੇ ਅਧਿਕਾਰੀਆਂ ਨੂੰ ਹੈਸੀਅਤ ਤੋਂ ਵੱਧ। ਕੋਈ ਕੁਸ਼ਲਤਾ ਅਦਾਇਗੀ ਜਾਂ ਛੁਪੇ ਲਾਭ ਵੀ ਨਹੀਂ ਹਨ, ਜਿਸ ਦਾ ਅਰਥ ਹੈ ਕਿ ਸਰਕਾਰ ਨੂੰ ਕੁੱਲ ਖਰਚਾ ਤਨਖ਼ਾਹ ਦੇ ਚਾਰ ਗੁਣਾ ਬਰਾਬਰ ਪੈਂਦਾ ਹੈ। ਨਿੱਜੀ ਖੇਤਰ ਵਿਚ ਕੰਪਨੀ 'ਤੇ ਖਰਚਾ ਪੈਣ ਦਾ ਚਲਨ ਬਹੁਤ ਲਾਭਦਾਇਕ ਸਿੱਧ ਹੋਇਆ ਹੈ ਜਿਸ ਵਿਚ ਮੁਆਵਜ਼ਾ ਪਾਰਦਰਸ਼ਿਤਾ ਹੈ ਅਤੇ ਉਮੀਦ ਕੀਤੀ ਜਾ ਸਕਦੀ ਹੈ ਕਿ ਅਗਲਾ ਤਨਖ਼ਾਹ ਕਮਿਸ਼ਨ ਇਹ ਲਾਭ ਸਿਵਲ ਕਰਮਚਾਰੀਆਂ ਲਈ ਵੀ ਦੇਵੇਗਾ।

ਉਪਰ ਦਿਤੇ ਸਭ ਤਿੰਨ ਨੁਕਤੇ ਸਿਵਲ ਸੇਵਾ ਵਿਚ ਸੁਧਾਰ ਦੇ ਉਦੇਸ਼, ਨਵੀਆਂ-ਨਵੀਆਂ ਖੋਜਾਂ ਲਿਆਉਣਾ ਅਤੇ ਖ਼ਤਰੇ ਉਠਾ ਸਕਣ ਨਾਲ ਜੁੜੇ ਹਨ। ਭਾਰਤ ਦੀਆਂ ਸਮੱਸਿਆਵਾਂ ਕੈਂਸਰ ਜਾਂ ਮੌਸਮੀ ਬਦਲਾਅ ਦੀ ਤਰ੍ਹਾਂ ਨਹੀਂ ਹਨ ਜਿਨ੍ਹਾਂ ਦੇ ਹੱਲ ਆਸਾਨੀ ਨਾਲ ਪਤਾ ਨਹੀਂ ਹੁੰਦੇ। ਭਾਰਤ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਕਿਸੇ ਨਾ ਕਿਸੇ ਪੁਰਾਣੀ ਕਮੇਟੀ ਨਾਲ ਸੰਬੰਧਿਤ ਹਨ ਜਿਨ੍ਹਾਂ ਦੇ ਹੱਲ ਉਸ ਨੇ ਸੁਝਾਏ ਹਨ। ਪਰ ਕੀ ਹੈ, ਦੇ ਸਵਾਲ ਤੋਂ ਅੱਗੇ ਵਧ ਕੇ ਕਿਵੇਂ ਦੇ ਸਵਾਲ ਦੇ ਹੱਲ ਲਈ ਹਿੰਮਤ, ਲਗਾਤਾਰ ਲੱਗੇ ਰਹਿਣਾ ਅਤੇ ਨਵੀਨਤਾ ਲਿਆਉਣ ਦੀ ਇੱਛਾ ਸ਼ਕਤੀ ਚਾਹੀਦੀ ਹੈ। ਪਰ ਬਦਕਿਸਮਤੀ ਇਹ ਹੈ ਕਿ ਸਭ ਕਿਸਮ ਦੀ ਨਵੀਨਤਾ ਗ਼ੈਰ ਲਾਭਕਾਰੀ ਹੈ। ਬੇਸ਼ਕ ਖ਼ਤਰੇ ਦਾ ਵਿਰੋਧ ਨਿੱਜੀ ਖੇਤਰ ਨਾਲੋਂ ਸਿਵਲ ਕਰਮਚਾਰੀਆਂ ਵਿਚ ਵਧੇਰੇ ਹੁੰਦਾ ਹੋਵੇ, ਪਰ ਸਰਕਾਰ ਜਿਹੀਆਂ ਵੱਡੀਆਂ ਅਤੇ ਉਲਝਣਦਾਰ ਪ੍ਰਣਾਲੀਆਂ ਵਿਚ ਤੇਜ਼ੀ ਨਾਲ ਬੁਨਿਆਦੀ ਬਦਲਾਅ ਦੇ ਗ਼ੈਰ-ਸ਼ਨਾਖਤੀ ਨਤੀਜੇ ਪੈਦਾ ਹੋ ਜਾਂਦੇ ਹਨ। ਜਿਵੇਂ ਸੀ ਦੀ ਸਥਿਤੀ ਸਮੇਂ ਨਾਲੋਂ ਸਿਆਣਪ ਵਾਲੀ ਲਗਦੀ ਹੈ, ਇਸ ਲਈ ਕਾਇਦੇ ਕਾਨੂੰਨਾਂ ਅਤੇ ਤਰੀਕੇ ਅਪਨਾਉਣ ਵਿਚ ਹੀ ਸਮਝਦਾਰੀ ਲਗਦੀ ਹੈ। ਪਰ ਇਹ ਢਾਂਚਾਗਤ ਖ਼ਤਰੇ ਦਾ ਵਿਰੋਧ ਸੱਚ ਪਿੱਛੇ ਬੈਠੇ ਸੰਸਥਾਨਾਂ ਵਲੋਂ ਚੰਗੀ ਤਰ੍ਹਾਂ ਉਘਾੜਿਆ ਗਿਆ ਹੈ (ਸੀ ਬੀ ਆਈ, ਸੀ ਵੀ ਸੀ, ਸੀ ਏ ਜੀ, ਮੀਡੀਆ, ਗ਼ੈਰ ਸਰਕਾਰੀ ਸੰਸਥਾਨ, ਐਨ ਏ ਸੀ ਅਤੇ ਅਦਾਲਤਾਂ) ਜੋ ਧੋਖਾਧੜੀ, ਨਾਕਾਬਲੀਅਤ ਅਤੇ ਬੁਰੀ ਕਿਸਮਤ ਵਿਚ ਫਰਕ ਨਹੀਂ ਕਰਦੇ। ਕੋਈ ਵੀ ਡਾਕਟਰ ਇਹ ਦੱਸ ਸਕਦਾ ਹੈ ਕਿ ਪੋਸਟ ਮਾਰਟਮ ਵਿਚ ਨਿਸ਼ਚਿਤਤਾ ਹੈ ਜੋ ਨੁਸਖ਼ਿਆਂ ਵਿਚ ਨਹੀਂ ਹੈ। ਨੌਜਵਾਨ ਲੀਡਰਾਂ ਦਾ ਕੇਸ ਦੀ ਇਸ ਖ਼ਤਰੇ ਉਠਾਉਣ ਦੇ ਨੁਕਤੇ ਨਾਲ ਜੁੜਿਆ ਹੈ। ਨੌਜਵਾਨ ਲੀਡਰਾਂ ਦਾ ਕੇਸ ਨਾਂ ਤਾਂ ਨਵਾਂ ਹੈ ਅਤੇ ਨਾ ਹੀ ਨਿੱਜੀ ਅਤੇ ਜਨਤਕ ਖੇਤਰ ਤੋਂ ਅਲਗ ਹੈ। ਵੱਧ ਤੋਂ ਵੱਧ ਸ਼ਕਤੀ ਸਿਰਜਨ, ਖੁੱਲ੍ਹਦਿਲੀ, ਬਹਾਦਰੀ, ਲਚਕੀਲਾਪਨ ਅਤੇ ਸ਼ਕਤੀ।

**ਜਿਵੇਂ ਕਿ ਜੋਸਫ਼ ਕੌਨਰਾਡ ਨੇ ਲਿਖਿਆ ਹੈ, ਮੈਨੂੰ ਮੇਰੀ ਨੌਜਵਾਨ ਉਮਰ ਯਾਦ ਹੈ ਅਤੇ ਉਹ ਅਹਿਸਾਸ ਯਾਦ ਹੈ ਜੋ ਮੁੜ ਕੇ ਕਦੇ ਨਹੀਂ ਆਵੇਗਾ – ਅਜਿਹਾ ਅਹਿਸਾਸ ਕਿ ਮੈਂ ਕਦੇ ਖ਼ਤਮ ਨਹੀਂ ਹੋਵਾਂਗਾ, ਮੈਂ ਸਭ ਸਮੁੰਦਰਾਂ, ਧਰਤੀ ਅਤੇ ਸਭ ਆਦਮੀਆਂ ਤੋਂ ਵੱਧ ਜਿਉਂਦਾ ਰਹਾਂਗਾ।' ਪਰ ਭਾਰਤ ਵਿਚ ਨੌਜਵਾਨ ਲੀਡਰਾਂ ਦਾ ਕੇਸ ਹੋਰ ਵੀ ਮਜ਼ਬੂਤ ਹੈ। 45 ਸਾਲ ਦੀ ਉਮਰ ਦੇ ਬੰਦੇ ਰੈਗੂਲੇਟਰੀ ਪਦਾਂ (ਐਨ ਡੀ ਐੱਮ ਏ, ਸੀ ਸੀ ਆਈ, ਟਰਾਈ, ਇਰਡਾ ਆਦਿ) ਉਪਰ ਨਜ਼ਰ ਨਹੀਂ ਰਖਦੇ ਜੋ ਆਮ ਤੌਰ ਤੇ ਸੇਵਾ ਮੁਕਤ ਅਧਿਕਾਰੀਆਂ ਦੇ ਹਿੱਸੇ ਆਉਂਦੇ ਹਨ – ਕੁਝ ਯੋਗਤਾ ਦੇ ਆਧਾਰ 'ਤੇ ਪਰ ਬਹੁਤ ਕਰਕੇ ਰਾਜਨੀਤਕ ਪਸੰਦ ਕਾਰਨ। ਨੌਜਵਾਨ ਨੇਤਾ ਬੁਜ਼ਦਿਲੀ ਦੀ ਸਮੱਸਿਆ ਦਾ ਵੀ ਹੱਲ ਲੱਭ ਲੈਂਦੇ ਹਨ।**

ਲੰਬੇ ਸਮੇਂ ਲਈ ਪਦ 'ਤੇ ਬਣੇ ਰਹਿਣ ਨਾਲ ਨਵੇਂ ਪਦ ਧਾਰਕ ਅਲਗ ਕਾਰਜ ਕਰ ਸਕਦੇ ਹਨ ਬਨਿਸਬਤ ਇਸ ਦੇ ਕਿ ਉਸੇ ਕਾਰਜ ਨੂੰ ਅਲਗ ਤਰੀਕੇ ਕੀਤਾ ਜਾਵੇ। 45 ਸਾਲ ਦੀ ਉਮਰ ਦੇ ਪਦ ਅਧਿਕਾਰੀਆਂ ਨੂੰ ਆਪਣੀਆਂ ਗਲਤੀਆਂ ਸੁਧਾਰਨ ਦਾ ਵਧੇਰੇ ਮੌਕਾ ਮਿਲਦਾ ਹੈ ਜਿਸ ਨਾਲ ਉਹ ਰੂੜ੍ਹੀਵਾਦੀ ਨਾ ਰਹਿ ਕੇ ਉਹ ਸਿਰਜਨਾਤਮਕ ਮਲੀਆਮੇਟ ਕਰਨਾ ਚੁਣ ਸਕਦੇ ਹਨ। ਜਿਵੇਂ ਕਿ ਫਰਾਸਿਸ ਬੇਕਨ ਨੇ ਕਿਹਾ ਹੈ, 'ਨੌਜਵਾਨ ਪਰਖਣ ਨਾਲੋਂ ਨਵੀਨਤਾ ਲਿਆਉਣ ਲਈ ਵਧੇਰੇ ਕਾਬਲ ਹੁੰਦੇ ਹਨ ਅਤੇ ਸਲਾਹ

ਦੇਣ ਅਤੇ ਚਾਲੂ ਕੰਮ-ਕਾਰੋਬਾਰ ਚਲਾਉਣ ਦੀ ਬਜਾਇ ਲਾਗੂ ਕਰਨ ਲਈ ਵਧੇਰੇ ਕਾਬਲ ਹੁੰਦੇ ਹਨ। ਹਰਵਾਰਡ ਕੈਨੇਡੀ ਸਕੂਲ ਦਾ ਲੈਂਟ ਪਿਚਟ ਆਪਣੇ ਮਸ਼ਹੂਰ ਦਸਤਾਵੇਜ਼ 'ਆਦਮੀ ਅਤੇ ਫਾਰਮੂਲਾ' ਵਿਚ ਇਸ ਵਿਰੋਧਤਾ ਨੂੰ ਉਘਾੜਦਾ ਹੈ ਜੋ 'ਜੇਕਰ ਤੁਸੀਂ ਪਹਿਲੀ ਵਾਰ ਕਾਮਯਾਬ ਨਹੀਂ ਹੁੰਦੇ ਤਾਂ ਬਾਰ-ਬਾਰ ਕੋਸ਼ਿਸ਼ ਕਰੋ' ਅਤੇ 'ਬਾਰ-ਬਾਰ ਇਕੋ ਕੰਮ ਕਰੀ ਜਾਣਾ ਅਤੇ ਅਲਗ ਨਤੀਜੇ ਉਮੀਦ ਕਰਨਾ ਬੇਵਕੂਫੀ ਹੈ' ਵਿਚਕਾਰ ਹੈ। ਉਸ ਦਾ ਕਹਿਣਾ ਹੈ ਕਿ ਸਹੀ ਭਾਵ ਅਰਥ ਇਹ ਹੋਣਾ ਚਾਹੀਦਾ ਹੈ ਕਿ 'ਜੇਕਰ ਤੁਸੀਂ ਪਹਿਲੀ ਵਾਰ ਕਾਮਯਾਬ ਨਹੀਂ ਹੁੰਦੇ ਤਾਂ ਕੁੱਝ ਅਲਗ ਕਰਨ ਦੀ ਕੋਸ਼ਿਸ਼' ਅਤੇ 'ਸਮਰੂਪ ਨਕਲ' ਦੇ ਖ਼ਿਲਾਫ਼ ਚੇਤਾਵਨੀ ਵੀ ਦਿੰਦਾ ਹੈ ਜੋ ਕੈਮਾਫਲਾਜ਼ ਲਈ ਦਿਸਹੱਦਿਆਂ ਦੀ ਨਕਲ ਕਰਨਾ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਕੀਨੀਆ ਵਿਚ ਸਭ ਤੋਂ ਵਧੀਆ ਰਿਸ਼ਵਤਖੋਰੀ ਵਿਰੋਧੀ ਕਾਨੂੰਨ ਹਨ, ਭਾਰਤ ਵਿਚ ਪ੍ਰਾਇਮਰੀ ਸਿੱਖਿਆ ਵਿਚ 100 ਪ੍ਰਤਿਸ਼ਤ ਦਾਖਲਾ ਹੈ ਪਰ ਪੜ੍ਹਾਈ ਦਾ ਪੱਧਰ ਬਹੁਤ ਘਟੀਆ ਹੈ, ਸਾਡੀ ਸਰਕਾਰੀ ਅੰਕੜਿਆਂ ਅਨੁਸਾਰ 2 ਪ੍ਰਤਿਸ਼ਤ ਬੇਰੁਜ਼ਗਾਰੀ ਦਰ ਪਰ ਵਿਆਪਕ ਗਰੀਬੀ ਹੈ, ਆਦਿ। ਉਹ ਨੀਤੀ ਵਿਚ ਲਚਕੀਲੇਪਨ ਦੀ ਵਕਾਲਤ ਕਰਦਾ ਹੈ ਜਿਸ ਵਿਚ ਅੰਕੜਿਆਂ ਅਤੇ ਜ਼ਿੰਮੇਵਾਰੀ ਦੇ ਮਾਪਦੰਡ ਵਿਚ ਫਰਕ ਹੋਣ ਕਾਰਨ ਸਖਤ ਨਿਰਨੇ ਲੈਣ ਲਈ ਗਲਤੀਆਂ ਕਰਨ ਅਤੇ ਤਜਰਬੇ ਕਰਨ ਦੀ ਗੁੰਜਾਇਸ਼ ਹੋਵੇ। ਇਹ ਖ਼ਾਸ ਤੌਰ ਤੇ ਭਾਰਤ ਉਪਰ ਲਾਗੂ ਹੁੰਦਾ ਹੈ ਜਿਥੇ ਸੱਚ ਪਿੱਛੇ ਬੈਠੇ ਸੰਸਥਾਨਾਂ ਵਲੋਂ ਧੋਖਾਧੜੀ, ਕਾਬਲੀਅਤ ਅਤੇ ਬੁਰੀ ਕਿਸਮਤ ਵਿਚ ਫਰਕ ਨਾ ਸਮਝਣਾ ਨਾ ਸਿਰਫ਼ ਨੀਤੀ ਨਿਰਧਾਰਨ ਸਗੋਂ ਨੀਤੀ ਲਾਗੂ ਕਰਨ ਦਾ ਵੀ ਘਾਣ ਕਰ ਰਿਹਾ ਹੈ।

ਜਨਤਕ ਨੀਤੀ ਲਈ ਮੇਰਾ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਤੁਸੀਂ ਸਰਕਾਰ ਵਿਚ ਕਿਸ ਤਰ੍ਹਾਂ ਉਹ ਕੁਝ ਕਰ ਸਕਦੇ ਹੋ ਜਿਸ ਨਾਲ ਸਰਕਾਰ ਵਿਚ ਅਸਰ ਰਸੂਖ ਵਾਲੇ ਸਭ ਸੰਬੰਧਿਤ ਅਧਿਕਾਰੀ ਸਹਿਮਤ ਹੁੰਦੇ ਹਨ। ਜਦੋਂ ਮੈਂ ਨੌਜਵਾਨ ਸੀ ਅਤੇ ਮੇਰੀ ਪਹੁੰਚ ਨਹੀਂ ਸੀ, ਮੈਂ ਇਸ ਸੋਚ ਦਾ ਸੀ ਕਿ ਵਧੇਰੇ ਉੱਚ ਅਧਿਕਾਰੀ ਮੇਰੇ ਨਾਲ ਸਹਿਮਤ ਨਹੀਂ ਹਨ। ਹੁਣ ਮੇਰੀ ਪੂਰੀ ਪਹੁੰਚ ਹੈ ਅਤੇ ਹਰ ਕੋਈ ਉਨ੍ਹਾਂ 10 ਨੁਕਾਤੀ ਨੀਤੀ ਬਦਲਾਵਾਂ ਨਾਲ ਸਹਿਮਤ ਹੈ ਜੋ ਮੈਂ ਆਪਣੇ ਜਨ ਅੰਕਕੀ ਲਾਭਾਂਸ਼ ਲਈ ਜ਼ੋਰ ਲਾ ਰਿਹਾ ਹਾਂ (ਰੁਜ਼ਗਾਰ ਦਫ਼ਤਰ, ਅਪਰੈਂਟਿਸਸ਼ਿਪ, ਵੋਕੇਸ਼ਨਲ ਯੂਨੀਵਰ-ਸਿਟੀਆਂ, ਲਾਭਕਾਰੀ ਰਾਜਪਾਠ, ਆਦਿ)।

ਅਸੀਂ ਆਪਣੇ ਸਿਵਲ ਕਰਮਚਾਰੀਆਂ ਵਲੋਂ ਵਿਸ਼ਾਲ, ਬਹਾਦਰੀ ਵਾਲੀ ਅਤੇ ਸਿਰਜਨਾਤਮਕ ਸੋਚ ਰਖਣ ਦੀ ਲੋੜ ਮਹਿਸੂਸ ਕਰਦੇ ਹਾਂ। ਸ਼ਹਿਰੀਵਾਦ ਦਾ ਪੱਖਪਾਤੀ ਜੇਨ ਜੇਕਬਜ਼ ਮਹਿਸੂਸ ਕਰਦਾ ਹੈ ਕਿ ਸ਼ਾਨਦਾਰ ਹੋਣਾ, ਸਹੀ ਅਰਥਾਂ ਵਿਚ ਵੱਡੀਆਂ ਉਪਲਬਧੀਆਂ ਹਾਸਲ ਕਰਨ ਵਾਲੇ, ਸਮੁੱਚੇ ਇਤਿਹਾਸ ਵਿਚ ਨੇਤਾਵਾਂ ਦੀ ਵਿਸ਼ੇਸ਼ਤਾ ਰਹੀ ਹੈ ਨਾ ਸਿਰਫ਼ ਉਨ੍ਹਾਂ ਦਾ ਭਰਪੂਰਤਾ ਵੱਲ ਪਿਆਰ ਸਗੋਂ ਇਸ ਲਈ ਵੀ ਕਿ ਉਹ ਲੋਕਾਂ ਨੂੰ ਆਪਣੇ ਨਾਲ ਮਿਲਾ ਕੇ ਚਲਾਉਣ ਦੀ ਇੱਛਾ ਰਖਦੇ ਹਨ।

**ਅਸੀਂ ਦੇਸ਼ ਦਾ ਵਿਕਾਸ ਕਿਸ ਤਰ੍ਹਾਂ ਕਰੀਏ, ਅਸੀਂ ਸਮਾਜਿਕ ਨਿਆਂ ਕਿਸ ਤਰ੍ਹਾਂ ਦੇਈਏ ਅਤੇ ਅਸੀਂ ਕਿਸ ਤਰ੍ਹਾਂ ਗਰੀਬੀ ਹਟਾਈਏ? ਪਰ ਕਈ ਕਾਰਨਾਂ ਕਰਕੇ, ਜਵਾਬ ਅਲਗ ਹਨ ਕਿਉਂਕਿ 30 ਲੱਖ ਲੋਕ ਕਿਸੇ ਨਾ ਕਿਸੇ ਚੋਣ ਵਿਚ ਜਿੱਤੇ ਹਨ ਅਤੇ ਕਿਉਂਕਿ ਅਗਲੇ ਵੀਹ ਸਾਲਾਂ ਤਕ ਦਸ ਲੱਖ ਬੱਚੇ ਹਰ ਮਹੀਨੇ ਬਾਲ ਮਜ਼ਦੂਰੀ ਵਿਚ ਧੱਕੇ ਜਾਣਗੇ, ਕਿਉਂਕਿ ਸਾਡੇ ਸੰਵਿਧਾਨ ਨਿਰਮਾਤਾਵਾਂ ਨੇ ਇਕ ਅਜਿਹਾ ਰਾਜਤੰਤਰ ਅਤੇ ਸੰਵਿਧਾਨ ਦਿਤਾ ਜਿਸ ਦੇ ਪਿੱਛੇ ਭਾਰਤ ਦੇ ਟੁਕੜੇ-ਟੁਕੜੇ ਹੋਣ ਦਾ ਡਰ ਸੀ ਅਤੇ ਸਮਾਜਿਕ ਨਿਆਂ ਦਾ ਕੰਮ ਚੱਲ ਰਿਹਾ ਹੈ। ਪਰ ਅਗਲੇ ਦੋ ਦਹਾਕਿਆਂ ਵਿਚ ਭਾਰਤ ਸਾਹਮਣੇ ਵੱਡੀ ਸਮੱਸਿਆ ਅਤੇ ਚੁਣੌਤੀ ਗਰੀਬੀ ਘਟਾਉਣ ਦੀ ਹੋਵੇਗੀ।**

ਪਰ ਸਿਵਲ ਕਰਮਚਾਰੀ ਉਸ ਵੇਲੇ ਤਕ ਉਤਸ਼ਾਹਪੂਰਨ ਨਹੀਂ ਹੋ ਸਕਦੇ ਜਦੋਂ ਤਕ ਕਿ ਉਨ੍ਹਾਂ ਨੂੰ ਮਿਲਣ ਵਾਲੇ ਪ੍ਰੇਰਕ ਅਢੁਕਵੇਂ ਹੋਣਗੇ। ਅੱਜ ਕਿਸੇ ਸਿਵਲ ਕਰਮਚਾਰੀ ਨੂੰ ਉਸ ਨੂੰ ਕੁੱਝ ਨਾ ਕਰਨ ਦੀ ਗਲਤੀ ਲਈ ਸਜ਼ਾ ਨਹੀਂ ਦਿਤੀ ਜਾਂਦੀ ਅਤੇ ਨਾ ਹੀ ਉਸ ਵਲੋਂ ਸਾਧਾਰਨ ਤੋਂ ਕੁਝ ਵੱਧ ਕਰਨ ਲਈ ਸਾਬਾਸ਼ ਮਿਲਦੀ ਹੈ ਜੋ ਬਹੁਤ ਅੱਛਾ ਹੋ ਗਿਆ ਹੋਵੇ। ਪਰ ਜੇ ਉਸ ਵਲੋਂ ਸਾਧਾਰਨ ਨਾਲੋਂ ਕੁੱਝ ਵੱਧ ਕਰਨ ਵਾਲਾ ਕਾਰਜ ਗਲਤ ਹੋ ਜਾਂਦਾ ਹੈ ਤਾਂ ਉਸ ਦਾ ਸਾਥ ਦੇਣ ਲਈ ਕੋਈ ਅੱਗੇ ਨਹੀਂ ਆਉਂਦਾ। ਇਸ ਢਾਂਚੇ ਵਿਚ ਇਸ ਦੀ ਕੋਈ ਮਾਨਤਾ ਨਹੀਂ ਹੈ ਕਿ ਨਵੀਨਤਾ ਕਿਵੇਂ ਲਿਆਂਦੀ ਗਈ ਹੈ ਕਿਉਂਕਿ ਪ੍ਰਕਿਰਿਆ ਵਿਚ ਅਜਾਈਂ ਜਾਣਾ ਅਤੇ ਨਾਕਾਮੀ ਮੁੱਢੋਂ ਜੁੜੇ ਹੋਏ ਹਨ।

ਆਇੰਸਟੀਨ ਨੇ ਇਕ ਵਾਰੀ ਆਪਣੇ ਵਿਦਿਆਰਥੀਆਂ ਦਾ ਇਮਤਿਹਾਨ ਲਿਆ ਤਾਂ ਉਨ੍ਹਾਂ ਵਿਚੋਂ ਇਕ ਨੇ ਪੁੱਛਿਆ, 'ਇਸ ਸਾਲ ਦੇ ਇਮਤਿਹਾਨ ਵਿਚ ਉਹੋ ਸਵਾਲ ਹਨ ਜੋ ਪਿਛਲੇ ਸਾਲ ਦੇ ਇਮਤਿਹਾਨ ਵਿਚ ਆਏ ਸਨ?' ਉਨ੍ਹਾਂ ਕਿਹਾ, 'ਚਿੰਤਾ ਨਾ ਕਰੋ, ਇਸ ਵਾਰ ਜਵਾਬ ਅਲਗ ਹਨ।' ਇਹ ਕਹਾਣੀ ਭਾਰਤ ਲਈ ਢੁਕਵੀਂ ਹੈ ਕਿਉਂਕਿ ਤਿੰਨ ਸਵਾਲ ਜੋ ਅੱਜ ਭਾਰਤ ਸਾਹਮਣੇ ਖੜ੍ਹੇ ਹਨ, ਉਹੋ ਹੀ ਹਨ ਜੋ ਇਸ ਸਾਹਮਣੇ ਆਜ਼ਾਦੀ ਮਿਲਣ ਵੇਲੇ ਖੜ੍ਹੇ ਸਨ।

ਪਹਿਲਾ ਸਵਾਲ ਜੋ ਮੇਰੇ ਦਿਮਾਗ ਵਿਚ ਆਇਆ ਜਦੋਂ ਮੈਂ ਅਮਰੀਕਾ ਵਿਚ ਆਪਣਾ ਗ੍ਰੈਜੂਏਟ ਅਧਿਐਨ ਕਰਨ ਗਿਆ ਸੀ ਕਿ ਇਹ ਅਮਰੀਕੀ ਲੋਕ ਸਾਡੇ ਨਾਲੋਂ ਵੱਧ ਚੁਸਤ ਦਰੁਸਤ ਤਾਂ ਨਹੀਂ ਹਨ, ਫਿਰ ਇਹ ਸਾਡੇ ਨਾਲੋਂ ਅਮੀਰ ਕਿਉਂ ਹਨ? ਪਦਾਰਥਕ ਖ਼ੁਸ਼ਹਾਲੀ ਲਈ ਕੁਝ ਵੀ ਸਭਿਆਚਾਰਕ ਨਹੀਂ ਹੈ। ਯਾਦ ਰਖੋ ਕਿ ਅਸੀ ਬਿਨਾਂ ਕਿਸੇ ਹਿੰਦੂ ਨੂੰ ਗੋਲੀ ਨਾਲ ਮਾਰਨ ਦੇ ਬਾਵਜੂਦ ਹਿੰਦੂ ਉਤਪਾਦ ਦਰ ਨੂੰ ਵੱਡੇ ਪੈਮਾਨੇ 'ਤੇ ਪਿਛਲੇ ਦੋ ਦਹਾਕਿਆਂ ਵਿਚ ਘਟਾ ਸਕੇ ਹਾਂ। ਗਰੀਬੀ ਘਟਾਉਣਾ ਇਕ ਬਹੁ-ਪੱਖੀ ਪ੍ਰਾਜੈਕਟ ਹੈ ਜਿਸ ਵਿਚ ਸਰਕਾਰ, ਸਿਵਲ ਸੋਸਾਇਟੀ ਅਤੇ ਨਿੱਜੀ ਖੇਤਰ ਨੂੰ ਤਾਲਮੇਲ ਵਿਚ ਕੰਮ ਕਰਨਾ ਹੁੰਦਾ ਹੈ। ਪਰ ਅੱਜ ਇਹੋ ਤਿੰਨ ਵਿੰਗ ਆਪਣੀਆਂ ਜਨਮਜਾਤ ਕਮੀਆਂ ਨਾਲ ਜੂਝ ਰਹੇ ਹਨ – ਸਰਕਾਰ ਵਿਚ ਲਾਗੂ ਕਰਨ ਦੀ ਘਾਟ ਹੈ, ਸਿਵਲ ਸੋਸਾਇਟੀ ਵਿਚ ਪੱਧਰ ਦੀ ਕਮੀ ਹੈ ਅਤੇ ਪ੍ਰਾਈਵੇਟ ਵਿਚ ਵਿਸ਼ਵਾਸ ਦੀ ਘਾਟ ਹੈ। ਪਰ ਇਕ ਘੱਟ ਗਰੀਬ ਭਾਰਤ ਲਈ ਇਕ ਵਧੇਰੇ ਪਾਸਾਰ ਵਾਲੀ, ਕਾਰਜ ਕੁਸ਼ਲਤਾ ਵਾਲੀ ਅਤੇ ਇੱਛਾ ਸ਼ਕਤੀ ਰੱਖਣ ਵਾਲੀ ਸਿਵਲ ਸੇਵਾ ਦਾ ਹੋਣਾ ਬਹੁਤ ਮਹੱਤਵਪੂਰਨ ਹੈ। ਆਓ, ਕੰਮ ਸ਼ੁਰੂ ਹੋਣ ਦਿਓ।

*(ਲੇਖਕ ਚੇਅਰਮੈਨ, ਟੀਮਲੀਜ਼ ਸਰਵਿਸਜ਼ ਹੈ।)*

# ਦਿਹਾਤੀ ਕਰਜ਼ਾ ਢਾਂਚੇ ਨੂੰ ਮਜ਼ਬੂਤ ਕਰਨਾ

ਨਚਿਕੇਤ ਮੋਰ ਤੇ ਦੀਪਤੀ ਜਾਰਜ

ਦਿਹਾਤੀ ਇਲਾਕਿਆਂ ਵਿਚ ਕਰਜ਼ੇ ਦੇਣ ਦਾ ਪਾਸਾਰ ਕਈ ਦਹਾਕਿਆਂ ਤੋਂ ਬੈਂਕਿੰਗ ਖੇਤਰ ਨੀਤੀ ਦਾ ਮੁੱਖ ਕੇਂਦਰ ਰਿਹਾ ਹੈ ਅਤੇ ਯਕੀਨਨ ਇਸ ਵਿਚ ਵਾਧਾ ਹੋਇਆ ਹੈ ਪਰ ਲਾਗਤ, ਜੋਖਮ ਅਤੇ ਅਸਰਦਾਇਕਤਾ ਪੱਖੋਂ ਸਮੁੱਚੀ ਸਥਿਤੀ ਇਸ ਸਮੇਂ ਕਾਫ਼ੀ ਗੰਭੀਰ ਹੈ। ਸਮੁੱਚੇ ਭਾਰਤ ਦੀ ਕੁੱਲ ਘਰੇਲੂ ਉਤਪਾਦ ਔਸਤ ਤਹਿਤ ਕਰਜ਼ੇ ਦੀ ਪਹੁੰਚ 70 ਪ੍ਰਤਿਸ਼ਤ ਦੇ ਲਗਭਗ ਹੈ। ਖੇਤੀ ਖੇਤਰ ਵਿਚ ਇਹ ਇਸ ਤੋਂ ਵੀ ਘੱਟ 36 ਪ੍ਰਤਿਸ਼ਤ ਹੈ ਜੋ ਕਿ ਨੀਤੀ ਤਹਿਤ ਪਹਿਲ ਦੇਣ ਦੇ ਬਾਵਜੂਦ ਇਸ ਖੇਤਰ ਤਕ ਰਸਮੀ ਕਰਜ਼ੇ ਦੀ ਘੱਟ ਪਹੁੰਚ ਨੂੰ ਦਰਸਾਉਂਦੀ ਹੈ। ਇਸ ਕਾਰਨ ਹੀ ਕਿਸਾਨ ਲਗਾਤਾਰ ਗ਼ੈਰ-ਰਸਮੀ ਕਰਜ਼ਿਆਂ ਦੀ ਜਕੜ ਵਿਚ ਬਣੇ ਹੋਏ ਹਨ। ਇਕ ਹੈਕਟੇਅਰ ਤੋਂ ਘੱਟ ਦੀ ਮਲਕੀਅਤ ਵਾਲੇ ਦਰਮਿਆਨੇ ਪੱਧਰ ਦੇ ਕਿਸਾਨਾਂ ਵਿਚੋਂ 2009 ਦੇ ਅੰਕੜਿਆਂ ਮੁਤਾਬਕ ਸਿਰਫ਼ 14 ਪ੍ਰਤਿਸ਼ਤ ਨੇ ਹੀ ਰਸਮੀ ਕਰਜ਼ਾ ਸੰਸਥਾਵਾਂ ਤੋਂ ਕਰਜ਼ੇ ਲਏ। ਇਥੇ ਸਾਨੂੰ ਵੱਡੇ ਪੱਧਰ 'ਤੇ ਖੇਤਰੀ ਅਸਾਵਾਂਪਨ ਵੀ ਨਜ਼ਰ ਆਉਂਦਾ ਹੈ। ਦੇਸ਼ ਵਿਚ ਕੁੱਲ ਘਰੇਲੂ ਉਤਪਾਦ ਦੀ ਸਭ ਤੋਂ ਘੱਟ ਦਰ ਦੇਣ ਦੇ ਬਾਵਜੂਦ ਬਿਹਾਰ ਵਰਗੇ ਰਾਜਾਂ ਨੂੰ ਕੁੱਲ ਉਤਪਾਦ ਔਸਤ ਤਹਿਤ ਸਮੁੱਚੀ ਕਰਜ਼ਾ ਦਰ 16 ਪ੍ਰਤਿਸ਼ਤ ਤੋਂ ਘੱਟ ਹੈ। 2007 ਤੋਂ 2012 ਦੌਰਾਨ ਦੱਖਣੀ ਰਾਜਾਂ ਦੇ ਦੇਸ਼ ਦੇ ਕੁੱਲ ਫ਼ਸਲੀ ਖੇਤਰ ਦਾ 20 ਪ੍ਰਤਿਸ਼ਤ ਤੋਂ ਘੱਟ ਹੋਣ ਦੇ ਬਾਵਜੂਦ ਉਨ੍ਹਾਂ ਨੂੰ 38 ਪ੍ਰਤਿਸ਼ਤ ਖੇਤੀ ਕਰਜ਼ੇ ਜਾਰੀ ਕੀਤੇ ਗਏ, ਜਦ ਕਿ ਉੱਤਰ-ਪੂਰਬੀ ਰਾਜਾਂ ਦੇ ਮੁਕਾਬਿਲਤਨ ਵਧੇਰੇ ਖੇਤੀ ਵਾਲਾ ਇਲਾਕਾ ਹੋਣ ਦੇ ਬਾਵਜੂਦ ਖੇਤੀ ਕਰਜ਼ੇ ਕੇਵਲ 8 ਪ੍ਰਤਿਸ਼ਤ ਹੀ ਦਿਤੇ ਗਏ। ਕੇਂਦਰੀ ਭਾਰਤ ਦੇ 27 ਪ੍ਰਤਿਸ਼ਤ ਖੇਤੀ ਖੇਤਰ ਹੋਣ ਦੇ ਬਾਵਜੂਦ 13 ਪ੍ਰਤਿਸ਼ਤ ਖੇਤੀ ਕਰਜ਼ੇ ਹੀ ਲੈਣ ਦਾ ਪਾਤਰ ਬਣ ਸਕਿਆ। ਜਿਹੜੇ ਕਰਜ਼ੇ ਜਾਰੀ ਹੋਏ ਵੀ, ਉਹ ਵੀ ਫ਼ਸਲੀ ਚੱਕਰਾਂ ਅਨੁਸਾਰ ਨਹੀਂ ਹਨ। ਮਹੀਨੇਵਾਰ ਕਰਜ਼ੇ ਜਾਰੀ ਕਰਨ ਦਾ ਤਰੀਕਾ ਸਾਉਣੀ ਦੇ ਫ਼ਸਲ ਚੱਕਰ (ਜੂਨ-ਜੁਲਾਈ-ਸਤੰਬਰ) ਅਤੇ ਹਾੜ੍ਹੀ ਦੇ ਫ਼ਸਲ ਚੱਕਰ (ਦਸੰਬਰ-ਜਨਵਰੀ) ਮੁਤਾਬਕ ਹੋਣਾ ਚਾਹੀਦਾ ਸੀ ਜਦ ਕਿ ਬੈਂਕਾਂ ਵਲੋਂ ਇਕ ਚੌਥਾਈ ਕਰਜ਼ਾ ਮਾਰਚ ਦੇ ਮਹੀਨੇ ਦਿਤਾ ਗਿਆ ਹੈ ਜੋ ਕਿ ਖੇਤੀ ਉਤਪਾਦਨ ਪੱਖੋਂ ਕੋਈ ਮਹੱਤਵਪੂਰਨ ਮਹੀਨਾ ਨਹੀਂ ਹੈ। ਦਿਹਾਤੀ ਕਰਜ਼ੇ ਦੇ ਘੱਟ ਪ੍ਰਭਾਵਕਾਰੀ ਹੋਣ ਦੀ ਸਮੱਸਿਆ ਇਸ ਤੱਥ ਨਾਲ ਹੋਰ ਗੰਭੀਰ ਹੋ ਜਾਂਦੀ ਹੈ ਕਿ (5 ਪ੍ਰਤਿਸ਼ਤ ਦੇ ਕਰੀਬੀ ਖੇਤੀ ਅਸਾਸਿਆਂ (ਤਰਜੀਹੀ ਖੇਤਰ) ਲਈ ਗ਼ੈਰ-ਕਾਰਗੁਜ਼ਾਰੀ ਅਸਾਸਿਆਂ ਦੀ ਔਸਤ ਦਰ ਬਹੁਤ ਉੱਚੀ ਹੈ ਜਦ ਕਿ ਦੂਜੇ ਖੇਤਰਾਂ ਦੀ ਇਸ ਤੋਂ ਵੀ ਦੋ ਗੁਣਾ ਹੈ ਭਾਵੇਂ ਕਿ ਇਸ ਖੇਤਰ ਲਈ ਹਰ ਤਰ੍ਹਾਂ ਦੀਆਂ ਸਬਸਿਡੀਆਂ ਦਿਤੀਆਂ ਜਾ ਰਹੀਆਂ ਹਨ। ਰਾਸ਼ਟਰੀ ਬੈਂਕਾਂ ਦੀ ਛੋਟੇ ਕਰਜ਼ਿਆਂ ਉਪਰ ਸੇਵਾ ਦੇਣ ਸਮੇਤ ਕੁੱਲ ਲਾਗਤ 30 ਪ੍ਰਤਿਸ਼ਤ ਤੋਂ ਵੱਧ ਹੈ ਜਦ ਕਿ ਉਨ੍ਹਾਂ ਵਲੋਂ ਇਸ ਖੇਤਰ ਨੂੰ ਆਧਾਰ ਦਰ ਤੋਂ 3 ਪ੍ਰਤਿਸ਼ਤ ਹੇਠਾਂ ਜਾਂ 2 ਪ੍ਰਤਿਸ਼ਤ ਵੱਧ 'ਤੇ ਹੀ ਕਰਜ਼ੇ ਦੇਣੇ ਹਨ।

ਭਾਰਤ ਵਿਚ ਦਿਹਾਤੀ ਕਰਜ਼ਾ ਸਪੁਰਦਗੀ ਦੀ ਕਮਾਨ ਰਾਸ਼ਟਰੀ ਸੰਪੂਰਨ ਸੇਵਾ ਵਾਲੇ ਬੈਂਕਾਂ ਦੇ ਹੱਥ ਵਿਚ ਹੈ। ਕਈ ਵਰ੍ਹਿਆਂ ਤੋਂ ਇਹ ਹੌਲੀ-ਹੌਲੀ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਅਜਿਹੇ ਬੈਂਕਾਂ ਦੀਆਂ ਇਕਾਈਆਂ ਦਾ ਮੌਜੂਦਾ ਢਾਂਚਾ ਲਾਗਤ, ਜੋਖ਼ਮ ਅਤੇ ਅਸਰਦਾਇਕਤਾ ਪੱਖੋਂ ਛੋਟੇ ਅਤੇ ਪਹਿਲ ਵਾਲੇ ਖੇਤਰ ਆਧਾਰਤ ਕਰਜ਼ਿਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਢੁਕਵਾਂ ਨਹੀਂ ਹੈ। ਛੋਟੇ ਕਰਜ਼ਿਆਂ ਦੇ ਖੇਤਰ ਵਿਚ ਵਿਆਜ ਨੂੰ ਸ਼ਾਮਿਲ ਨਾ ਕਰਦਿਆਂ ਅਮਲੀਕਰਨ ਦੀ ਕੁੱਲ ਲਾਗਤ 30 ਪ੍ਰਤਿਸ਼ਤ ਹੈ ਜਦ ਕਿ ਗ਼ੈਰ ਕਾਰਗੁਜ਼ਾਰੀ ਅਸਾਸਿਆਂ ਦੀ 10 ਪ੍ਰਤਿਸ਼ਤ ਜਾਂ ਇਸ ਤੋਂ ਵੀ ਵੱਧ ਹੈ। ਪਰ ਬੈਂਕ ਬੈਲੇਂਸ ਸ਼ੀਟਾਂ ਦੇ ਉਹਲੇ ਕਾਰਨ ਇਸ ਉੱਚੀ ਲਾਗਤ ਅਤੇ ਜੋਖਮ ਦਰਾਂ ਦਾ ਤੁਰੰਤ ਸਪੱਸ਼ਟ ਪਤਾ ਨਹੀਂ ਲਗਦਾ ਅਤੇ ਤੈਸ਼ੁਦਾ ਨੀਤੀ ਤਹਿਤ ਬੈਂਕਾਂ ਨੂੰ ਨਾ ਕੇਵਲ ਪਹਿਲ ਖੇਤਰ ਕਰਜ਼ੇ ਟੀਚਿਆਂ ਦੀ ਪ੍ਰਾਪਤੀ ਲਈ ਕਿਹਾ ਜਾਂਦਾ ਹੈ ਸਗੋਂ ਰਵਾਇਤੀ ਤਕਨੀਕਾਂ ਦੀ ਵਰਤੋਂ ਕਰਦਿਆਂ ਉਨ੍ਹਾਂ ਨੂੰ ਉਹ ਕੰਮ ਸਿੱਧਾ ਆਪਣੇ ਬੈਂਕ ਖਾਤਿਆਂ 'ਤੇ ਕਰਨ ਨੂੰ ਕਿਹਾ ਜਾਂਦਾ ਹੈ।

ਪੂਰੇ ਵਿਸ਼ਵ ਵਿਚ ਅਤੇ ਭਾਰਤ ਵਿਚ ਸਰਬੋਤਮ ਪ੍ਰਚਲਨ (ਅਮਲ) ਸੁਝਾਉਂਦੇ ਹਨ ਕਿ ਸੰਪੂਰਨ ਸੇਵਾ ਬੈਂਕਾਂ ਇਕੋ ਇਕ ਤਰੀਕੇ ਨਾਲ ਅਸਰਦਾਰ ਢੰਗ ਨਾਲ ਕੰਮ ਕਰ ਸਕਦੇ ਹਨ ਕਿ ਬੈਂਕਾਂ ਦੇ ਅੰਦਰ ਹੀ ਵਿਸ਼ੇਸ਼ ਕੇਂਦਰ ਖੋਲ੍ਹ ਦਿਤੇ ਜਾਣ ਜੋ ਕਿ ਸਿਰਫ਼ ਇਸੇ ਕਾਰਜ ਉਪਰ ਕੇਂਦਰਤ ਹੋਣ ਅਤੇ ਅਜਿਹੇ ਫ਼ੈਸਲੇ ਲੈ ਸਕਣ ਵਾਲੀ ਪ੍ਰਣਾਲੀ ਨਾਲ ਭਰਪੂਰ ਹੋਣ ਜਿਸ ਤਹਿਤ ਕੇਂਦਰੀਕਰਨ ਦੇ ਰੁਝਾਨ 'ਤੇ ਨਾ ਚਲਦਿਆਂ ਕਰਜ਼ਾ ਲੈਣ ਵਾਲਿਆਂ ਨਾਲ ਸਿੱਧਾ ਸੰਪਰਕ ਰੱਖਣ ਵਾਲੇ ਅਮਲੇ ਕੋਲ ਕਰਜ਼ੇ ਮਨਜ਼ੂਰ ਕਰਨ ਦਾ ਅਧਿਕਾਰ ਹੋਵੇ। ਜਾਂ ਇਨ੍ਹਾਂ ਬੈਂਕਾਂ ਵਲੋਂ ਬਦਲਵੇਂ ਢੰਗ ਨਾਲ ਦੂਜੀਆਂ ਵਧੇਰੇ ਪ੍ਰਭਾਵਕਾਰੀ ਸੁਤੰਤਰ ਸੰਸਥਾਵਾਂ ਜਿਵੇਂ ਖੇਤਰੀ ਬੈਂਕ ਅਤੇ ਭਾਰਤੀ ਰਿਵਜ਼ਰਵ ਬੈਂਕ ਦੀ ਨੇਮਬੰਦੀ ਵਾਲੀਆਂ ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ ਨਾਲ ਭਾਈਵਾਲੀ ਕੀਤੀ ਜਾਵੇ ਤਾਂ ਕਿ ਆਪਣੇ ਵਿੱਤੀ ਖਾਤਿਆਂ ਅਤੇ ਮੁਨਾਫ਼ੇ ਨੂੰ ਜੋਖ਼ਮ ਵਿਚ ਪਾਏ ਬਿਨਾਂ ਕਰਜ਼ੇ ਦੇ ਟੀਚੇ ਪੂਰੇ ਕੀਤੇ ਜਾ ਸਕਣ। ਭਾਰਤ ਵਿਚ ਅਤੇ ਪੂਰੇ ਵਿਸ਼ਵ ਵਿਚ ਅਜਿਹੇ ਰੁਝਾਨ ਦੀਆਂ ਕਾਫ਼ੀ ਉਦਾਹਰਣਾਂ ਹਨ। ਇਸ ਗੱਲ ਨੂੰ ਯਕੀਨੀ

ਬਣਾਉਣ ਲਈ ਕਿ ਰਾਸ਼ਟਰੀ ਪੱਧਰ 'ਤੇ ਮਹੱਤਵ ਵਾਲੇ ਬੈਂਕਾਂ ਉਪਰ ਘੱਟ ਮਿਆਰੀ ਅਤੇ ਉੱਚ ਲਾਗਤ ਵਾਲੇ ਅਸਾਸਿਆਂ ਦਾ ਵੱਡਾ ਭਾਰ ਨਾ ਬਣੇ ਅਤੇ ਉਨ੍ਹਾਂ ਨੂੰ ਜੋਖ਼ਮ ਅਤੇ ਲਾਗਤ ਨੂੰ ਸਰਗਰਮ ਹੋ ਕੇ ਨਜਿੱਠਣ ਲਈ ਲਗਾਤਾਰ ਫ਼ਾਇਦੇ ਦਿਤੇ ਜਾਣ। ਇਸ ਗੱਲ 'ਤੇ ਹੁਣ ਵਧੇਰੇ ਜ਼ੋਰ ਦਿਤਾ ਜਾ ਰਿਹਾ ਹੈ ਕਿ ਵੇਰਵੇ ਸਹਿਤ ਰਿਪੋਰਟ ਰਾਹੀਂ ਖਾਤਿਆਂ ਦੇ ਹਿਸਾਬ-ਕਿਤਾਬ ਨੂੰ ਪਾਰਦਰਸ਼ੀ ਕੀਤਾ ਜਾਵੇ ਅਤੇ ਘੱਟੋ-ਘੱਟ ਸਾਲਾਨਾ ਪੱਧਰ 'ਤੇ ਦਬਾਅ ਪਰੀਖਣ ਨਤੀਜਿਆਂ ਨੂੰ ਜਨਤਕ ਤੌਰ ਤੇ ਜ਼ਾਹਿਰ ਕੀਤਾ ਜਾਵੇ।

**ਭਾਰਤ ਦੇ ਖੇਤਰੀ ਬੈਂਕ, ਖ਼ਾਸ ਕਰਕੇ ਸਹਿਕਾਰਤਾ ਢਾਂਚੇ ਵਾਲੇ ਬੈਂਕ, ਲਾਗਤ, ਜੋਖ਼ਮ ਅਤੇ ਅਸਰਦਾਇਕ ਪਹੁੰਚ ਤਿੰਨਾਂ ਮੋਰਚਿਆਂ 'ਤੇ ਕਈ ਤਰ੍ਹਾਂ ਨਾਲ ਚੰਗੀ ਸਥਿਤੀ ਰੱਖਦੇ ਹਨ, ਪਰ ਪ੍ਰਸ਼ਾਸਨਿਕ ਸਮੱਸਿਆਵਾਂ ਅਤੇ ਬਾਰਿਸ਼ ਦਾ ਖ਼ਤਰਾ ਅਤੇ ਖੇਤਰੀ ਆਰਥਿਕਤਾ ਦੇ ਸੁਭਾਅ ਵਿਚ ਬਦਲਾਅ ਦੋਹਾਂ ਪ੍ਰਣਾਲੀਗਤ ਬਦਲਾਵਾਂ ਨਾਲ ਸਫਲ ਢੰਗ ਨਾਲ ਨਜਿੱਠਣ ਵਿਚ ਇਤਿਹਾਸਕ ਰੂਪ ਵਿਚ ਮਾੜੀ ਕਾਰਗੁਜ਼ਾਰੀ ਦਿਖਾ ਚੁੱਕੇ ਹਨ। ਭਾਰਤੀ ਸਹਿਕਾਰਤਾ ਢਾਂਚਾ ਵੀ ਇਨ੍ਹਾਂ ਦੋਹਾਂ ਨੁਕਤਿਆਂ ਦੇ ਪ੍ਰਸੰਗ ਵਿਚ ਕਈ ਸਾਲਾਂ ਤੋਂ ਵੱਡੀ ਅਸਫਲਤਾ ਦਾ ਸ਼ਿਕਾਰ ਰਿਹਾ ਹੈ। ਸਰਕਾਰ, ਰਾਸ਼ਟਰੀ ਖੇਤੀ ਅਤੇ ਦਿਹਾਤੀ ਵਿਕਾਸ ਬੈਂਕ ਅਤੇ ਭਾਰਤੀ ਰਿਜ਼ਰਵ ਬੈਂਕ ਦੀਆਂ ਲਗਾਤਾਰ ਕੋਸ਼ਿਸ਼ਾਂ ਸਦਕਾ ਘੱਟੋ-ਘੱਟ ਬਚੇ ਰਹਿ ਗਏ ਸਹਿਕਾਰਤਾ ਅਦਾਰਿਆਂ ਦੇ ਹੱਕ ਵਿਚ ਇਨ੍ਹਾਂ ਮੁੱਦਿਆਂ ਦੇ ਨਿਬੇੜੇ ਦਾ ਅਮਲ ਸ਼ੁਰੂ ਹੋਇਆ ਹੈ, ਪਰ ਪਹਿਲਾਂ ਦੱਸੇ ਗਏ ਢਾਂਚਾਗਤ ਮੁੱਦੇ ਕਾਫ਼ੀ ਗੁੰਝਲਦਾਰ ਹਨ ਅਤੇ ਖੇਤਰੀ ਬੈਂਕਾਂ ਅਤੇ 'ਨਾਬਾਰਡ' ਅੰਦਰ ਨਵੀਆਂ ਸਮਰਥਾਵਾਂ ਦੇ ਵਿਕਸਤ ਕੀਤੇ ਜਾਣ ਅਤੇ ਕੁਦਰਤੀ ਆਫ਼ਤਾਂ ਸਮੇਂ ਬੀਮਾ ਅਤੇ ਸੁਰੱਖਿਆਤਮਕ ਅਮਲਾਂ ਦੇ ਹੱਦ ਵਿਚ ਲਿਆਏ ਜਾਣ ਦੀ ਮੰਗ ਕਰਦੇ ਹਨ।**

ਇਸ ਸਮੇਂ ਵੱਡੀ ਗਿਣਤੀ ਵਿਚ ਖੇਤਰੀ/ ਸਥਾਨਕ ਬੈਂਕ ਮੌਜੂਦ ਹਨ ਅਤੇ ਨਵੇਂ ਖੇਤਰੀ ਬੈਂਕਾਂ ਨੂੰ ਖੋਲ੍ਹੇ ਜਾਣ ਦੀ ਬਜਾਇ ਇਨ੍ਹਾਂ ਨੂੰ ਮਜ਼ਬੂਤ ਕੀਤੇ ਜਾਣ ਉਪਰ ਧਿਆਨ ਕੇਂਦਰਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਨਵੇਂ ਬੈਂਕਾਂ ਨੂੰ ਜੋਖ਼ਮ ਪ੍ਰਬੰਧਨ ਪ੍ਰਣਾਲੀ ਵਿਕਸਤ ਨਾ ਹੋਣ ਕਰਕੇ ਇਨ੍ਹਾਂ ਹੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ।

ਖੇਤਰੀ ਬੈਂਕਾਂ ਵਾਂਗ ਹੀ ਵਿਸ਼ੇਸ਼ ਸੂਚੀ ਵਾਲੀਆਂ ਭਾਰਤੀ ਰਿਜ਼ਰਵ ਬੈਂਕ ਦੀ ਨੇਮਬੰਦੀ ਹੇਠਲੀਆਂ ਗ਼ੈਰ ਬੈਂਕਿੰਗ ਆਰਥਿਕ ਕੰਪਨੀਆਂ ਵੀ ਲਾਗਤ ਜੋਖ਼ਮ ਅਤੇ ਅਸਰਦਾਇਕਤਾ ਪੱਖੋਂ ਕਈ ਤਰ੍ਹਾਂ ਨਾਲ ਮਜ਼ਬੂਤ ਸਥਿਤੀ ਵਿਚ ਹਨ। ਇਸ ਪ੍ਰਣਾਲੀ ਦੀ ਤਾਕਤ ਬਹੁਤਾ ਕਰਕੇ ਇਹ ਆਮ ਜਨਤਾ ਤੋਂ ਰਕਮਾਂ ਜਮ੍ਹਾਂ ਨਹੀਂ ਕਰਦੇ ਅਤੇ ਇਨ੍ਹਾਂ ਨੂੰ ਪੂੰਜੀ ਬਾਜ਼ਾਰ ਜਾਂ ਬੈਂਕਾਂ ਜਿਹੇ ਥੋਕ ਅਦਾਰਿਆਂ ਤੋਂ ਕਰਜ਼ਾ ਲੈਣਾ ਪੈਂਦਾ ਹੈ। ਇਸ ਤੋਂ ਯਕੀਨੀ ਤੌਰ ਤੇ ਇਹ ਪਤਾ ਲਗਦਾ ਹੈ ਕਿ ਖੇਤਰੀ ਬੈਂਕਾਂ ਦੇ ਉਲਟ, ਇਨ੍ਹਾਂ ਉਪਰ ਲਗਾਤਾਰ ਮਾਹਿਰ ਅਤੇ ਲੰਮੇ ਅਨੁਭਵ ਵਾਲੇ ਕਰਜ਼ਦਾਤਿਆਂ ਦੀ ਨਿਗਰਾਨੀ ਰਹਿੰਦੀ ਹੈ ਜੋ ਮਾੜੀ ਕਾਰਗੁਜ਼ਾਰੀ ਹੋਣ 'ਤੇ ਕਰਜ਼ੇ ਦੇਣ ਦੀ ਆਪਣੀ ਨੀਤੀ ਵਿਚ ਉਸੇ ਮੁਤਾਬਕ ਬਦਲਾਅ ਕਰ ਸਕਦੇ ਹਨ। ਪਰ ਰਾਜ, ਆਰਥਿਕ/ਕਰਜ਼ਾ ਕਾਨੂੰਨਾਂ ਨੂੰ ਲਾਗੂ ਕਰਦਿਆਂ ਤਰਜੀਹੀ ਖੇਤਰ ਨੂੰ ਸਿੱਧੇ ਤੌਰ ਤੇ ਕਾਇਮ ਕਰਨ ਲਈ ਮਜ਼ਬੂਤ ਨੇਮਬੰਦੀ ਲਈ ਜ਼ੋਰ ਦੇ ਨਾਲ-ਨਾਲ ਮਾੜੀਆਂ ਵਿਕਸਤ ਕਰਜ਼ਾ ਪੂੰਜੀ ਮੰਡੀਆਂ ਕਾਰਨ ਇਹ ਖੇਤਰ ਇਤਿਹਾਸਕ ਰੂਪ ਵਿਚ ਦੇਖਦਿਆਂ ਆਕਾਰ ਵਿਚ ਛੋਟਾ ਹੀ ਰਿਹਾ ਹੈ। ਇਨ੍ਹਾਂ ਦੇ ਸਹੀ ਵਿਕਾਸ ਲਈ ਇਨ੍ਹਾਂ ਨੂੰ ਵਿਸ਼ੇਸ਼ ਥੋਕ ਬੈਂਕਾਂ ਦੇ ਢਾਂਚੇ ਵਿਚ ਪਾਉਣਾ, ਜੋ ਕਿ ਪ੍ਰਚੂਨ ਜਮ੍ਹਾਂ ਰਕਮਾਂ ਸਵੀਕਾਰ ਨਹੀਂ ਕਰਦੇ, ਬਹੁਤ ਲਾਹੇਵੰਦ ਰਹੇਗਾ ਜਿਸ ਨਾਲ ਇਨ੍ਹਾਂ ਦੇ ਮੁੱਖ ਕਿਰਦਾਰ ਨੂੰ ਬਦਲੇ ਬਿਨਾਂ ਸਿਲਸਿਲਾਗਤ ਸਥਿਰਤਾ ਵਿਚ ਵਾਧਾ ਹੋ ਸਕੇਗਾ।

ਭਾਵੇਂ ਦਿਹਾਤੀ ਕਰਜ਼ੇ ਦੇ ਸਹੀ ਵਿਕਾਸ ਵਿਚ ਇਸ ਸਮੇਂ ਮੁੱਖ ਔਕੜ ਕਰਜ਼ਾ ਡਲਿਵਰੀ ਚੈਨਲਾਂ ਦਾ ਬੇਲਚਕਦਾਰ ਅਤੇ ਮਕਾਨਕੀ ਢੰਗ ਨਾਲ ਚਲਣਾ ਹੈ। ਕੁਝ ਹੋਰ ਵੀ ਅਜਿਹੇ ਅਹਿਮ ਖੇਤਰ ਹਨ ਜੋ ਦਿਹਾਤੀ ਕਰਜ਼ਾ ਪ੍ਰਣਾਲੀ ਉਪਰ ਮਿਆਰ, ਮਿਕਦਾਰ ਅਤੇ ਲਾਗਤ ਪੱਖੋਂ ਲਾਹੇਵੰਦ ਅਸਰ ਪਾ ਸਕਦੇ ਹਨ ਅਤੇ ਜਿਨ੍ਹਾਂ ਨਾਲ ਵੱਖ-ਵੱਖ ਕਰਜ਼ਾ ਚੈਨਲਾਂ ਦੀ ਕਾਰਗੁਜ਼ਾਰੀ ਬਿਹਤਰ ਹੋ ਸਕਦੀ ਹੈ।

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਭਾਰਤੀ ਬੈਂਕਿੰਗ ਖੇਤਰ ਦੀ ਇਕ ਮੁੱਖ ਸਮੱਸਿਆ, ਭਾਰਤ ਜਿਹੀ ਵਧ ਰਹੀ ਆਰਥਿਕਤਾ ਦੇ ਮੁਕਾਬਲੇ ਇਸ ਦਾ ਆਕਾਰ ਵਿਚ ਬਹੁਤ ਛੋਟਾ ਹੋਣਾ ਹੈ। ਇਸ ਦੇ ਛੋਟੇ ਆਕਾਰ ਦੇ ਹੋਣ ਦਾ ਕਰਜ਼ੇ ਦੇਣ ਉਪਰ ਪੈਣ ਵਾਲਾ ਮਾੜਾ ਅਸਰ ਇਸ ਤੱਥ ਨਾਲ ਹੋਰ ਵੀ ਵਧ ਜਾਂਦਾ ਹੈ ਕਿ ਇਨ੍ਹਾਂ ਬੈਂਕਾਂ ਵਲੋਂ ਇਕੱਤਰ ਕੀਤੇ ਮਾਲੀ ਸਾਧਨਾਂ ਉਪਰ ਸਰਕਾਰ ਵਲੋਂ ਸਰਕਾਰੀ ਬਾਂਡਾਂ ਅਤੇ ਖੁਰਾਕ ਲਈ ਕਰਜ਼ੇ ਮੁਹੱਈਆ ਕਰਾਉਣ ਦੇਣਾ 'ਤੇ ਮੱਲ ਮਾਰ ਲਈ ਜਾਂਦੀ ਹੈ। ਭਾਰਤੀ ਪੂੰਜੀ ਬਾਜ਼ਾਰ ਇੰਨਾ ਵਿਕਸਤ ਹੋ ਚੁੱਕਾ ਹੈ ਕਿ ਇਨ੍ਹਾਂ ਦੋਹਾਂ ਲੋੜਾਂ ਨੂੰ ਗ਼ੈਰ ਬੈਂਕਿੰਗ ਵਸੀਲਿਆਂ ਰਾਹੀਂ ਪੂਰਾ ਕੀਤਾ ਜਾ ਸਕਦਾ ਹੈ ਅਤੇ ਜੇ ਅਜਿਹਾ ਹੋ ਜਾਵੇ ਤਾਂ ਦਿਹਾਤੀ ਅਤੇ ਹੋਰ ਕਰਜ਼ਾ ਪ੍ਰਣਾਲੀਆਂ ਲਈ ਕਾਫ਼ੀ ਆਰਥਿਕ ਸਾਧਨ ਹੋ ਜਾਣਗੇ। ਇਸ ਤੋਂ ਇਲਾਵਾ, ਬੈਂਕ ਵਿਸ਼ੇਸ਼ ਤੌਰ ਤੇ ਸਰਕਾਰੀ ਬੈਂਕਾਂ ਵਲੋਂ ਆਪਣੀ ਬਹੁਤ ਘੱਟ ਤੈਸ਼ੁਦਾ ਵਿਆਜ ਦਰਾਂ ਉਪਰ ਖੇਤੀ ਕਰਜ਼ੇ ਦੇਣੇ ਹੁੰਦੇ ਹਨ ਅਤੇ ਸਰਕਾਰ ਨੂੰ ਅੱਗੋਂ ਹੋਰ ਵਿਆਜ ਸਬਸਿਡੀਆਂ ਦਿੰਦੀ ਹੈ। ਇਸ ਸਭ ਦੇ ਨਤੀਜੇ ਵਜੋਂ, ਖੇਤੀ ਕਰਜ਼ਾ ਪ੍ਰਣਾਲੀ ਵਿਚ ਵਿਗਾੜ ਪੈਦਾ ਹੁੰਦਾ ਹੈ ਜਿਸ ਕਾਰਨ ਛੋਟੇ ਪੱਧਰ ਦੇ ਕਿਸਾਨਾਂ ਅਤੇ ਬੇਜ਼ਮੀਨੇ ਕਿਰਤੀਆਂ ਨੂੰ ਕਰਜ਼ੇ ਦੇਣ ਤੋਂ ਮਨਾ ਕਰ ਦਿਤਾ ਜਾਂਦਾ ਹੈ ਕਿਉਂਕਿ ਵੱਡੀ ਮੰਗ ਦੇ ਬਾਵਜੂਦ ਇਸ ਖੇਤਰ ਲਈ ਕਰਜ਼ੇ ਦਾ ਘੱਟ ਤੋਂ ਘੱਟ ਹਿੱਸਾ ਰੱਖਿਆ ਜਾਂਦਾ ਹੈ। ਇਹ ਬਹੁਤ ਚੰਗਾ ਹੋਵੇਗਾ ਜੇ ਬੈਂਕਾਂ ਨੂੰ ਆਪਣੇ ਜੋਖ਼ਮ ਨਮੂਨਿਆਂ ਦੇ ਆਧਾਰ 'ਤੇ ਖੇਤੀ ਕਰਜ਼ਿਆਂ ਦਾ ਮੁੱਲ ਨਿਰਧਾਰਨ ਕਰਨ ਦੀ ਆਜ਼ਾਦੀ ਹੋਵੇ ਅਤੇ ਵਿਆਜ ਵਿਚ ਕਟੌਤੀ ਜਾਂ ਕਰਜ਼ਾ ਮੁਆਫ਼ੀ ਨੂੰ ਕਰਜ਼ਾ ਪ੍ਰਣਾਲੀ ਰਾਹੀਂ ਨਾ ਭੇਜਦਿਆਂ ਸਿੱਧਾ ਕਿਸਾਨਾਂ ਦੇ ਨਾਂ ਦਿਤਾ ਜਾਵੇ। ਜਿਥੋਂ ਤਕ ਨੈਤਿਕ ਜੋਖ਼ਮ ਅਤੇ ਉੱਚ ਕਾਰਗੁਜ਼ਾਰੀ ਵਾਲੇ ਦਿਹਾਤੀ ਕਰਜ਼ਦਾਰਾਂ ਨੂੰ ਆਪਣੇ ਕਰਜ਼ਾ ਸਮਰਥਾ ਸਾਬਤ ਕਰਨ ਅਤੇ ਕਰਜ਼ੇ ਦੀ ਘੱਟ ਲਾਗਤ ਅਤੇ ਵਧੇਰੀ ਮਿਕਦਾਰ ਦੇ ਮੁੱਦਿਆਂ ਨਾਲ ਨਜਿੱਠਣ ਦੀ ਗੱਲ ਹੈ, ਐੱਸ ਐੱਚ ਜੀ ਕਰਜ਼ੇ ਕਿਸਾਨ ਕਰੈਡਿਟ ਕਾਰਡ ਅਤੇ ਜਨਰਲ ਕਰੈਡਿਟ ਕਾਰਡ ਸਹੂਲਤ

ਸਮੇਤ ਸਾਰੀਆਂ ਮੂਲ ਏਜੰਸੀਆਂ ਨੂੰ ਸਾਰੇ ਕਰਜ਼ਿਆਂ ਦੀ ਕਰਜ਼ਾ ਬਿਊਰੋ ਨੂੰ ਰਿਪੋਰਟ ਕਰਨਾ ਲਾਜ਼ਮੀ ਕੀਤੇ ਜਾਣ ਦੀ ਲੋੜ ਹੈ, ਜਿਵੇਂ ਕਿ ਭਾਰਤੀ ਰਿਜ਼ਰਵ ਬੈਂਕ ਦੇ ਨੇਮਬੰਦੀ ਵਾਲੇ ਲਘੂ ਮਾਲੀ ਅਦਾਰਿਆਂ ਵਲੋਂ ਸਫਲ ਢੰਗ ਨਾਲ ਕੀਤਾ ਗਿਆ ਹੈ।

ਤਰਜੀਹੀ ਖੇਤਰਾਂ ਨੂੰ ਕਰਜ਼ੇ ਦੇਣ ਦੇ ਚਲਨ ਵਿਚ ਇਕਸਾਰਤਾ ਦਾ ਮੁੱਦਾ ਵੀ ਧਿਆਨ ਦੇਣ ਯੋਗ ਹੈ ਕਿਉਂਕਿ ਇਹ ਬੈਂਕਾਂ ਨੂੰ ਵਿਸ਼ੇਸ਼ ਖੇਤਰ ਜਾਂ ਇਲਾਕੇ ਲਈ ਮੂਲ ਸਮਰਥਾਵਾਂ ਵਿਕਸਤ ਕਰਨ ਵਿਚ ਰੁਕਾਵਟ, ਬਣਦਾ ਹੈ। ਇਕ ਅਨੁਕੂਲਿਤ ਤਰਜੀਹੀ ਖੇਤਰ ਕਰਜ਼ਾ ਪ੍ਰਣਾਲੀ ਜਿਸ ਤਹਿਤ ਕਿਸੇ ਖ਼ਾਸ ਬੈਂਕ ਨੂੰ ਆਪਣੀ ਚੋਣ ਮੁਤਾਬਕ ਕਿਸੇ ਇਕ ਜਾਂ ਵਧੇਰੇ ਖੇਤਰਾਂ ਜਾਂ ਇਲਾਕਿਆਂ 'ਤੇ ਧਿਆਨ ਕੇਂਦਰਤ ਕਰਨ ਦੀ ਇਜਾਜ਼ਤ ਦੇ ਕੇ ਵਧੇਰੇ ਮੁਸ਼ਕਿਲ ਖੇਤਰਾਂ ਅਤੇ ਜ਼ਿਲ੍ਹਿਆਂ ਉਪਰ ਵਾਧੂ ਧਿਆਨ ਦਿਤਾ ਜਾਂਦਾ ਹੈ, ਨਾਲ ਵੀ ਇਸ ਸਮੱਸਿਆ ਦਾ ਹੱਲ ਮਿਲ ਸਕਦਾ ਹੈ। ਜੇ ਨਾਲ ਦੀ ਨਾਲ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸਮੁੱਚੇ ਰੂਪ ਵਿਚ ਬੈਂਕਿੰਗ ਪ੍ਰਣਾਲੀ ਤਰਜੀਹੀ ਖੇਤਰ ਕਰਜ਼ਾ ਟੀਚਿਆਂ ਮੁਤਾਬਕ ਸੇਵਾਵਾਂ ਦਿੰਦੀ ਹੈ। ਅਜਿਹੀਆਂ ਸਕੀਮਾਂ ਤਹਿਤ ਜ਼ਿਲ੍ਹਾ ਪੱਧਰੀ ਦਰਜਾਬੰਦੀ ਵਲੋਂ ਅਤੇ ਖੇਤਰ ਪੱਧਰੀ ਤਰਜੀਹ ਕਿਸੇ ਵਿਸ਼ੇਸ਼ ਖੇਤਰ ਦੀ ਪੂਰੇ ਸਿਲਸਿਲੇ ਦੇ ਪ੍ਰਸੰਗ ਵਿਚ ਘੱਟ ਕਾਰਗੁਜ਼ਾਰੀ ਰਾਹੀਂ ਤੈ ਹੋਵੇਗੀ। ਬੈਂਕਾਂ ਨੂੰ ਬਿਨਾਂ ਮਾਪ ਵਾਲੇ ਪੀ ਐੱਸ ਐੱਲ ਦੇ 40 ਪ੍ਰਤਿਸ਼ਤ ਟੀਚੇ ਦੀ ਥਾਂ ਬਰਾਬਰੀ ਦੇ ਮਾਪ ਏ ਪੀ ਐੱਸ ਐੱਲ ਦੇ 50 ਪ੍ਰਤਿਸ਼ਤ ਵਾਲੇ ਟੀਚੇ ਨੂੰ ਪੂਰਾ ਕਰਨਾ ਹੋਵੇਗਾ ਅਤੇ ਕਰਜ਼ੇ ਅਤੇ ਪੂਰਤੀ ਦੀ ਲੋੜ ਵਿਚਲੇ ਖੱਪੇ ਨੂੰ ਪੂਰਨ ਲਈ ਪੀ ਐੱਸ ਐੱਲ ਦਾ 40 ਪ੍ਰਤਿਸ਼ਤ ਜਾ ਏ ਪੀ ਐੱਸ ਐੱਲ ਦਾ 50 ਪ੍ਰਤਿਸ਼ਤ ਟੀਚੇ ਨੂੰ ਤਿਮਾਹੀ ਤੇ ਖਾਤਿਆਂ ਵਿਚ ਦਿਖਾਉਣਾ ਹੋਵੇਗਾ ਨਾ ਕਿ ਮਾਰਚ ਦੇ ਅਖੀਰ ਵਿਚ।

ਆਮ ਖਪਤ ਅਤੇ ਬੇਜ਼ਮੀਨੇ ਕਿਰਤੀਆਂ ਦਰਮਿਆਨ ਪੱਖਪਾਤ ਵਾਲੀ ਪੀ ਐੱਸ ਐੱਲ ਨੀਤੀ ਦੀ ਘੋਖ ਕਰਨ ਤੇ ਹਟਾਏ ਜਾਣ ਦੀ ਵੀ ਲੋੜ ਹੈ। ਲੰਮੇ ਸਮੇਂ ਵਿਚ ਜਦ ਗਰੀਬੀ ਹਟਾਉਣ ਅਤੇ ਵਿਕਾਸ ਵਿਚ ਵਾਧੇ ਦੇ ਚਲਦਿਆਂ ਵੱਖ-ਵੱਖ ਖੇਤਰਾਂ ਦੀ ਅਹਿਮੀਅਤ ਵਿਚ ਬਦਲਾਅ ਆਉਂਦਾ ਹੈ, ਸਾਨੂੰ ਤਰਜੀਹੀ ਖੇਤਰਾਂ ਦੀ ਮੁੜ ਵਿਆਖਿਆ ਕਰਨੀ ਹੋਵੇਗੀ ਅਤੇ ਕੁੱਲ ਘੇਰਲੂ ਉਤਪਾਦ ਔਸਤ ਲਈ ਖੇਤਰੀ ਕਰਜ਼ੇ ਜਿਹੇ ਪੈਮਾਨੇ ਲੈਣੇ ਹੋਣਗੇ ਅਤੇ ਕਰਜ਼ੇ ਦੀ ਵਿਕਾਸ ਲਚਕ ਹੀ ਜ਼ਿੰਮੇਵਾਰੀ (ਬੋਝ) ਤੈ ਕਰੇਗੀ ਜਿਸ ਨੂੰ ਕਿ ਏ ਪੀ ਐੱਸ ਐੱਲ ਟੀਚੇ ਨਿਸ਼ਚਿਤ ਕਰਨ ਲਈ ਵਰਤਿਆ ਜਾਵੇਗਾ। ਅਜਿਹਾ ਹੋਣ ਲਈ ਹੋਰਨਾਂ ਗੱਲਾਂ ਤੋਂ ਇਲਾਵਾ, ਯੋਜਨਾ ਆਯੋਗ ਵਲੋਂ ਦੇਸ਼ ਦੇ ਹਰ ਜ਼ਿਲ੍ਹੇ ਲਈ ਸਰਕਾਰੀ ਤੌਰ ਤੇ ਕੁਝ ਘਰੇਲੂ ਉਤਪਾਦ ਲੜੀ ਛਾਪਣੀ ਹੋਵੇਗੀ ਅਤੇ ਹਰ ਜ਼ਿਲ੍ਹੇ ਅੰਦਰਲੇ ਮੁੱਖ ਖੇਤਰਾਂ ਲਈ ਵੀ ਅਜਿਹੇ ਅੰਕੜੇ ਦੇਣੇ ਹੋਣਗੇ ਅਤੇ ਰਿਜ਼ਰਵ ਬੈਂਕ ਨੂੰ ਤੁਲਨਾਤਮਕ ਕਰਜ਼ਾ ਅੰਕੜੇ ਦੇਣੇ ਹੋਣਗੇ ਤਾਂ ਜੋ ਇਹ ਪਰਖਣ ਸਟੀਕ ਰੂਪ ਵਿਚ ਹੋ ਸਕਣ। ਪੀ ਐੱਸ ਐੱਲ ਟੀਚਿਆਂ ਨੂੰ ਪ੍ਰਾਪਤ ਕਰਨ ਅਤੇ ਬੈਂਕ ਖਾਤਿਆਂ ਦਾ ਸਹੀ ਪ੍ਰਬੰਧਨ ਦੋਹਾਂ ਮੁੱਦਿਆਂ ਨਾਲ ਜੁੜੇ ਕਾਰਨਾਂ ਦੇ ਪੱਖੋਂ ਮਾਲੀ ਬਾਜ਼ਾਰ ਦੇ ਹਿੱਸੇਦਾਰਾਂ ਦਰਮਿਆਨ ਅਸਾਸਿਆਂ, ਜ਼ਿੰਮੇਵਾਰੀਆਂ ਅਤੇ ਜੋਖ਼ਮਾਂ ਦੇ ਸਰਗਰਮ ਤਬਾਦਲੇ ਲਈ ਮਜ਼ਬੂਤ ਬਾਜ਼ਾਰ ਵਿਕਸਤ ਕੀਤੇ ਜਾਣ ਦੀ ਲੋੜ ਹੈ। ਅਜਿਹੇ ਬਾਜ਼ਾਰ ਸਾਰੇ ਤਰ੍ਹਾਂ ਦੀਆਂ ਏਜੰਸੀਆਂ ਦੇ ਪੀ ਐੱਸ ਐੱਲ ਅਤੇ ਹੋਰ ਅਸਾਸਿਆਂ ਦੀ ਖਰੀਦ ਅਤੇ ਵਿੱਕਰੀ ਨੂੰ ਇੰਝ ਸੁਗਮ ਬਣਾਏਗੀ ਜੋ ਕਿ ਮਿਆਰ 'ਤੇ ਆਧਾਰਤ ਹੋਵੇਗਾ ਅਤੇ ਅਦਾਰਾਗਤ ਵਖਰੇਵਿਆਂ ਤੋਂ ਨਿਰਲੇਪ ਹੋਵੇਗਾ। ਇਸ ਸਮੇਂ ਅਜਿਹੇ ਬਾਜ਼ਾਰਾਂ ਦੀ ਅਣਹੋਂਦ ਕਾਰਨ ਬੈਂਕਾਂ ਨੂੰ ਪੀ ਐੱਸ ਐੱਲ ਟੀਚਿਆਂ ਦੀ ਪ੍ਰਾਪਤੀ ਦੀ ਸਹੀ ਕਾਰਗੁਜ਼ਾਰੀ ਨਾ ਦਿਖਾਉਣ ਬਦਲੇ ਭਾਰੀ ਜੁਰਮਾਨੇ ਬਰਦਾਸ਼ਤ ਕਰਨੇ ਪੈਂਦੇ ਹਨ।

*(ਲੇਖਕ ਪਹਿਲਾ, ਸੀ ਸੀ ਐੱਫ ਐੱਸ ਦਾ ਮੁਖੀ ਸੀ ਜਦ ਕਿ ਦੂਜੀ ਲੇਖਿਕਾ ਇਸ ਲੇਖ ਦੀ ਪੱਤਰਾਚਾਰਕ ਹੈ।)*

*e-mail :deepti.george@ifmr.co.in*

**ਯੋਜਨਾ (ਪੰਜਾਬੀ)**

- **ਅਪ੍ਰੈਲ 2014 – ਇਹ ਵਿਸ਼ੇਸ਼ ਅੰਕ *ਭਾਰਤੀ ਆਰਥਿਕਤਾ-ਕਾਰਗੁਜ਼ਾਰੀ, ਚੁਨੌਤੀਆਂ ਤੇ ਸੰਭਾਵਨਾਵਾਂ* ਉੱਤੇ ਕੇਂਦਰਿਤ ਹੋਵੇਗਾ।**
- **ਮਈ 2014 – ਇਹ ਅੰਕ *ਊਰਜਾ ਸੁਰੱਖਿਆ* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹100, ਦੋ ਸਾਲ : ₹180, ਤਿੰਨ ਸਾਲ : ₹250***

***ਸਾਰਕ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**

**(Advertisement & Circulation )**

**Publications Division, Ministry of Information and Broadcasting**

**East Block-IV, Level-VII, R.K. Puram**

**New Delhi-110066. (Tel.011-26100207)**

*email-pdjucir@gmail.com*

# ਭਾਰਤ ਵਿਚ ਪ੍ਰਸ਼ਾਸਨਿਕ ਸੁਧਾਰ

ਮਨੋਹਰ ਸਿੰਘ ਬਤਰਾ

ਭਾਰਤ ਵਿਚ ਪਹਿਲੇ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਦੀ ਸਥਾਪਨਾ 5 ਜਨਵਰੀ, 1966 ਨੂੰ ਸ੍ਰੀ ਮੁਰਾਰਜੀ ਦੇਸਾਈ ਦੀ ਪ੍ਰਧਾਨਗੀ ਹੇਠ ਕੀਤੀ ਗਈ ਸੀ, ਪਰ ਉਨ੍ਹਾਂ ਦੀ ਉਪ-ਪ੍ਰਧਾਨ ਮੰਤਰੀ ਵਜੋਂ ਨਿਯੁਕਤੀ ਮਗਰੋਂ, ਕਮਿਸ਼ਨ ਦੀ ਪ੍ਰਧਾਨਗੀ, ਸੰਸਦ ਮੈਂਬਰ ਸ੍ਰੀ ਕੇ. ਹਨੁਮਨਥੱਈਆ ਨੂੰ ਸੌਂਪ ਦਿਤੀ ਗਈ। ਇਸ ਕਮਿਸ਼ਨ ਨੂੰ ਜਿਨ੍ਹਾਂ ਮੁੱਦਿਆਂ 'ਤੇ ਵਿਚਾਰ ਕਰਨ ਲਈ ਕਿਹਾ ਗਿਆ, ਉਨ੍ਹਾਂ ਦੇ ਮਹੱਤਵਪੂਰਨ ਪੱਖ ਇਹ ਸਨ : ਭਾਰਤ ਸਰਕਾਰ ਦਾ ਢਾਂਚਾ ਅਤੇ ਇਸ ਦੀ ਕਾਰਜ-ਪ੍ਰਣਾਲੀ, ਹਰ ਪੱਧਰ 'ਤੇ ਯੋਜਨਾਬੰਦੀ ਦਾ ਢਾਂਚਾ, ਕੇਂਦਰ ਤੇ ਰਾਜਾਂ ਵਿਚਕਾਰ ਸੰਬੰਧ, ਮਾਲੀ ਬੰਦੋਬਸਤ, ਅਮਲੇ ਦਾ ਪ੍ਰਸ਼ਾਸਨ, ਜ਼ਿਲ੍ਹਿਆਂ ਦੀ ਪੱਧਰ 'ਤੇ ਪ੍ਰਸ਼ਾਸਨ, ਖੇਤੀਬਾੜੀ ਦਾ ਪ੍ਰਸ਼ਾਸਨ ਅਤੇ ਨਾਗਰਿਕਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਦੀਆਂ ਸਮੱਸਿਆਵਾਂ।

ਕਮਿਸ਼ਨ ਨੂੰ ਕਿਹਾ ਗਿਆ ਕਿ ਉਹ ਇਨ੍ਹਾਂ ਮਹਿਕਮਿਆਂ ਸੰਬੰਧੀ ਗਹਿਰੀ ਘੋਖ ਨਾ ਕਰੇ : ਰੱਖਿਆ, ਰੇਲਵੇ, ਵਿਦੇਸ਼ੀ ਮਾਮਲੇ, ਸੁਰੱਖਿਆ ਅਤੇ ਗੁਪਤਚਰੀ ਦੇ ਕਾਰਜ ਅਤੇ ਵਿੱਦਿਅਕ ਪ੍ਰਸ਼ਾਸਨਿਕ ਕੰਮ ਜੋ ਕਿਸੇ ਵੱਖਰੇ ਕਮਿਸ਼ਨ ਦੇ ਜ਼ਿੰਮੇ ਲਾਇਆ ਗਿਆ ਹੈ। ਪਰ ਕਮਿਸ਼ਨ, ਸਰਕਾਰ ਦੀ ਮੁਕੰਮਲ ਮਸ਼ੀਨਰੀ ਦੇ ਮੁੜ-ਗਠਨ ਦੀ ਸਿਫ਼ਾਰਸ਼ ਕਰਨ ਸਮੇਂ ਇਨ੍ਹਾਂ ਮਾਮਲਿਆਂ ਦੀਆਂ ਸਮੱਸਿਆਵਾਂ ਵੱਲ ਧਿਆਨ ਦੇ ਸਕਦਾ ਹੈ।

ਇਸ ਪਹਿਲੇ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਨੇ 1970ਵਿਆਂ ਦੇ ਮੱਧ ਵਿਚ ਹੇਠ ਲਿਖੇ ਮਾਮਲਿਆਂ ਸੰਬੰਧੀ ਆਪਣੀਆਂ ਰਿਪੋਰਟਾਂ ਪੇਸ਼ ਕੀਤੀਆਂ : ਨਾਗਰਿਕਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਦੇ ਮਸਲੇ, ਯੋਜਨਾਬੰਦੀ ਦਾ ਪ੍ਰਬੰਧਕੀ ਢਾਂਚਾ, ਸਰਬਜਨਕ ਖੇਤੀ ਦੇ ਕਾਰਖ਼ਾਨੇ, ਮਾਲੀ ਮਾਮਲੇ, ਹਿਸਾਬ-ਕਿਤਾਬ ਅਤੇ ਜਾਂਚ ਪੜਤਾਲ, ਯੋਜਨਾਬੰਦੀ ਦਾ ਪ੍ਰਬੰਧਕੀ ਢਾਂਚਾ (ਆਖ਼ਰੀ ਸਿਫ਼ਾਰਸ਼ ਰਿਪੋਰਟ), ਆਰਥਿਕ ਪ੍ਰਬੰਧ, ਭਾਰਤ ਸਰਕਾਰ ਦੀ ਮਸ਼ੀਨਰੀ ਅਤੇ ਇਸ ਦੇ ਕੰਮਕਾਜ ਦੇ ਤਰੀਕੇ, ਜੀਵਨ ਬੀਮਾ ਦਾ ਪ੍ਰਬੰਧਨ, ਕੇਂਦਰੀ ਸਿੱਧੇ ਕਰ ਦਾ ਪ੍ਰਬੰਧਨ, ਕੇਂਦਰੀ ਪ੍ਰਸ਼ਾਸਨਿਕ ਰਾਜਾਂ ਅਤੇ ਅਰੁਣਾਚਲ ਪ੍ਰਦੇਸ਼ (ਨੇਫ਼ਾ) ਦਾ ਪ੍ਰਸ਼ਾਸਨ, ਅਮਲੇ ਦਾ ਪ੍ਰਸ਼ਾਸਨ, ਵਿੱਤੀ ਤੇ ਪ੍ਰਸ਼ਾਸਨਿਕ ਅਖ਼ਤਿਆਰਾਂ ਦੀ ਸਪੁਰਦਗੀ, ਕੇਂਦਰ ਤੇ ਰਾਜਾਂ ਵਿਚਲੇ ਸੰਬੰਧ, ਰਾਜਾਂ ਵਿਚ ਪ੍ਰਸ਼ਾਸਨ, ਛੋਟੇ ਪੈਮਾਨੇ ਦੀਆਂ ਸੱਨਅਤਾਂ ਬਾਰੇ ਖੇਤਰ, ਰੇਲਵੇ, ਖ਼ਜ਼ਾਨੇ, ਭਾਰਤੀ ਰਿਜ਼ਰਵ ਬੈਂਕ, ਡਾਕ-ਤਾਰ ਮਹਿਕਮਾ ਅਤੇ ਵਿਗਿਆਨਕ ਮਹਿਕਮੇ।

ਉੱਪਰ ਦੱਸੀਆਂ ਰਿਪੋਰਟਾਂ ਵਿਚ 537 ਵੱਡੀਆਂ ਸਿਫ਼ਾਰਸ਼ਾਂ ਕੀਤੀਆਂ ਗਈਆਂ। ਕੁਝ ਮੰਤਰਾਲਿਆਂ ਵਲੋਂ ਹਾਸਲ ਕੀਤੀਆਂ ਗਈਆਂ, ਕੰਮ ਸਿਰੇ ਚਾੜ੍ਹਨ ਸੰਬੰਧੀ ਸੂਚਨਾਵਾਂ ਦੇ ਆਧਾਰ 'ਤੇ ਨਵੰਬਰ 1977 ਵਿਚ ਸੰਸਦ ਸਾਹਮਣੇ ਰਿਪੋਰਟ ਰਖੀ ਗਈ।

ਦੂਜਾ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ 5 ਅਗਸਤ 2005 ਨੂੰ ਸਥਾਪਤ ਕੀਤਾ ਗਿਆ ਜਿਸ ਦੇ ਮੁਖੀ ਸ੍ਰੀ ਵੀਰੱਪਾ ਮੋਇਲੀ ਸਨ। ਇਸ ਦਾ ਮਨੋਰਥ ਦੇਸ਼ ਵਿਚ ਹਰ ਪੱਧਰ 'ਤੇ ਸਰਕਾਰੀ ਪ੍ਰਸ਼ਾਸਨ ਨੂੰ ਸੁਧਾਰਵਾਦੀ, ਜ਼ਿੰਮੇਵਾਰ, ਜਵਾਬਦੇਹ ਅਤੇ ਸਤਰਕ ਬਣਾਉਣਾ ਸੀ। ਇਸ ਕਮਿਸ਼ਨ ਨੂੰ ਇਨ੍ਹਾਂ ਗੱਲਾਂ ਵੱਲ ਉਚੇਚਾ ਧਿਆਨ ਦੇਣ ਲਈ ਕਿਹਾ ਗਿਆ :

ਭਾਰਤ ਸਰਕਾਰ ਦਾ ਪ੍ਰਬੰਧਕੀ ਢਾਂਚਾ, ਰਾਜ ਪ੍ਰਬੰਧ ਵਿਚ ਸਦਾਚਾਰ, ਕਰਮਚਾਰੀ ਵਰਗ ਦੇ ਪ੍ਰਸ਼ਾਸਨ ਨੂੰ ਹੋਰ ਲਿਸ਼ਕਾਉਣਾ, ਵਿੱਤੀ, ਪ੍ਰਬੰਧਨ ਦੀਆਂ ਪ੍ਰਣਾਲੀਆਂ ਦੀ ਮਜ਼ਬੂਤੀ, ਰਾਜਾਂ ਦੀ ਪੱਧਰ 'ਤੇ ਅਸਰਦਾਰ ਪ੍ਰਸ਼ਾਸਨ ਲਈ ਕਦਮ, ਜ਼ਿਲ੍ਹਿਆਂ ਦੀ ਪੱਧਰ 'ਤੇ ਅਸਰਦਾਰ ਪ੍ਰਸ਼ਾਸਨ, ਨਗਰ ਪਾਲਿਕਾਵਾਂ/ਪੰਚਾਇਤੀ ਰਾਜ ਅਦਾਰੇ, ਸਮਾਜਿਕ ਸਰਮਾਇਆ ਅਤੇ ਟਰੱਸਟ, ਨਾਗਰਿਕ ਕੇਂਦਰਿਤ ਪ੍ਰਸ਼ਾਸਨ, ਈ-ਗਵਰਨੈਂਸ ਦਾ ਵਿਸਤਾਰ, ਸੰਘੀ ਪ੍ਰਸ਼ਾਸਨ ਦੇ ਮਾਮਲੇ, ਸੰਕਟ ਪ੍ਰਬੰਧਨ ਅਤੇ ਅਮਨ-ਅਮਾਨ। ਕਮਿਸ਼ਨ ਨੂੰ ਰੱਖਿਆ, ਰੇਲਵੇ, ਵਿਦੇਸ਼ੀ ਮਾਮਲਿਆਂ, ਕੇਂਦਰ-ਰਾਜਾਂ ਦੇ ਸੰਬੰਧਾਂ ਆਦਿ ਵੱਲ ਧਿਆਨ ਨਾ ਦੇਣ ਲਈ ਕਿਹਾ ਗਿਆ ਪਰ ਨਾਲ ਇਹ ਵੀ ਸੁਝਾਅ ਦਿਤਾ ਗਿਆ ਕਿ ਜੇਕਰ ਲੋੜ ਪਵੇ ਤਾਂ ਸਰਕਾਰੀ ਪੁਨਰ-ਸਿਰਜਣਾ ਲਈ ਇਨ੍ਹਾਂ ਮਾਮਲਿਆਂ 'ਤੇ ਵੀ ਨਜ਼ਰ ਪਾਈ ਜਾ ਸਕੇ।

ਦੂਜੇ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਨੂੰ ਸੁਝਾਅ ਦਿਤਾ ਗਿਆ ਕਿ ਜੇ ਉਹ ਚਾਹੇ ਤਾਂ ਉਹ ਕਮੇਟੀਆਂ ਬਣਾ ਸਕਦਾ ਹੈ ਅਤੇ ਸਲਾਹਕਾਰ ਨਿਯੁਕਤ ਕਰ ਸਕਦਾ ਹੈ। ਸਰਕਾਰ ਦੇ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਚਾਹੀਦਾ ਹੈ ਕਿ ਉਹ ਕਮਿਸ਼ਨ ਨੂੰ ਹਰ ਤਰ੍ਹਾਂ ਦੀ ਲੋੜੀਂਦੀ ਸੂਚਨਾ, ਦਸਤਾਵੇਜ਼ ਅਤੇ ਹੋਰ ਸਹਾਇਤਾ ਮੁਹੱਈਆ ਕਰਨ।

ਦੂਜੇ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਨੇ ਹੇਠ ਲਿਖੀਆਂ ਸਿਫ਼ਾਰਸ਼ਾਂ ਵਾਲੀਆਂ ਰਿਪੋਰਟਾਂ ਸਰਕਾਰ ਅੱਗੇ ਪੇਸ਼ ਕੀਤੀਆਂ ਹਨ : ਸੂਚਨਾ ਦਾ ਅਧਿਕਾਰ, ਮਨੁੱਖੀ ਸਰਮਾਇਆ, ਆਫ਼ਤ ਪ੍ਰਬੰਧਨ-ਨਿਰਾਸ਼ਾ ਤੋਂ ਆਸ਼ਾ ਤਕ, ਰਾਜ ਪ੍ਰਬੰਧ ਵਿਚ ਸਦਾਚਾਰ, ਅਮਨ-ਅਮਾਨ, ਸਭ ਲਈ ਨਿਆਂ, ਸਥਾਨਕ ਪ੍ਰਬੰਧਨ, ਝਗੜੇ ਨਿਪਟਾਉਣ ਲਈ ਸਮਰੱਥਾ ਜੁਟਾਉਣਾ, ਆਤੰਕਵਾਦ ਦਾ ਮੁਕਾਬਲਾ, ਸਮਾਜਿਕ ਸਰਮਾਇਆ-ਸਾਂਝੀ ਤਕਦੀਰ, ਅਮਲੇ ਦਾ ਪ੍ਰਸ਼ਾਸਨ – ਨਵੀਆਂ ਉੱਚਾਈਆਂ ਨੂੰ ਛੋਹਣਾ, ਈ-ਗਵਰਨਿੰਗ ਵਿਚ ਵਾਧਾ – ਨਵੀਨ ਤਰੀਕਾ ਅਗਾਂਹ ਵੱਲ, ਨਾਗਰਿਕ

ਕੇਂਦਰੀ ਪ੍ਰਸ਼ਾਸਨ, ਭਾਰਤ ਸਰਕਾਰ ਦਾ ਜਥੇਬੰਦਕ ਢਾਂਚਾ, ਮਾਲੀ ਪ੍ਰਬੰਧਨ ਪ੍ਰਣਾਲੀਆਂ ਦੀ ਮਜ਼ਬੂਤੀ ਅਤੇ ਰਾਜਾਂ ਤੇ ਜ਼ਿਲ੍ਹਿਆਂ ਦਾ ਪ੍ਰਸ਼ਾਸਨ।

ਸਰਕਾਰ ਨੇ ਇਨ੍ਹਾਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ 30 ਮਾਰਚ, 2007 ਨੂੰ ਵਿਦੇਸ਼ ਮੰਤਰੀ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ ਅਤੇ ਆਦੇਸ਼ ਦਿਤਾ ਕਿ ਉਹ ਇਨ੍ਹਾਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ ਦੀ ਰਹਿਨੁਮਾਈ ਕਰੇ। 21 ਅਗਸਤ, 2009 ਨੂੰ ਪ੍ਰਧਾਨਗੀ, ਵਿੱਤ ਮੰਤਰੀ ਨੂੰ ਸੌਂਪ ਦਿਤੀ ਗਈ।

ਪ੍ਰਸ਼ਾਸਨਿਕ ਸੁਧਾਰ ਕਈ ਤਰ੍ਹਾਂ ਦੇ ਹਨ ਜਿਵੇਂ ਕਿ ਰਾਜਨੀਤਕ, ਕਾਨੂੰਨੀ, ਸੰਸਥਾਨਕ, ਤਕਨੀਕੀ, ਅਮਲੇ ਬਾਰੇ, ਮਾਲੀ, ਸਮਾਜਿਕ ਅਤੇ ਮਨੋ-ਵਿਗਿਆਨਕ ਆਦਿ।

ਸੁਧਾਰਾਂ ਦੇ ਰਾਸ਼ਟਰੀ ਪੱਖਾਂ ਤੋਂ ਇਲਾਵਾ, ਅੰਤਰਰਾਸ਼ਟਰੀ ਅਦਾਰਿਆਂ ਦੀ ਭੂਮਿਕਾ ਵੀ ਮਹੱਤਤਾ ਰੱਖਦੀ ਹੈ, ਜਿਵੇਂ ਕਿ ਸੰਯੁਕਤ ਰਾਸ਼ਟਰ, ਯੂਰਪੀਨ ਯੂਨੀਅਨ, ਵਿਸ਼ਵ ਬੈਂਕ, ਅੰਤਰਰਾਸ਼ਟਰੀ ਵਿੱਤੀ ਫ਼ੰਡ ਆਦਿ।

**ਸਰਬਜਨਕ ਪ੍ਰਸ਼ਾਸਨ ਵਿਚ ਪਹਿਲਾ ਸੁਧਾਰ ਉਦੋਂ ਹੋਇਆ ਜਦੋਂ ਆਜ਼ਾਦੀ ਮਗਰੋਂ ਹਰ ਬਾਲਗ ਨੂੰ ਵੋਟ ਦਾ ਅਧਿਕਾਰ ਦੇ ਕੇ ਸੰਸਦੀ ਪ੍ਰਣਾਲੀ ਦੇ ਆਧਾਰ 'ਤੇ ਸਰਕਾਰ ਕਾਇਮ ਕੀਤੀ ਗਈ। ਉਸ ਤੋਂ ਮਗਰੋਂ ਸਿਵਲ ਸੇਵਾਵਾਂ ਦੇ ਮੈਂਬਰ ਚੁਣੀਆਂ ਹੋਈਆਂ ਸਰਕਾਰਾਂ ਦੇ ਤਹਿਤ ਕੰਮ ਕਰਨ ਲੱਗ ਪਏ ਅਤੇ ਉਨ੍ਹਾਂ ਨੇ ਸਰਕਾਰ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਅਮਲ ਵਿਚ ਲਿਆਉਣਾ ਸ਼ੁਰੂ ਕੀਤਾ। ਨਾਲ ਹੀ ਇਨ੍ਹਾਂ ਨੇ ਜਨਤਾ ਨੂੰ ਸੇਵਾਵਾਂ ਪ੍ਰਦਾਨ ਕਰਨੀਆਂ ਆਰੰਭ ਕੀਤੀਆਂ।**

ਉਸ ਤੋਂ ਮਗਰੋਂ ਵਿਕੇਂਦਰੀਕਰਨ ਕਰ ਕੇ ਨਗਰ ਪਾਲਿਕਾਵਾਂ ਆਦਿ ਨੂੰ ਸੰਵਿਧਾਨਕ ਦਰਜਾ ਦਿਤਾ ਗਿਆ, ਜਿਸ ਨਾਲ ਜਨਤਕ ਪ੍ਰਸ਼ਾਸਨ ਦੇ ਖੇਤਰ ਅਤੇ ਕਿਰਿਆ ਵਿਚ ਵਾਧਾ ਹੋਇਆ। ਜਦੋਂ ਯੋਜਨਾ ਆਯੋਗ ਅਤੇ ਵਿਕਾਸ ਯੋਜਨਾਵਾਂ ਦੀ ਸ਼ੁਰੂਆਤ ਹੋਈ ਤਾਂ ਨਾਕਾਫ਼ੀ ਅਤੇ ਕਮਜ਼ੋਰ ਪ੍ਰਸ਼ਾਸਨਿਕ ਪ੍ਰਣਾਲੀ ਦਾ ਭੇਦ ਖੁੱਲ੍ਹਿਆ। ਇਸ ਤਰ੍ਹਾਂ, ਪਹਿਲੀ ਪੰਜ ਸਾਲਾ ਯੋਜਨਾ ਦੇ ਨਾਲ ਹੀ ਸੁਧਾਰਾਂ ਦੀ ਗੱਲ ਚੱਲ ਪਈ।

ਪ੍ਰਸ਼ਾਸਨਿਕ ਸੁਧਾਰਾਂ ਲਈ ਜਿਹੜੇ ਮੁੱਖ ਮੰਤਵ ਸਾਹਮਣੇ ਆਏ, ਉਨ੍ਹਾਂ ਵਿਚ ਕੁਸ਼ਲਤਾ, ਕਿਫ਼ਾਇਤ, ਵਿਸ਼ੇਸ਼ਗਤਾ, ਅਸਰਦਾਰ ਮਿਲਵਰਤਨ ਅਤੇ ਸਹਿਯੋਗ, ਅਮਲੇ ਦਾ ਪ੍ਰਬੰਧਨ ਅਤੇ ਵਿਕਾਸ, ਜ਼ਿੰਮੇਵਾਰੀ ਅਤੇ ਭ੍ਰਿਸ਼ਟਾਚਾਰ ਸ਼ਾਮਿਲ ਸਨ।

1951 ਵਿਚ ਯੋਜਨਾ ਆਯੋਗ ਵਲੋਂ ਏ.ਡੀ. ਗੋਰਵਾਲਾ ਕਮੇਟੀ ਨਿਯੁਕਤ ਕੀਤੀ ਗਈ ਅਤੇ 1953 ਵਿਚ ਐਪਲਬੀ ਕਮਿਸ਼ਨ ਕਾਇਮ ਕੀਤਾ ਗਿਆ, ਜਿਨ੍ਹਾਂ ਨੇ ਯੋਜਨਾਬਧ ਵਿਕਾਸ ਬਾਰੇ ਆਪਣੀਆਂ ਰਿਪੋਰਟਾਂ ਪੇਸ਼ ਕੀਤੀਆਂ। ਫਿਰ 1956 ਵਿਚ ਯੋਜਨਾ ਕਮਿਸ਼ਨ ਵਲੋਂ ਯੋਜਨਾਬਧ ਪ੍ਰਾਜੈਕਟਾਂ ਸੰਬੰਧੀ ਇਕ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਦਾ ਮਨੋਰਥ ਪ੍ਰਾਜੈਕਟਾਂ ਦਾ ਅਧਿਐਨ ਕਰਨਾ ਸੀ ਤਾਂ ਜੋ ਅਜਿਹੇ ਮਿਆਰ ਕਾਇਮ ਕੀਤੇ ਜਾ ਸਕਣ ਅਤੇ ਤਕਨੀਕਾਂ ਅਪਣਾਈਆਂ ਜਾ ਸਕਣ, ਜਿਨ੍ਹਾਂ ਦੁਆਰਾ ਸਾਧਨਾਂ ਦੇ ਜ਼ਾਇਆ ਹੋਣ ਨੂੰ ਬਚਾਇਆ ਜਾ ਸਕੇ ਅਤੇ ਪ੍ਰਾਜੈਕਟ ਚੰਗੀ ਤਰ੍ਹਾਂ ਸਿਰੇ ਚੜ੍ਹ ਸਕਣ। ਇਹ ਕਮੇਟੀ ਆਪਣੀ ਭੂਮਿਕਾ ਚੰਗੀ ਤਰ੍ਹਾਂ ਨਿਭਾਉਣ ਮਗਰੋਂ ਸੰਨ 1970 ਵਿਚ ਇਕ ਵੱਖਰੀ ਇਕਾਈ ਵਜੋਂ ਬੰਦ ਕਰ ਦਿਤੀ ਗਈ।

ਭ੍ਰਿਸ਼ਟਾਚਾਰ ਰੋਕਣ ਲਈ ਬਣਾਈ ਗਈ ਸੰਥਾਨਮ ਕਮੇਟੀ ਨੇ 1964 ਵਿਚ ਦਿਤੀ ਆਪਣੀ ਰਿਪੋਰਟ ਵਿਚ ਕਿਹਾ ਕਿ ਭ੍ਰਿਸ਼ਟਾਚਾਰ ਦਾ ਰੋਗ ਕੇਵਲ ਜਨਤਕ ਸੇਵਾ ਦੀ ਹੇਠਲੀ ਪੱਧਰ ਤਕ ਨਹੀਂ ਫ਼ੈਲਿਆ ਹੋਇਆ, ਇਹ ਤਾਂ ਸਰਬਵਿਆਪੀ ਹੈ। ਇਸ ਲਈ ਉਨ੍ਹਾਂ ਨੇ ਇਕ ਕੇਂਦਰੀ ਜਾਗਰੂਕਤਾ ਕਮਿਸ਼ਨ (ਸੈਂਟਰਲ ਵਿਜ਼ੀਲੈਂਸ ਕਮਿਸ਼ਨ) ਦੀ ਸਥਾਪਨਾ ਦੀ ਸਿਫ਼ਾਰਿਸ਼ ਕੀਤੀ। ਨਾਲ ਇਹ ਵੀ ਕਿਹਾ ਕਿ ਸਾਰੇ ਮੰਤਰੀਆਂ ਅਤੇ ਰਾਜਾਂ ਦੇ ਮੁੱਖ ਮੰਤਰੀਆਂ ਲਈ ਇਕ ਕੋਡ ਅਰਥਾਤ ਨਿਯਮਾਵਲੀ ਹੋਣੀ ਚਾਹੀਦੀ ਹੈ। ਪਰ ਹੋਇਆ ਇਹ ਕਿ ਕੇਂਦਰੀ ਜਾਗਰੂਕਤਾ ਕਮਿਸ਼ਨ ਦੇ ਖੰਭ ਕੁਤਰ ਦਿਤੇ ਗਏ ਅਤੇ ਕਿਸੇ ਵੀ ਅਫ਼ਸਰ ਦੇ ਵਿਰੁੱਧ ਕਾਰਵਾਈ ਕਰਨ ਤੋਂ ਪਹਿਲਾਂ ਉਸ ਦੇ ਮੰਤਰਾਲੇ ਜਾਂ ਵਿਭਾਗ ਤੋਂ ਇਜਾਜ਼ਤ ਲੈਣੀ ਪੈਂਦੀ ਹੈ। ਹਾਲੀਂ ਤਕ ਸੀ.ਬੀ.ਆਈ. ਵੀ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੋਈ। ਉਹ ਹੁਣ ਤਕ ਕਾਫ਼ੀ ਹੱਦ ਤਕ ਸਰਕਾਰ 'ਤੇ ਨਿਰਭਰ ਹੈ। ਇਕ ਬਹੁਤ ਢੁਕਵੀਂ ਗੱਲ ਇਹ ਵਾਪਰੀ ਹੈ ਕਿ ਸੰਸਦ ਨੇ ਲੋਕਪਾਲ ਬਿਲ ਬਾਰੇ ਹੁੰਗਾਰਾ ਭਰਿਆ ਹੈ ਅਤੇ ਰਾਜਾਂ ਵਿਚ ਵੀ ਲੋਕ-ਆਯੁਕਤਾਂ ਦੀ ਸਥਾਪਨਾ ਦਾ ਰਾਹ ਖੁੱਲ੍ਹ ਗਿਆ ਹੈ।

**ਆਰਥਿਕ ਪ੍ਰਸ਼ਾਸਨਿਕ ਸੁਧਾਰਾਂ ਬਾਰੇ ਐੱਲ ਕੇ. ਝਾ ਕਮਿਸ਼ਨ ਦਾ ਸੁਝਾਅ ਸੀ ਕਿ ਅਫ਼ਸਰਾਂ ਆਦਿ ਦੀ ਜ਼ਿੰਮੇਵਾਰੀ ਵੱਲ ਜ਼ਿਆਦਾ ਧਿਆਨ ਦਿਤਾ ਜਾਵੇ ਨਾ ਕਿ ਕਾਇਦੇ ਕਾਨੂੰਨਾਂ ਅਤੇ ਦਸਤੂਰਾਂ ਵੱਲ। ਗੁਪਤਤਾ ਦਾ ਪਰਦਾ ਹਟਾਇਆ ਜਾਵੇ ਅਤੇ ਜਨਤਾ ਨਾਲ ਜ਼ਿਆਦਾ ਵਿਚਾਰ-ਵਟਾਂਦਰਾ ਕੀਤਾ ਜਾਵੇ। ਸਰਕਾਰੀ ਖੇਤਰ ਦੇ ਕਾਰਖ਼ਾਨਿਆਂ ਆਦਿ ਵਿਚੋਂ ਪੂੰਜੀ ਨਿਵੇਸ਼ ਘਟਾਉਣ ਕਾਰਨ ਉਨ੍ਹਾਂ ਅਦਾਰਿਆਂ ਦੀ ਯੋਗਤਾ ਵਿਚ ਵਾਧਾ ਹੋਇਆ ਹੈ ਅਤੇ ਉਨ੍ਹਾਂ ਦਾ ਪ੍ਰਸ਼ਾਸਨ ਵੀ ਜ਼ਿਆਦਾ ਅਸਰਦਾਰ ਹੋ ਗਿਆ ਹੈ।**

ਸ੍ਰੀ ਵੀਰੱਪਾ ਮੋਇਲੀ ਦੀ ਪ੍ਰਧਾਨਗੀ ਵਾਲੇ ਦੂਜੇ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਕਿ ਜਿਹੜੇ ਨੌਜਵਾਨ ਸਿਵਲ ਸੇਵਾਵਾਂ ਵਿਚ ਪ੍ਰਵੇਸ਼ ਕਰਨ ਦੇ ਇੱਛੁਕ ਹੋਣ, ਉਨ੍ਹਾਂ ਵਾਸਤੇ ਜਨਤਕ ਪ੍ਰਸ਼ਾਸਨ ਜ਼ਰੂਰੀ ਵਿਸ਼ਾ ਬਣਾਇਆ ਜਾਣਾ ਚਾਹੀਦਾ ਹੈ। ਨਾਲ ਹੀ ਜਨਤਕ ਪ੍ਰਸ਼ਾਸਨ ਦੇ ਰਾਸ਼ਟਰੀ ਸੰਸਥਾਨ ਅਤੇ ਕੇਂਦਰੀ ਸੇਵਾਵਾਂ ਸੰਬੰਧੀ ਅਥਾਰਿਟੀ ਦੀ ਸਥਾਪਨਾ ਵੀ ਕੀਤੀ ਜਾਣੀ ਚਾਹੀਦੀ ਹੈ।

1976 ਵਿਚ ਡੀ.ਐੱਸ. ਕੋਠਾਰੀ ਕਮੇਟੀ ਨੇ ਇਕ ਰਿਪੋਰਟ ਦਿਤੀ, ਜਿਸ ਦਾ ਸੰਬੰਧ ਭਰਤੀ ਕਰਨ ਦੀ ਨੀਤੀ ਅਤੇ ਚੋਣ ਕਰਨ ਦੇ ਢੰਗਾਂ ਨਾਲ ਸੀ। ਇਕ ਵੱਡੀ ਤਬਦੀਲੀ ਦੀ ਸਿਫ਼ਾਰਸ਼ ਕੀਤੀ ਗਈ। ਇਸ ਸਿਫ਼ਾਰਸ਼ ਵਿਚ ਕਿਹਾ ਗਿਆ ਕਿ ਪ੍ਰੀਖਿਆ ਦੇ ਦੋ ਪੜਾਅ ਹੋਣੇ ਚਾਹੀਦੇ ਹਨ - ਇਕ ਆਰੰਭਿਕ ਪੜਾਅ ਅਤੇ ਦੂਜਾ ਅਸਲੀ ਇਮਤਿਹਾਨ ਦਾ ਪੜਾਅ। ਇਸ ਕਮੇਟੀ ਨੇ ਸਿਵਲ ਸੇਵਾਵਾਂ ਲਈ ਸਿਖਲਾਈ ਵਿਚ

ਤਬਦੀਲੀਆਂ ਦੇ ਸੁਝਾਅ ਵੀ ਦਿਤੇ।

ਕਈ ਅਜਿਹੇ ਕਮਿਸ਼ਨ ਅਤੇ ਕਮੇਟੀਆਂ ਸਥਾਪਤ ਕੀਤੀਆਂ ਗਈਆਂ, ਜਿਹੜੀਆਂ ਮਨੁੱਖੀ ਵਸੀਲਿਆਂ ਦੇ ਵਿਕਾਸ ਬਾਰੇ ਸਿਫ਼ਾਰਸ਼ਾਂ ਕਰਦੀਆਂ ਰਹੀਆਂ। ਉਨ੍ਹਾਂ ਸਿਫ਼ਾਰਸ਼ਾਂ ਦਾ ਸੰਬੰਧ ਤਰੱਕੀਆਂ ਅਤੇ ਨੌਕਰੀਆਂ ਦੀਆਂ ਸ਼ਰਤਾਂ ਤੇ ਹਾਲਾਤ ਨਾਲ ਵੀ ਸੀ।

**ਕੇਂਦਰ ਤੇ ਰਾਜਾਂ ਵਿਚਕਾਰ ਸੰਬੰਧਾਂ ਬਾਰੇ ਇਕ ਕੇਂਦਰੀ ਕਮਿਸ਼ਨ ਸੰਨ 1983 ਵਿਚ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਸਥਾਪਤ ਕੀਤਾ ਗਿਆ। ਇਸ ਦੇ ਮੁਖੀ ਸੁਪਰੀਮ ਕੋਰਟ ਦੇ ਜੱਜ ਸ੍ਰੀ ਆਰ ਐੱਸ ਸਰਕਾਰੀਆ ਸਨ। ਇਸ ਕਮਿਸ਼ਨ ਦੇ ਕੇਂਦਰ ਤੇ ਰਾਜਾਂ ਦੇ ਸੰਬੰਧਾਂ ਵਿਚ ਪ੍ਰਸ਼ਾਸਨਿਕ ਸੁਧਾਰਾਂ ਬਾਰੇ ਸੋਚ ਵਿਚਾਰ ਕੀਤਾ ਅਤੇ ਨਾਲ ਹੀ ਕੁੱਲ-ਹਿੰਦ ਸੇਵਾਵਾਂ ਸੰਬੰਧੀ ਸੁਝਾਅ ਦਿਤੇ। ਸੰਵਿਧਾਨ ਦੀ ਧਾਰਾ 256 ਵਿਚ ਕਿਹਾ ਗਿਆ ਹੈ ਕਿ ਕਿਸੇ ਵੀ ਰਾਜ ਦੀ ਕਾਰਜਕਾਰੀ ਸ਼ਕਤੀ ਦੀ ਵਰਤੋਂ ਇਸ ਤਰ੍ਹਾਂ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਭਾਰਤ ਦੀ ਸੰਸਦ ਵਲੋਂ ਪਾਸ ਕੀਤੇ ਗਏ ਕਾਨੂੰਨਾਂ 'ਤੇ ਅਮਲ ਨੂੰ ਯਕੀਨੀ ਬਣਾਏ।**

ਸੰਵਿਧਾਨ ਦੀ ਧਾਰਾ 257 ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਕਿਹੋ ਜਿਹੇ ਕਾਰਜਾਂ ਵਿਚ ਸੰਸਦੀ ਕਾਨੂੰਨਾਂ ਦੀ ਰਾਜਾਂ ਵਲੋਂ ਪਾਸ ਕੀਤੇ ਗਏ ਕਾਨੂੰਨਾਂ ਦੇ ਮੁਕਾਬਲੇ ਉੱਚਤਾ ਜ਼ਰੂਰੀ ਹੈ। ਮਿਸਾਲ ਦੇ ਤੌਰ ਤੇ, ਸੰਚਾਰਨ ਦੇ ਵਸੀਲਿਆਂ ਦੀ ਸਥਾਪਨਾ, ਰਾਸ਼ਟਰੀ ਸ਼ਾਹਰਾਹਾਂ ਅਤੇ ਜਲ-ਸਰੋਤਾਂ, ਵਿਸ਼ੇਸ਼ ਰੂਪ ਵਿਚ ਉਹ ਜਿਹੜੇ ਰਾਸ਼ਟਰੀ ਜਾਂ ਸੈਨਿਕ ਮਹੱਤਤਾ ਵਾਲੇ ਹੋਣ। ਧਾਰਾ 365 ਵਿਚ ਪ੍ਰਾਵਧਾਨ ਹੈ ਕਿ ਜੇ ਰਾਜ ਪੂਰੀ ਤਰ੍ਹਾਂ ਸਾਵਧਾਨ ਨਾ ਹੋਣ ਤਾਂ ਕੇਂਦਰ ਸਰਕਾਰ ਉਨ੍ਹਾਂ ਨੂੰ ਮਜਬੂਰ ਕਰ ਸਕਦੀ ਹੈ ਕਿ ਉਹ ਸੰਵਿਧਾਨ ਦੀ ਪਾਲਣਾ ਕਰਨ। ਇਕ ਗੱਲ ਜ਼ਰੂਰ ਮੰਨਣੀ ਪਵੇਗੀ ਕਿ ਕੇਂਦਰ ਦੀ ਝੋਲੀ ਪਏ ਜਾਂ ਕੇਂਦਰ ਅਤੇ ਰਾਜਾਂ ਦੇ ਸਾਂਝੇ ਖੇਤਰ ਵਿਚ ਆਏ ਕਾਨੂੰਨਾਂ ਦੀ ਪਾਲਣਾ ਕੇਵਲ ਰਾਜਾਂ ਦੀਆਂ ਸਰਕਾਰਾਂ ਦੁਆਰਾ ਹੀ ਕਾਰਵਾਈ ਜਾ ਸਕਦੀ ਹੈ। ਘੋਖ ਕਰਨ ਤੋਂ ਬਾਅਦ ਕਮਿਸ਼ਨ ਇਸ ਸਿੱਟੇ 'ਤੇ ਪਹੁੰਚਿਆ ਕਿ ਇਨ੍ਹਾਂ ਫ਼ਾਇਦੇਮੰਦ ਪ੍ਰਾਵਧਾਨਾਂ ਦੁਆਰਾ ਕੇਂਦਰ ਤੇ ਰਾਜਾਂ ਵਿਚਕਾਰ ਚੰਗਾ ਤਾਲਮੇਲ ਰਖਿਆ ਜਾ ਸਕਦਾ ਹੈ। ਪਰ ਇਹ ਵੀ ਜ਼ਰੂਰੀ ਹੈ ਕਿ ਧਾਰਾ 365 ਨੂੰ ਲਾਗੂ ਕਰਨ ਤੋਂ ਪਹਿਲਾਂ ਹੋਰ ਸਾਰੇ ਢੰਗ ਤਰੀਕੇ ਅਪਣਾ ਲਏ ਜਾਣ।

ਸਰਬ-ਭਾਰਤ ਸੇਵਾਵਾਂ ਸੰਬੰਧੀ ਜਾਇਜ਼ੇ ਸਮੇਂ ਸਰਕਾਰੀਆ ਕਮਿਸ਼ਨ ਨੇ ਮੰਨਿਆ ਕਿ ਭਾਵੇਂ ਰਾਜ ਸਰਕਾਰਾਂ, ਭਾਰਤੀ ਸੰਵਿਧਾਨ ਘਾੜਿਆਂ ਦੀ ਇਸ ਆਸ ਤੋਂ ਸੰਤੁਸ਼ਟ ਹਨ ਕਿ ਸੇਵਾਵਾਂ ਆਪਣੇ ਫ਼ਰਜ਼ ਨਿਭਾਉਣ ਵਿਚ ਖਰੀਆਂ ਉਤਰੀਆਂ ਹਨ, ਪਰ ਕੁਝ ਰਾਜ ਸਰਕਾਰਾਂ ਕਾਫ਼ੀ ਅਸੰਤੁਸ਼ਟ ਹਨ ਕਿਉਂਕਿ ਉਨ੍ਹਾਂ ਨੂੰ ਆਸ ਸੀ ਕਿ ਜੇ ਸੇਵਾਵਾਂ ਉੱਪਰ ਕੇਂਦਰ ਅਤੇ ਰਾਜ ਸਰਕਾਰਾਂ ਦੋਹਾਂ ਦਾ ਸਾਂਝਾ ਅਨੁਸ਼ਾਸਨੀ ਨਿਯੰਤ੍ਰਣ ਹੁੰਦਾ ਤਾਂ ਬਹੁਤ ਚੰਗਾ ਹੁੰਦਾ। ਪਰ ਹੁਣ ਕੇਂਦਰ ਦਾ ਪੱਲੜਾ ਭਾਰੀ ਹੈ। ਸਰਕਾਰੀਆ ਕਮਿਸ਼ਨ ਨੂੰ ਇਸ ਵਿਚ ਜ਼ਿਆਦਾ ਦੋਸ਼ ਰਾਜ ਸਰਕਾਰਾਂ ਵਿਚ ਨਜ਼ਰੀ ਆਇਆ, ਕਿਉਂਕਿ ਉਨ੍ਹਾਂ ਦੇ ਅਫ਼ਸਰ ਆਪਣੇ ਵਡੇਰੇ ਰਾਜਨੀਤੀਗਾਂ ਨਾਲ ਇਕਸੁਰ ਹੋਣ ਤੋਂ ਕਤਰਾਉਂਦੇ ਸਨ। ਛੋਟੇ ਅਫ਼ਸਰਾਂ ਨੂੰ ਦੰਡ ਦੇ ਤੌਰ ਤੇ ਕਠਿਨ ਥਾਵਾਂ 'ਤੇ ਬਦਲ ਦਿਤਾ ਜਾਂਦਾ ਸੀ, ਛੇਤੀ-ਛੇਤੀ ਬਦਲੀਆਂ ਕਰ ਦਿਤੀਆਂ ਜਾਂਦੀਆਂ ਸਨ ਅਤੇ ਨਿੱਕੀ-ਨਿੱਕੀ ਗੱਲ 'ਤੇ ਮੁਅੱਤਲ ਕਰ ਦਿਤਾ ਜਾਂਦਾ ਸੀ। ਕਈ ਵਾਰ ਇਹ ਵੇਖਿਆ ਗਿਆ ਕਿ ਕੇਂਦਰ ਸਰਕਾਰ ਤੋਂ ਕਿਤੇ ਵੱਧ ਰਾਜ ਸਰਕਾਰਾਂ ਆਪਣੀ ਮਰਜ਼ੀ ਦੇ ਕੰਮ ਕਰਵਾਉਣ ਲਈ ਮਜਬੂਰ ਕਰਦੀਆਂ ਰਹੀਆਂ।

ਸੰਨ 2000 ਵਿਚ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪੇਈ ਵਲੋਂ ਸੰਵਿਧਾਨ ਦੀ ਕਾਰਜਸ਼ੈਲੀ ਦਾ ਜਾਇਜ਼ਾ ਲੈਣ ਵਾਸਤੇ ਇਕ ਰਾਸ਼ਟਰੀ ਕਮਿਸ਼ਨ ਬਣਾਇਆ ਗਿਆ, ਜਿਸ ਦੇ ਪ੍ਰਧਾਨ, ਚੀਫ਼ ਜਸਟਿਸ ਸ੍ਰੀ ਐੱਮ ਐੱਨ ਵੈਂਕਟਾਚਾਰੀਆ ਨੂੰ ਥਾਪਿਆ ਗਿਆ। ਉਨ੍ਹਾਂ ਨੂੰ ਅਜਿਹੀਆਂ ਤਬਦੀਲੀਆਂ ਦੀਆਂ ਸਿਫ਼ਾਰਿਸ਼ਾਂ ਕਰਨ ਲਈ ਕਿਹਾ ਗਿਆ ਜਿਹੜੀਆਂ ਸੰਵਿਧਾਨ ਦੇ ਮੁਢਲੇ ਢਾਂਚੇ ਜਾਂ ਉਸ ਦੇ ਪੱਖਾਂ ਨੂੰ ਬਦਲਣ ਵਾਲੀਆਂ ਨਾ ਹੋਣ। ਕਮਿਸ਼ਨ ਨੇ ਆਪਣੀ ਰਿਪੋਰਟ ਸੰਨ 2002 ਵਿਚ ਸੌਂਪੀ।

ਇਸ ਵਿਚ ਵੱਡੀਆਂ ਸਿਫ਼ਾਰਸ਼ਾਂ ਇਸ ਪ੍ਰਕਾਰ ਹਨ : ਦੇਸ਼ ਦੇ ਜ਼ਿਲ੍ਹਿਆਂ ਨੂੰ ਇਕਾਈਆਂ ਬਣਾਇਆ ਜਾਵੇ, ਜਿਨ੍ਹਾਂ ਵਿਚ ਲੋਕਤੰਤਰੀ ਢੰਗ ਨਾਲ ਪ੍ਰਸ਼ਾਸਨ ਅਤੇ ਯੋਜਨਾਬੰਦੀ ਕੀਤੀ ਜਾਵੇ। ਦੇਸ਼ ਵਿਚ ਜ਼ਮੀਨਾਂ ਦਾ ਮੁਕੰਮਲ ਸਰਵੇਖਣ ਕਰਕੇ ਅਤੇ ਭੂਮੀ ਦੇ ਰਿਕਾਰਡਾਂ ਦਾ ਕੰਪਿਊਟਰੀਕਰਨ ਕਰ ਕੇ ਨਿੱਜੀ ਅਤੇ ਸਰਕਾਰੀ ਮਲਕੀਅਤ ਦੇ ਪੱਕੇ ਰਿਕਾਰਡ ਤਿਆਰ ਕੀਤੇ ਜਾਣ। ਸਰਕਾਰ ਦਾ ਅਫ਼ਸਰੀ ਤਾਣਾ-ਬਾਣਾ ਘਟਾਇਆ ਜਾਵੇ ਅਤੇ ਇਕ ਨਵਾਂ ਪ੍ਰਬੰਧਕੀ ਸਿਲਸਿਲਾ ਸ਼ੁਰੂ ਕੀਤਾ ਜਾਵੇ। ਅਮਲੇ ਸੰਬੰਧੀ ਨੀਤੀਆਂ ਦੇ ਸਵਾਲਾਂ ਦੇ ਉੱਚੇ ਪੈਮਾਨੇ ਦੇ ਰਾਜਨੀਤਕ ਨੇਤਾਵਾਂ ਵਲੋਂ ਉੱਤਰ ਦੇਣ ਵਾਸਤੇ ਸਹਾਇਤਾ ਲਈ ਖ਼ੁਦਮੁਖ਼ਤਿਆਰ ਬੋਰਡ ਸਥਾਪਤ ਕੀਤੇ ਜਾਣ। ਬਹੁਤ ਉੱਚੀ ਪੱਧਰ ਦੇ ਸਾਧਾਰਨ ਯੋਗਤਾ ਰੱਖਣ ਵਾਲੇ ਵਿਅਕਤੀਆਂ ਹੇਠ ਵਿਸ਼ੇਸ਼ਗਾਂ ਦੀ ਨਿਯੁਕਤੀ ਕੀਤੀ ਜਾਵੇ। ਸੰਸਦ ਵਲੋਂ ਸੂਚਨਾ ਦੀ ਆਜ਼ਾਦੀ ਬਾਰੇ ਕਾਨੂੰਨ ਪਾਸ ਕੀਤਾ ਜਾਵੇ। ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਹੇਠ ਇਕ ਰਾਸ਼ਟਰੀ ਵਿਗਿਆਨ ਅਤੇ ਤਕਨਾਲੋਜੀ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ, ਜਿਹੜਾ ਉੱਚੇਰੀ ਵਿਗਿਆਨ ਅਤੇ ਤਕਨਾਲੋਜੀ ਖੋਜ ਲਈ ਨੀਤੀ ਬਣਾਏ, ਉਸ ਨੂੰ ਯੋਜਨਾਬਧ ਕਰੇ ਅਤੇ ਉਸ ਲਈ ਫ਼ੰਡ ਨਿਰਧਾਰਤ ਕਰੇ ਅਤੇ ਦੇਸ਼ ਦੀ ਕੁੱਲ ਆਮਦਨੀ ਦਾ 2 ਪ੍ਰਤਿਸ਼ਤ ਹਿੱਸਾ ਉੱਚੇਰੀ ਵਿਗਿਆਨਕ ਤਕਨਾਲੋਜੀਕਲ ਖੋਜ ਅਤੇ ਵਿਕਾਸ ਲਈ ਵੱਖਰਾ ਰੱਖੇ, ਸਦਾਚਾਰਕ ਅਤੇ ਨੈਤਿਕ ਵਿਚਾਰ ਨੂੰ ਉੱਚ ਪ੍ਰਸ਼ਾਸਨ ਦਾ ਇਕ ਅਤਿਅੰਤ ਜ਼ਰੂਰੀ ਪੱਖ ਗਰਦਾਨਿਆ ਜਾਵੇ। ਇਕ ਅਜਿਹਾ ਕਾਨੂੰਨ ਬਣਾਇਆ ਜਾਵੇ, ਜਿਸ ਦੁਆਰਾ ਕੁਰੀਤੀਆਂ ਦਾ ਭੇਦ ਖੋਲ੍ਹਣ ਵਾਲਿਆਂ ਦਾ ਬਚਾਅ ਕੀਤਾ ਜਾਵੇ, ਜਿਸ ਤਹਿਤ ਕਿਸੇ ਸਰਕਾਰੀ ਮੁਲਾਜ਼ਮ ਵਲੋਂ ਦੁਸ਼-ਕਰਮ ਕਰਕੇ ਦੇਸ਼ ਨੂੰ ਨੁਕਸਾਨ ਪਹੁੰਚਾਉਣ ਬਦਲੇ ਉਸ ਦੀ ਜ਼ਿੰਮੇਵਾਰੀ ਤੈ ਕੀਤੀ ਜਾਵੇ, ਜੇ ਕੋਈ ਵਿਅਕਤੀ ਆਪਣੇ ਸਰਕਾਰੀ ਪਦ ਦੌਰਾਨ ਗ਼ੈਰ-ਕਾਨੂੰਨੀ ਤੌਰ ਤੇ ਆਪਣੀ ਕੋਈ ਜਾਇਦਾਦ ਆਦਿ ਬਣਾਏ ਤਾਂ ਉਸ ਦੀ ਉਹ ਕਮਾਈ ਜ਼ਬਤ ਕਰਨ ਲਈ ਕਾਨੂੰਨ ਬਣਾਇਆ ਜਾਵੇ। ਲੋਕਪਾਲ ਅਤੇ ਲੋਕ-ਆਯੁਕਤ ਨਿਯੁਕਤ ਕੀਤੇ ਜਾਣ ਅਤੇ ਅੰਤਰਰਾਜੀ ਵਪਾਰ ਅਤੇ ਵਣਜ ਲਈ ਸੰਸਦ ਵਲੋਂ ਇਕ ਕਾਨੂੰਨ ਪਾਸ ਕੀਤਾ ਜਾਵੇ।

**ਦੂਜੇ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਵਲੋਂ ਇਕ ਦਿਲਚਸਪ ਸਿਫ਼ਾਰਸ਼ ਇਹ ਕੀਤੀ ਗਈ ਕਿ ਕਿਸੇ ਰਾਜ ਦੀ ਰਾਜਧਾਨੀ ਅਤੇ ਉਸ ਦੀ ਜ਼ਿਲ੍ਹਿਆਂ ਵਿਚਕਾਰ ਇਕ ਕਮਿਸ਼ਨਰ ਦਾ ਅਹੁਦਾ ਰੱਖਣ ਦੀ ਕੋਈ ਜ਼ਰੂਰਤ ਨਹੀਂ। ਹੁਣ ਜ਼ਿਲ੍ਹਿਆਂ ਅਤੇ ਰਾਜਾਂ ਦੀ ਰਾਜਧਾਨੀ ਵਿਚਕਾਰ ਸੰਪਰਕ ਇੰਨਾ ਤੇਜ਼ ਹੋ ਗਿਆ ਹੈ ਕਿ ਇਕ ਵਿਚਕਾਰਲੇ ਪਦ ਦੀ ਕੋਈ ਜ਼ਰੂਰਤ ਨਹੀਂ ਜਾਪਦੀ।**

ਪਹਿਲੇ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਵਲੋਂ ਸਿਫ਼ਾਰਸ਼ ਕੀਤੀ ਗਈ ਸੀ ਕਿ ਕੇਂਦਰੀ ਮੰਤਰੀ ਮੰਡਲ ਵਿਚ ਪ੍ਰਧਾਨ ਮੰਤਰੀ ਸਣੇ 16 ਮੰਤਰੀ ਹੋਣ ਅਤੇ ਤਿੰਨ ਪਰਤਾਂ ਵਾਲੀ ਮੰਤਰੀਆਂ ਦੀ ਪਰਿਸ਼ਦ ਵਿਚ 40 ਤੋਂ 46 ਮੰਤਰੀ ਹੋਣ। ਪ੍ਰਧਾਨ ਮੰਤਰੀ ਕੋਲ ਕਿਸੇ ਵਿਸ਼ੇਸ਼ ਮੰਤਰਾਲੇ ਦੀ ਜ਼ਿੰਮੇਵਾਰੀ ਨਾ ਹੋਵੇ। ਉਹ ਕੇਵਲ ਨੀਤੀ ਘੜਨ ਅਤੇ ਪ੍ਰਬੰਧਨ, ਤਾਲਮੇਲ 'ਤੇ ਨਿਗਰਾਨੀ ਦੇ ਕਾਰਜਾਂ ਵੱਲ ਧਿਆਨ ਦੇਣ। ਪਰ ਹਾਲੀ ਤਕ ਇਸ ਸਿਫ਼ਾਰਸ਼ ਤੇ ਅਮਲ ਨਹੀਂ ਹੋਇਆ।

ਮੰਤਰੀ ਅਤੇ ਮੰਤਰਾਲੇ ਦੇ ਸਕੱਤਰ ਵਿਚਕਾਰ ਸੰਬੰਧ ਇਸ ਤਰ੍ਹਾਂ ਦੇ ਹੋਣ ਕਿ ਮੰਤਰੀ, ਸਕੱਤਰ ਉਤੇ ਵਿਸ਼ਵਾਸ ਕਰੇ ਅਤੇ ਸਕੱਤਰ, ਮੰਤਰੀ ਨੂੰ ਪੂਰਾ ਮਾਣ ਸਤਿਕਾਰ ਦੇਵੇ। ਉਹ ਦੋਵੇਂ ਫ਼ੈਸਲੇ ਲੈਣ ਵੇਲੇ ਖੁੱਲ੍ਹਾ ਵਿਚਾਰ-ਵਟਾਂਦਰਾ ਕਰਨ। ਫ਼ੈਸਲਿਆਂ ਨੂੰ ਲਿਖਤੀ ਰੂਪ ਦਿਤਾ ਜਾਵੇ। (ਪਰ ਹਾਲੀਂ ਤਕ ਇਸ ਉਤੇ ਵੀ ਅਮਲ ਆਰੰਭ ਨਹੀਂ ਹੋਇਆ)।

ਸਾਂਝੀ ਜ਼ਿੰਮੇਵਾਰੀ ਨੂੰ ਯਕੀਨੀ ਬਣਾਉਣ ਲਈ ਸਾਰੇ ਮਹੱਤਵਪੂਰਨ ਮਾਮਲੇ ਮੰਤਰੀ ਮੰਡਲ ਵਿਚ ਵਿਚਾਰੇ ਜਾਣ ਅਤੇ ਉਨ੍ਹਾਂ ਬਾਰੇ ਫ਼ੈਸਲੇ ਲਏ ਜਾਣ।

ਕਿਸੇ ਸਿਵਲ ਅਫ਼ਸਰ ਵਲੋਂ ਨੀਤੀ ਤੋਂ ਬਾਹਰਾ ਕਾਰਜ ਕਰਨ ਲਈ ਮੰਤਰੀ ਨੂੰ ਜਵਾਬਦੇਹ ਕਰਾਰ ਨਹੀਂ ਦਿਤਾ ਜਾ ਸਕਦਾ।

ਸੰਸਦ ਦੀ ਇਕ ਸਟੈਂਡਿੰਗ ਕਮੇਟੀ ਸਥਾਪਤ ਕੀਤੀ ਜਾਵੇ, ਜਿਹੜੀ ਹਰ ਮੰਤਰਾਲੇ ਜਾਂ ਵੱਡੇ ਵਿਭਾਗ ਦੇ ਕੰਮ ਉੱਤੇ ਨਜ਼ਰ ਰੱਖੇ। (ਇਸ ਉਤੇ ਸੰਨ 1993 ਤੋਂ ਅਮਲ ਸ਼ੁਰੂ ਹੋ ਗਿਆ ਹੈ)।

ਕਿਸੇ ਰਾਜ ਦੇ ਰਾਜਪਾਲ ਨੂੰ ਚਾਹੀਦਾ ਹੈ ਕਿ ਉਹ ਮੁੱਖ ਮੰਤਰੀ ਨਾਲ ਸਲਾਹ-ਮਸ਼ਵਰਾ ਕਰੇ, ਪਰ ਉਹ ਉਸ ਦੇ ਮਸ਼ਵਰੇ ਨੂੰ ਕਬੂਲਣ ਲਈ ਵਚਨਬੱਧ ਨਹੀਂ ਹੈ।

ਯੋਜਨਾ ਕਮਿਸ਼ਨ ਦਾ ਕੰਮ ਕੇਵਲ ਯੋਜਨਾਵਾਂ ਬਣਾਉਣਾ, ਉਨ੍ਹਾਂ 'ਤੇ ਅਮਲ ਲਈ ਖਰਚੇ ਦਾ ਅਨੁਮਾਨ ਲਾਉਣਾ ਅਤੇ ਯੋਜਨਾ ਦੀ ਸਫਲਤਾ ਨੂੰ ਪਰਖਣਾ ਹੋਣਾ ਚਾਹੀਦਾ ਹੈ ਨਾ ਕਿ ਉਸ ਦੀ ਕਾਰਗੁਜ਼ਾਰੀ ਵੱਲ ਧਿਆਨ ਦੇਣਾ। ਪ੍ਰਧਾਨ ਮੰਤਰੀ ਨੂੰ ਯੋਜਨਾ ਕਮਿਸ਼ਨ ਦੀ ਪ੍ਰਧਾਨਗੀ ਤਿਆਗ ਦੇਣੀ ਚਾਹੀਦੀ ਹੈ, ਪਰ ਵਿੱਤ ਮੰਤਰੀ ਨਾਲ ਮਿਲ ਕੇ ਇਸ ਦੀਆਂ ਸਰਗਰਮੀਆਂ ਵੱਲ ਧਿਆਨ ਦਿੰਦੇ ਰਹਿਣਾ ਚਾਹੀਦਾ ਹੈ। ਯੋਜਨਾ ਕਮਿਸ਼ਨ ਇਕ ਤਰ੍ਹਾਂ ਨਾਲ 'ਵਡੇਰੀ ਕੈਬਨਿਟ' ਬਣ ਗਿਆ ਹੈ ਅਤੇ ਇਸ ਨੇ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੀ ਥਾਂ ਸੰਭਾਲ ਲਈ ਹੈ। (ਇਸ 'ਤੇ ਹਾਲੀਂ ਤਕ ਅਮਲ ਨਹੀਂ ਹੋਇਆ)।

ਦੂਜੇ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਨੇ ਇਹ ਵਿਚਾਰ ਪ੍ਰਗਟ ਕੀਤੇ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਕਾਰਜਾਂ ਨੂੰ ਆਪਣੇ ਹੱਥਾਂ ਵਿਚ ਰੱਖੇ : ਰੱਖਿਆ, ਅੰਤਰਰਾਸ਼ਟਰੀ ਸੰਬੰਧ, ਰਾਸ਼ਟਰੀ ਸੁਰੱਖਿਆ , ਨਿਆਂ ਅਤੇ ਕਾਨੂੰਨ ਦੀ ਹਕੂਮਤ, ਚੰਗੀ ਮਿਆਰੀ ਸਿੱਖਿਆ ਅਤੇ ਹਰ ਨਾਗਰਿਕ ਨੂੰ ਸਿਹਤ ਦੀ ਦੇਖਭਾਲ ਪ੍ਰਦਾਨ ਕਰਕੇ ਮਨੁੱਖੀ ਵਿਕਾਸ, ਮੁੱਢਲਾ ਢਾਂਚਾ ਅਤੇ ਜਾਰੀ ਰਹਿਣ ਵਾਲਾ ਕੁਦਰਤੀ ਸਰੋਤ ਵਿਕਾਸ, ਸਮਾਜਿਕ ਸਲਾਮਤੀ ਅਤੇ ਸਮਾਜਿਕ ਨਿਆਂ, ਰਾਸ਼ਟਰੀ ਆਰਥਿਕ ਯੋਜਨਾਬੰਦੀ ਅਤੇ ਹੋਰ ਖੇਤਰਾਂ ਲਈ ਰਾਸ਼ਟਰੀ ਨੀਤੀਆਂ।

## ਯੋਜਨਾਵਾਂ ਬਣਾਉਣ ਤੇ ਪ੍ਰਸ਼ਾਸਨਿਕ ਕਾਰਜਾਂ ਦਾ ਵਖਰੇਵਾਂ

ਇਕ ਗੱਲ ਵਾਰ-ਵਾਰ ਵੇਖਣ ਵਿਚ ਆਈ ਹੈ ਕਿ ਜਨਤਾ ਵਲੋਂ ਅਕਸਰ ਰੋਸ ਮੁਜ਼ਾਹਿਰੇ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਥਾਵਾਂ 'ਤੇ ਭ੍ਰਿਸ਼ਟਾਚਾਰ ਵਿਰੋਧੀ ਲਹਿਰਾਂ ਚਲਦੀਆਂ ਰਹਿੰਦੀਆਂ ਹਨ, ਭਾਵੇਂ ਇਹ ਸਥਾਨਕ ਹੋਣ, ਖੇਤਰੀ ਜਾਂ ਰਾਸ਼ਟਰੀ ਪੱਧਰ 'ਤੇ। ਸੰਨ 1993 ਵਿਚ ਗ੍ਰਹਿ ਸਕੱਤਰ ਸ੍ਰੀ ਐੱਨ.ਐੱਨ ਵੋਹਰਾ ਨੇ ਆਪਣੀ ਰਿਪੋਰਟ ਵਿਚ ਉਚੇਚਾ ਧਿਆਨ ਦਿਵਾਇਆ ਸੀ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਕਿਵੇਂ ਰਾਜਨੀਤੀਵਾਨਾਂ, ਮੁਜਰਿਮਾਂ, ਪੁਲਿਸ ਅਤੇ ਅਫ਼ਸਰਸ਼ਾਹੀ ਵਿਚਾਲੇ ਗਠਜੋੜ ਚੱਲ ਰਿਹਾ ਹੈ।

ਇਸ ਗੱਲ 'ਤੇ ਵੀ ਹੈਰਾਨੀ ਹੁੰਦੀ ਹੈ ਕਿ ਜਦੋਂ ਕਿਸੇ ਰਾਜ ਵਿਚ ਸਰਕਾਰ ਬਦਲਦੀ ਹੈ, ਅਰਥਾਤ ਇਕ ਰਾਜਨੀਤਕ ਪਾਰਟੀ ਦੀ ਥਾਂ ਦੂਜੀ ਰਾਜਨੀਤਕ ਪਾਰਟੀ ਸੱਤਾ ਸੰਭਾਲਦੀ ਹੈ ਤਾਂ ਵੱਡੀ ਗਿਣਤੀ ਵਿਚ ਸਿਵਲ ਤੇ ਪੁਲਿਸ ਅਫ਼ਸਰਾਂ ਦੀਆਂ ਬਦਲੀਆਂ ਕਰ ਦਿਤੀਆਂ ਜਾਂਦੀਆਂ ਹਨ। ਜੇ ਅਸੀਂ ਇਕ ਪ੍ਰੌੜ੍ਹ ਦੇਸ਼ ਹਾਂ, ਤਾਂ ਸਾਨੂੰ ਅਫ਼ਸਰਾਂ ਅਤੇ ਕਾਰਿੰਦਿਆਂ ਦੇ ਅਜਿਹੇ ਕਾਡਰ ਕਾਇਮ ਕਰਨੇ ਚਾਹੀਦੇ ਹਨ, ਜੋ ਰਾਜਨੀਤਕ ਪਾਰਟੀਆਂ ਦੇ ਪ੍ਰੋਗਰਾਮਾਂ ਉਤੇ ਅਮਲ ਕਰਨ ਅਤੇ ਆਪਣੇ ਨਿੱਜੀ ਵਿਚਾਰਾਂ ਨੂੰ ਸਿਆਸੀ ਨੀਤੀਆਂ ਉੱਤੇ ਭਾਰੂ ਨਾ ਹੋਣ ਦੇਣ।

**ਅਸੀਂ ਇਕ ਗਣਤੰਤਰ ਹਾਂ। ਗਣਤੰਤਰ ਵਿਚ ਆਮ ਜਨਤਾ ਦੀ ਆਵਾਜ਼ ਦੀ ਕਦਰ ਕੀਤੀ ਜਾਣੀ ਚਾਹੀਦੀ ਹੈ, ਪਰ ਨੇਤਾ ਅਜਿਹੇ ਹੋਣੇ ਚਾਹੀਦੇ ਹਨ, ਜਿਹੜੇ ਨੈਤਿਕ ਅਸੂਲਾਂ 'ਤੇ ਚੱਲਣ ਵਾਲੇ ਹੋਣ ਅਤੇ ਦੇਸ਼ 'ਤੇ ਰਾਸ਼ਟਰ ਦਾ ਭਲਾ ਉਨ੍ਹਾਂ ਦਾ ਮੁੱਖ ਟੀਚਾ ਹੋਵੇ। ਜਿਥੋਂ ਤਕ ਗਰਾਮ ਪੰਚਾਇਤਾਂ ਆਦਿ ਇਕਾਈਆਂ ਆਦਿ ਦਾ ਸੰਬੰਧ ਹੈ, ਉਨ੍ਹਾਂ ਦੇ ਚੁਣੇ ਹੋਏ ਨੇਤਾਵਾਂ ਨੂੰ ਈਮਾਨਦਾਰੀ ਨਾਲ ਕੰਮ ਕਰਨ ਦੀ ਜ਼ਰੂਰਤ ਦਰਸਾਉਣ ਦੀ ਜ਼ਰੂਰਤ ਹੈ ਤਾਂ ਕਿ ਉਹ ਸਭ ਦੇ ਭਲੇ ਦੀ ਕਾਮਨਾ ਕਰਦਿਆਂ ਆਪਣੇ ਫ਼ਰਜ਼ ਨਿਭਾਉਣ।**

ਭਾਰਤ ਵਰਗੇ ਬਹੁ-ਨਸਲੀ, ਬਹੁ-ਭਾਸ਼ਾਈ, ਬਹੁ-ਧਰਮੀ, ਬਹੁ-ਮੌਸਮੀ ਅਤੇ ਬਹੁ-ਸਭਿਆਚਾਰਕ ਦੇਸ਼ ਵਿਚ ਜਨਤਾ ਦੀਆਂ ਆਸਾਂ ਅਤੇ ਉਮੰਗਾਂ ਵਿਚ ਵੀ ਕਾਫ਼ੀ ਭਿੰਨਤਾ ਅਤੇ ਫ਼ਰਕ ਹੈ। ਕੁਦਰਤੀ ਗੱਲ ਹੈ ਕਿ ਉਨ੍ਹਾਂ ਦੇ ਵੱਖ-ਵੱਖ ਰਾਜਾਂ ਵਿਚ ਪ੍ਰਸ਼ਾਸਨਿਕ ਲੋੜਾਂ ਅਤੇ ਅਕਾਂਕਸ਼ਾਵਾਂ ਵਿਚ ਵੀ ਫ਼ਰਕ ਹੋਵੇ। ਇਸ ਕਾਰਨ ਪ੍ਰਸ਼ਾਸਨਿਕ ਤਬਦੀਲੀਆਂ ਦਾ ਪ੍ਰਵਾਹ ਵੀ ਚਲਦਾ ਰਹੇਗਾ ਪਰ ਲੋੜ ਰਾਸ਼ਟਰੀ ਏਕਤਾ ਅਤੇ ਅਖੰਡਤਾ ਦੀ ਹੈ, ਜਿਸ ਨੂੰ ਕਾਇਮ ਰੱਖਣ ਲਈ ਸਾਨੂੰ ਸਦਾ ਤਤਪਰ ਰਹਿਣਾ ਪਵੇਗਾ।

*(ਲੇਖਕ ਨਾਮੀ ਸੁਤੰਤਰ ਪੱਤਰਕਾਰ ਹੈ।)*

*e-mail :srsbatra@yahoo.com*

# ਭਾਰਤ ਵਿਚ ਹੁਣ ਤਕ ਦੇ ਪ੍ਰਸ਼ਾਸਨਿਕ ਸੁਧਾਰ

ਸ.ਸ. ਛੀਨਾ

ਪ੍ਰਸ਼ਾਸਨਿਕ ਸੁਧਾਰ ਦਾ ਅਰਥ ਹੈ ਸਰਕਾਰੀ ਕਰਮਚਾਰੀਆਂ ਵਲੋਂ ਆਪਣੇ ਕੰਮ ਕਰਨ ਦੇ ਢੰਗ ਵਿਚ ਉਹ ਤਬਦੀਲੀਆਂ ਕੀਤੀਆਂ ਜਾਣ ਜਿਹੜੀਆਂ ਉਨ੍ਹਾਂ ਦੀਆਂ ਸੇਵਾਵਾਂ ਦੇ ਪ੍ਰਦਾਨ ਕਰਨ ਵਿਚ ਅਯੋਗਤਾ ਪੈਦਾ ਕਰਦੀਆਂ ਹਨ। ਗਾਂਧੀ ਜੀ ਅਨੁਸਾਰ "ਸਾਡੀ ਜਗਾਹ 'ਤੇ ਆਉਣ ਵਾਲਾ ਗਾਹਕ ਸਭ ਤੋਂ ਮਹੱਤਵਪੂਰਨ ਹੈ, ਉਹ ਸਾਡੇ 'ਤੇ ਨਿਰਭਰ ਨਹੀਂ ਕਰਦਾ, ਅਸੀਂ ਉਸ 'ਤੇ ਨਿਰਭਰ ਕਰਦੇ ਹਾਂ। ਉਹ ਸਾਡੇ ਕੰਮ ਵਿਚ ਰੁਕਾਵਟ ਪੈਦਾ ਨਹੀਂ ਕਰਦਾ।" ਉਹ ਹੀ ਸਾਡਾ ਉਦੇਸ਼ ਹੈ, ਉਹ ਸਾਡੇ ਵਪਾਰ ਵਿਚ ਕੋਈ ਬਾਹਰਲਾ ਨਹੀਂ ਸਗੋਂ ਉਸ ਦਾ ਹਿੱਸਾ ਹੈ। 29 ਮਾਰਚ 1954 ਨੂੰ ਜਨਤਕ ਪ੍ਰਬੰਧ ਦੀ ਸੰਸਥਾ ਦੇ ਉਦਘਾਟਨੀ ਸਮਾਗਮ ਵਿਚ ਬੋਲਦਿਆਂ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਸਾਡਾ ਇਮਤਿਹਾਨ ਹੈ; ਮਨੁੱਖੀ ਜੀਵ ਅਤੇ ਉਸ ਦਾ ਕਲਿਆਣ।

**ਸੁਤੰਤਰਤਾ ਤੋਂ ਇਕਦਮ ਬਾਅਦ ਦੇਸ਼ ਦੇ ਨੇਤਾਵਾਂ ਦੇ ਸਾਹਮਣੇ ਇਹ ਗੱਲ ਬਹੁਤ ਮਹੱਤਵਪੂਰਨ ਸੀ ਕਿ ਪ੍ਰਸ਼ਾਸਨ ਵਿਚ ਉਨ੍ਹਾਂ ਸਭ ਤਰੁੱਟੀਆਂ ਨੂੰ ਦੂਰ ਕੀਤਾ ਜਾਵੇ ਜਿਹੜੀਆਂ ਜਨਤਾ ਤਕ ਸੇਵਾਵਾਂ ਪਹੁੰਚਾਉਣ ਵਿਚ ਦੇਰੀ ਕਰਦੀਆਂ ਹਨ ਜਾਂ ਜਿਨ੍ਹਾਂ ਵਿਚ ਅਯੋਗਤਾ ਸ਼ਾਮਿਲ ਹੈ। ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਵਰਗੇ ਵਿਅਕਤੀਆਂ ਨੇ ਪ੍ਰਸ਼ਾਸਨ ਵਿਚ ਮੁੱਖ ਧਿਆਨ, ਸ਼ਹਿਰੀਆਂ 'ਤੇ ਕੇਂਦਰਿਤ ਕੀਤਾ ਅਤੇ ਸ਼ਹਿਰੀਆਂ ਦੇ ਕਲਿਆਣ ਅਤੇ ਭਲਾਈ ਲਈ ਉਨ੍ਹਾਂ ਸਭ ਤਬਦੀਲੀਆਂ ਨੂੰ ਪ੍ਰਬੰਧ ਵਿਚ ਲਿਆਉਣ ਲਈ ਸੁਚੇਤ ਕੀਤਾ ਜਿਸ ਨਾਲ ਹਰ ਵਿਅਕਤੀ ਨੂੰ ਘੱਟੋ-ਘੱਟ ਸਮੇਂ ਵਿਚ ਚੰਗੀਆਂ ਸੇਵਾਵਾਂ ਮਿਲ ਸਕਣ।**

ਪ੍ਰਸ਼ਾਸਨ ਦੇ ਵੱਖ-ਵੱਖ ਵਿਸ਼ਿਆਂ ਵਿਚ ਬਹੁਤ ਸਾਰੀਆਂ ਤਬਦੀਲੀਆਂ ਦੀ ਲੋੜ ਸੀ। ਪ੍ਰਸ਼ਾਸਨ ਦੇ ਵੱਖ-ਵੱਖ ਵਿਸ਼ੇ ਸਨ, ਰਾਜਨੀਤਕ, ਕਾਨੂੰਨੀ, ਸਥਾਪਨਾ, ਤਕਨੀਕੀ, ਵਿਅਕਤੀਗਤ, ਵਿੱਤੀ, ਸਮਾਜਿਕ ਅਤੇ ਮਾਨਸਿਕ ਆਦਿ। ਇਸ ਤੋਂ ਇਲਾਵਾ, ਇਕ ਦੇਸ਼ ਨੂੰ ਅੰਤਰਰਾਸ਼ਟਰੀ ਸੰਸਥਾਵਾਂ ਜਿਵੇਂ ਸੰਯੁਕਤ ਰਾਸ਼ਟਰ, ਯੂਰਪੀਨ ਯੂਨੀਅਨ, ਅੰਤਰਰਾਸ਼ਟਰੀ ਮੁਦਰਾ ਫ਼ੰਡ, ਯੂਨੈਸਕੋ ਆਦਿ ਸੰਸਥਾਵਾਂ ਨਾਲ ਆਪਣੇ ਸੰਬੰਧ ਬਣਾਉਣੇ ਹੁੰਦੇ ਹਨ ਜਿਸ ਵਿਚ ਨਾ ਸਿਰਫ਼ ਵਿੱਤੀ ਲਾਭ ਸਗੋਂ ਆਮ ਜਨਤਾ ਲਈ ਸਮਾਜਿਕ ਲਾਭਾਂ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਵੱਧ ਤੋਂ ਵੱਧ ਪ੍ਰਾਪਤ ਕਰਨਾ ਹਰ ਦੇਸ਼ ਦਾ ਮੁੱਖ ਉਦੇਸ਼ ਹੁੰਦਾ ਹੈ। ਇਸ ਲਈ ਇਹ ਜ਼ਰੂਰੀ ਬਣਦਾ ਹੈ ਕਿ ਪ੍ਰਸ਼ਾਸਨ ਵਿਚ ਯੋਗਤਾ ਲਿਆਂਦੀ ਜਾਵੇ। ਤਰੁੱਟੀਆਂ ਦੂਰ ਕੀਤੀਆਂ ਜਾਣ ਅਤੇ ਸਮੇਂ ਦੇ ਬਦਲਣ ਨਾਲ ਨਵੀਆਂ ਆਈਆਂ ਤਬਦਲੀਆਂ ਅਨੁਸਾਰ ਸੁਧਾਰ ਲਿਆਂਦਾ ਜਾਵੇ।

ਸੁਤੰਤਰਤਾ ਤੋਂ ਪਹਿਲਾਂ ਵੱਖ-ਵੱਖ ਵਿਭਾਗਾਂ ਵਿਚ ਕਰਮਚਾਰੀਆਂ ਦੀ ਜਿਹੜੀ ਵਿਵਸਥਾ ਬਣੀ ਹੋਈ ਸੀ ਅਤੇ ਉਨ੍ਹਾਂ ਦੇ ਕੰਮ ਬਾਰੇ ਨਿਰੀਖਣ ਕਰਨ ਲਈ 1951 ਵਿਚ ਸ੍ਰੀ ਏ.ਡੀ. ਗੋਰਵਾਲਾ ਦੇ ਅਧੀਨ ਯੋਜਨਾ ਕਮਿਸ਼ਨ ਵਲੋਂ ਇਕ ਕਮੇਟੀ ਬਣਾਈ ਗਈ ਅਤੇ ਉਸ ਤੋਂ ਬਾਅਦ 1953 ਵਿਚ ਇਕ ਹੋਰ ਕਮੇਟੀ ਬਣਾਈ ਗਈ ਤਾਂ ਕਿ ਪ੍ਰਸ਼ਾਸਨੀ ਮਸ਼ੀਨਰੀ ਦੇ ਕੰਮ ਬਾਰੇ ਵਿਸਥਾਰ ਸਹਿਤ ਅਧਿਐਨ ਕੀਤਾ ਜਾਵੇ। ਇਸ ਕਮਿਸ਼ਨ ਨੂੰ ਐਪਲਬੀ ਕਮਿਸ਼ਨ ਕਿਹਾ ਜਾਂਦਾ ਹੈ। 1954 ਵਿਚ ਪ੍ਰਸ਼ਾਸਨਿਕ ਸੁਧਾਰਾਂ ਨੂੰ ਕੇਂਦਰ ਦੇ ਮੰਤਰੀ ਮੰਡਲ ਵਲੋਂ ਵਿਚਾਰਿਆ ਗਿਆ ਅਤੇ ਇਸ ਨੇ ਜਿਹੜੇ ਮੁੱਖ ਮੁੱਦੇ ਵਿਚਾਰੇ ਉਹ ਸਨ, ਪੈਸੇ ਦੀ ਬੱਚਤ ਕਰਨੀ, ਵਿਸ਼ੇਸ਼ਤਾਈ ਵਾਲੇ ਕੰਮਾਂ 'ਤੇ ਨਿਗਰਾਨੀ, ਵਿਭਾਗਾਂ ਵਿਚ ਮਿਲਵਰਤਨ ਅਤੇ ਤਾਲਮੇਲ, ਪ੍ਰਸ਼ਾਸਨਿਕ ਕਰਮਚਾਰੀ ਅਤੇ ਵਿਕਾਸ, ਅਤੇ ਭ੍ਰਿਸ਼ਟਾਚਾਰ ਨੂੰ ਰੋਕਣਾ ਆਦਿ। ਇਨ੍ਹਾਂ ਸਭ ਦਾ ਸੰਬੰਧ ਸਿਰਫ਼ ਇਕ ਹੀ ਮੁੱਦੇ ਨਾਲ ਸੀ ਕਿ ਦੇਸ਼ ਦੇ ਹਰ ਸ਼ਹਿਰੀ ਨੂੰ ਘੱਟੋ-ਘੱਟ ਲਾਗਤ 'ਤੇ ਘੱਟੋ-ਘੱਟ ਸਮੇਂ ਵਿਚ ਅਸਾਨੀ ਨਾਲ ਪ੍ਰਬੰਧਕੀ ਸੇਵਾਵਾਂ ਮਿਲ ਸਕਦੀਆਂ ਹੋਣ।

ਕਿਸੇ ਵੀ ਸਫਲ ਪ੍ਰਬੰਧ ਵਿਚ ਪ੍ਰਬੰਧ ਦੇ ਤਿੰਨਾਂ ਅੰਗਾਂ ਦਾ ਸੁਤੰਤਰ ਅਤੇ ਇਕ ਦੂਜੇ ਦੇ ਪ੍ਰਭਾਵ ਤੋਂ ਮੁਕਤ ਹੋਣਾ ਬਹੁਤ ਜ਼ਰੂਰੀ ਹੈ। ਸਭ ਤੋਂ ਪਹਿਲਾਂ ਕਾਨੂੰਨ ਬਣਾਉਣ ਲਈ ਰਾਜਾਂ ਵਿਚ ਵਿਧਾਨ ਸਭਾਵਾਂ ਅਤੇ ਕੇਂਦਰ ਵਿਚ ਸੰਸਦ, ਜਿਨ੍ਹਾਂ ਦੀ ਚੋਣ ਸੰਬੰਧੀ ਸਭ ਵੇਰਵੇ ਸੰਵਿਧਾਨ ਵਿਚ ਦਿਤੇ ਗਏ ਹਨ। ਪਰ ਸਮੇਂ-ਸਮੇਂ ਉਨ੍ਹਾਂ ਵਿਚ ਵੀ ਸੁਧਾਰ ਦੇ ਉਦੇਸ਼ ਨਾਲ ਕੁਝ ਸੋਧਾਂ ਕੀਤੀਆਂ ਗਈਆਂ ਹਨ। ਕਾਰਜਕਾਰਨੀ ਜਿਸ ਵਿਚ ਕੇਂਦਰ ਵਿਚ ਪ੍ਰਧਾਨ ਮੰਤਰੀ ਜਦ ਕਿ ਰਾਜਾਂ ਵਿਚ ਮੁੱਖ ਮੰਤਰੀ ਦੇ ਨਾਲ-ਨਾਲ ਉਨ੍ਹਾਂ ਦੇ ਮੰਤਰੀ ਮੰਡਲ ਦੇ ਮੰਤਰੀ ਜਿਨ੍ਹਾਂ ਦੇ ਅਧੀਨ ਵੱਖ-ਵੱਖ ਵਿਭਾਗਾਂ ਦੇ ਅਫ਼ਸਰ, ਕਰਮਚਾਰੀ ਅਤੇ ਅਮਲਾ ਨਿਯੁਕਤ ਹੁੰਦਾ ਹੈ। ਤੀਸਰਾ ਅੰਗ ਹੈ ਨਿਆਂਪਾਲਿਕਾ ਜੋ ਸਾਰੇ ਦੇਸ਼ ਲਈ ਸੁਪਰੀਮ ਕੋਰਟ, ਫਿਰ ਰਾਜਾਂ ਦੀ ਪੱਧਰ 'ਤੇ ਹਾਈ ਕੋਰਟ, ਜ਼ਿਲ੍ਹਾ ਪੱਧਰ 'ਤੇ ਸੈਸ਼ਨ ਕੋਰਟ ਅਤੇ ਉਪ-ਮੰਡਲ ਦੀ ਪੱਧਰ 'ਤੇ ਜੱਜਾਂ ਵਿਚ ਵੱਖ-ਵੱਖ ਖੇਤਰਾਂ ਅਨੁਸਾਰ ਵੰਡਿਆ ਹੋਇਆ ਹੈ। ਚੰਗੇ ਪ੍ਰਬੰਧ ਲਈ ਜ਼ਰੂਰੀ ਹੈ ਕਿ ਤਿੰਨੇ ਹੀ ਅੰਗ ਸੁਤੰਤਰ ਤੌਰ ਤੇ ਕੰਮ ਕਰਨ।

ਰਾਜਾਂ ਦੇ ਅਧੀਨ ਪਰ ਸੁੰਤਤਰ ਤੌਰ ਤੇ ਸਥਾਨਕ ਸਰਕਾਰਾਂ ਜਿਨ੍ਹਾਂ ਵਿਚ ਨਗਰ ਪਾਲਿਕਾਵਾਂ ਜਾਂ ਨਿਗਮ ਅਤੇ ਪਿੰਡਾਂ ਵਿਚ ਪੰਚਾਇਤਾਂ ਦੀ ਵਿਵਸਥਾ ਕੀਤੀ ਗਈ। ਕੁਝ ਵਿਭਾਗ ਇਨ੍ਹਾਂ ਸੰਸਥਾਵਾਂ ਦੇ ਅਧੀਨ ਕੀਤੇ ਗਏ ਭਾਵੇਂ ਕਿ

ਸਰਕਾਰੀ ਸਰਪ੍ਰਸਤੀ ਦੇ ਅਧੀਨ ਇਹ ਸੰਸਥਾਵਾਂ ਕੰਮ ਕਰਦੀਆਂ ਹਨ ਪਰ ਇਨ੍ਹਾਂ ਦੇ ਜ਼ਿੰਮੇ ਕੁਝ ਕੰਮ ਲਾਏ ਜਾਂਦੇ ਹਨ। ਭਾਵੇਂ ਕਿ ਸਥਾਨਕ ਸਰਕਾਰਾਂ ਦੇ ਖਰਚ ਪੂਰੇ ਕਰਨ ਲਈ ਉਨ੍ਹਾਂ ਨੂੰ ਰਾਜ ਦੀ ਸਰਕਾਰ 'ਤੇ ਹੀ ਨਿਰਭਰ ਕਰਨਾ ਪੈਂਦਾ ਹੈ। ਫਿਰ ਵੀ ਉਨ੍ਹਾਂ ਵਲੋਂ ਆਮਦਨ ਇਕੱਠੀ ਕਰਨ ਲਈ ਉਨ੍ਹਾਂ ਨੂੰ ਕਰ ਲਾਉਣ ਦੀਆਂ ਕੁਝ ਸ਼ਕਤੀਆਂ ਦੇ ਦਿਤੀਆਂ ਜਾਂਦੀਆਂ ਹਨ ਜਿਸ ਨਾਲ ਉਹ ਉਨ੍ਹਾਂ ਦੇ ਜ਼ਿੰਮੇ ਲੱਗੇ ਕੰਮਾਂ ਨੂੰ ਪੂਰਾ ਕਰਦੀਆਂ ਹਨ।

ਭਾਰਤ ਦੀ ਜ਼ਿਆਦਾਤਰ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ ਅਤੇ ਇਹ ਪਿੰਡ ਦੂਰ-ਦੂਰ ਤਕ ਜ਼ਿਲ੍ਹੇ ਅਤੇ ਤਹਿਸੀਲ ਦੇ ਮੁੱਖ ਦਫ਼ਤਰਾਂ ਤੋਂ ਕਾਫ਼ੀ ਦੂਰ ਹੁੰਦੇ ਹਨ। ਪਿੰਡਾਂ ਦੀਆਂ ਕੁਝ ਸਮੱਸਿਆਵਾਂ ਉਹ ਹਨ ਜਿਹੜੀਆਂ ਪਿੰਡ ਦੀ ਪੱਧਰ 'ਤੇ ਹੀ ਹੱਲ ਹੋ ਸਕਦੀਆਂ ਹਨ। ਸੁਤੰਤਰਤਾ ਤੋਂ ਇਕਦਮ ਬਾਅਦ ਪੰਚਾਇਤੀ ਰਾਜ ਪ੍ਰਣਾਲੀ ਸ਼ੁਰੂ ਕੀਤੀ ਗਈ। ਬਾਅਦ ਵਿਚ 1962 ਇਸ ਪ੍ਰਣਾਲੀ ਨੂੰ ਤਿੰਨ ਪੱਧਰੀ ਪ੍ਰਣਾਲੀ ਬਣਾ ਦਿਤਾ ਗਿਆ ਜਿਸ ਵਿਚ ਪੰਚਾਇਤਾਂ ਤੋਂ ਬਾਅਦ ਬਲਾਕ ਦੀ ਪੱਧਰ 'ਤੇ ਪੰਚਾਇਤ ਸੰਮਤੀ ਜਿਸ ਨੂੰ ਪੰਚਾਇਤਾਂ ਦੇ ਨੁਮਾਇੰਦਿਆਂ ਵਲੋਂ ਚੁਣਿਆ ਜਾਂਦਾ ਸੀ ਅਤੇ ਫਿਰ ਜ਼ਿਲ੍ਹਾ ਪਰਿਸ਼ਦ ਜਿਸ ਨੂੰ ਪੰਚਾਇਤ ਸੰਮਤੀਆਂ ਵਲੋਂ ਚੁਣਿਆ ਜਾਂਦਾ ਸੀ। ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦ ਵਿਚ ਕੰਮਾਂ ਦੀ ਵੰਡ ਕੀਤੀ ਜਾਂਦੀ ਹੈ। ਬਾਅਦ ਵਿਚ 1993 ਵਿਚ ਪੰਚਾਇਤੀ ਰਾਜ ਕਾਨੂੰਨ ਵਿਚ ਸੋਧ ਕਰਕੇ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦ ਦੇ ਚੋਣ ਦੇ ਢੰਗ ਵਿਚ ਕਈ ਤਬਦੀਲੀਆਂ ਕੀਤੀਆਂ ਗਈਆਂ ਜਿਸ ਵਿਚ ਮੁੱਖ ਗੱਲ ਇਹ ਸੀ ਕਿ ਪਿੰਡਾਂ ਵਿਚ ਰਹਿਣ ਵਾਲੇ ਹਰ ਵਿਅਕਤੀ ਨੂੰ ਇਨ੍ਹਾਂ ਦੀ ਚੋਣ ਵਿਚ ਹਿੱਸਾ ਲੈਣ ਦਾ ਮੌਕਾ ਦਿਤਾ ਗਿਆ ਅਤੇ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦ ਦੇ ਕੰਮਾਂ ਵਿਚ ਵੰਡ ਕੀਤੀ ਗਈ।

ਸੁਤੰਤਰਤਾ ਤੋਂ ਪਹਿਲਾਂ ਦੇਸ਼ ਦਾ ਪ੍ਰਸ਼ਾਸਨਿਕ ਢਾਂਚਾ ਬਹੁਤ ਗੁੰਝਲਦਾਰ ਸੀ। ਦੇਸ਼ ਵਿਚ ਕਈ ਰਿਆਸਤਾਂ, ਮਹਾਰਾਜਿਆਂ, ਨਵਾਬਾਂ ਅਤੇ ਨਿਜ਼ਾਮਾਂ ਦੇ ਅਧੀਨ ਸਨ ਜਿਨ੍ਹਾਂ ਵਿਚ ਛੋਟੇ ਤੋਂ ਵੱਡੇ ਅਫ਼ਸਰ ਤਕ ਦੀਆਂ ਨਿਯੁਕਤੀਆਂ ਦਾ ਢੰਗ ਉਸ ਰਿਆਸਤ ਦੇ ਮੁਖੀ 'ਤੇ ਨਿਰਭਰ ਕਰਦਾ ਸੀ। ਕੁਝ ਵੱਡੇ-ਵੱਡੇ ਖ਼ਾਨਦਾਨਾਂ ਅਤੇ ਜਗੀਰਦਾਰਾਂ ਨੂੰ ਕਈ ਤਰ੍ਹਾਂ ਦੇ ਹੱਕ ਹਾਸਿਲ ਸਨ। ਬ੍ਰਿਟਿਸ਼ ਸਰਕਾਰ ਦੇ ਅਧੀਨ ਖੇਤਰ ਵਿਚ ਅੰਗਰੇਜ਼ਾਂ ਦੀਆਂ ਲੋੜਾਂ ਅਨੁਸਾਰ ਭਰਤੀ ਦੀ ਕਿਰਿਆ ਦੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਨਿਯਮ ਬਣੇ ਹੋਏ ਸਨ। ਇਥੋਂ ਤਕ ਕਿ ਭਾਰਤ ਦੀਆਂ ਸਿਵਲ ਸੇਵਾਵਾਂ ਦੇ ਅਫ਼ਸਰਾਂ ਲਈ ਮੁਕਾਬਲੇ ਦੇ ਇਮਤਿਹਾਨ ਵਿਚ ਵੀ ਪੱਖਪਾਤ ਕੀਤਾ ਜਾਂਦਾ ਸੀ ਅਤੇ ਉਹ ਇਮਤਿਹਾਨ ਲੰਡਨ ਵਿਚ ਅਯੋਜਿਤ ਕੀਤਾ ਜਾਂਦਾ ਸੀ।

**ਸੁਤੰਤਰਤਾ ਤੋਂ ਬਾਅਦ ਇਸ ਗੱਲ ਵੱਲ ਧਿਆਨ ਦਿਤਾ ਗਿਆ ਕਿ ਹਰ ਪੱਧਰ ਦੇ ਕਰਮਚਾਰੀ ਦੀ ਪ੍ਰਕਿਰਿਆ ਕੀ ਹੋਵੇ। ਕਿਉਂਕਿ ਭਾਰਤ ਨੇ ਲੋਕਤੰਤਰ ਅਪਣਾਇਆ ਜਿਸ ਵਿਚ ਹਰ ਇਕ ਲਈ ਬਰਾਬਰ ਹੱਕ ਸਨ। ਇਸ ਲਈ ਸਭ ਤੋਂ ਮਹੱਤਵਪੂਰਨ ਗੱਲ ਸੀ ਕਿ ਨੌਕਰੀਆਂ ਦੀ ਹਰ ਪੱਧਰ 'ਤੇ ਘੱਟੋ-ਘੱਟ ਯੋਗਤਾ ਪੂਰੀ ਕਰਨ ਤੋਂ ਬਾਅਦ ਹਰ ਇਕ ਦੇ ਚੁਣੇ ਜਾਣ ਲਈ ਬਰਾਬਰ ਦੇ ਮੌਕੇ ਹੋਣ ਅਤੇ ਇਸ ਚੋਣ ਕਰਨ ਵਾਲੀ ਸੰਸਥਾ ਸਰਕਾਰੀ ਪ੍ਰਭਾਵ ਤੋਂ ਬਿਲਕੁਲ ਮੁਕਤ ਹੋਵੇ।**

ਇਸ ਉਦੇਸ਼ ਨੂੰ ਸਾਹਮਣੇ ਰਖਦੇ ਹੋਏ ਕੇਂਦਰ ਦੀ ਪੱਧਰ 'ਤੇ ਸੰਘ ਲੋਕ ਸੇਵਾ ਆਯੋਗ ਅਤੇ ਰਾਜਾਂ ਦੀ ਪੱਧਰ 'ਤੇ ਰਾਜਾਂ ਦੇ ਸਰਵਿਸ ਸਲੈਕਸ਼ਨ ਬੋਰਡ ਨਿਯੁਕਤ ਕੀਤੇ ਗਏ। ਇਨ੍ਹਾਂ ਦੇ ਮੈਂਬਰ ਅਤੇ ਚੇਅਰਮੈਨਾਂ ਦੀ ਨਿਯੁਕਤੀ ਦੀ ਪ੍ਰਕਿਰਿਆ ਤੈ ਕੀਤੀ ਗਈ ਅਤੇ ਇਹ ਯਕੀਨੀ ਬਣਾਇਆ ਗਿਆ ਕਿ ਇਹ ਬੋਰਡ ਕਿਸੇ ਕਿਸਮ ਦਾ ਪੱਖਪਾਤ ਨਾ ਕਰ ਸਕਣ। ਇਸ ਵਿਚ ਸਭ ਤੋਂ ਵੱਡੀ ਗੱਲ ਸੀ ਇਨ੍ਹਾਂ ਬੋਰਡਾਂ ਦੇ ਮੈਂਬਰਾਂ ਲਈ ਕਿਸੇ ਕਿਸਮ ਦੇ ਰਾਜਨੀਤਕ ਜਾਂ ਸਰਕਾਰੀ ਪ੍ਰਭਾਵ ਤੋਂ ਮੁਕਤ ਹੋ ਕੇ ਕੰਮ ਕਰਨ ਦੀ ਵਿਵਸਥਾ। ਕਰਮਚਾਰੀਆਂ ਦੀ ਨਿਯੁਕਤੀ ਤੋਂ ਇਲਾਵਾ, ਉਨ੍ਹਾਂ ਦੀ ਤਰੱਕੀ ਦੇ ਨਿਯਮ ਨਿਸ਼ਚਤ ਕੀਤੇ ਗਏ ਅਤੇ ਹਰ ਅਸਾਮੀ ਲਈ ਘੱਟੋ-ਘੱਟ ਯੋਗਤਾ ਤੈ ਕੀਤੀ ਗਈ।

ਪ੍ਰਸ਼ਾਸਨ ਵਿਚ ਸੁਧਾਰ ਲਿਆਉਣ ਲਈ ਇਹ ਜ਼ਰੂਰੀ ਬਣਦਾ ਹੈ ਕਿ ਨਵੀਆਂ ਆਉਣ ਵਾਲੀਆਂ ਤਬਦੀਲੀਆਂ ਅਤੇ ਲੋੜਾਂ ਅਨੁਸਾਰ ਪ੍ਰਬੰਧ ਵਿਚ ਤਬਦੀਲੀਆਂ ਅਤੇ ਸੁਧਾਰਾਂ ਦੇ ਸਮੇਂ-ਸਮੇਂ 'ਤੇ ਅਧਿਐਨ ਕੀਤਾ ਜਾਵੇ। ਇਸ ਗੱਲ ਨੂੰ ਮੁੱਖ ਰੱਖਦਿਆਂ ਪਹਿਲਾਂ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ 5 ਜਨਵਰੀ 1966 ਨੂੰ ਸਥਾਪਿਤ ਕੀਤਾ ਗਿਆ। ਇਸ ਦੇ ਪਹਿਲੇ ਚੇਅਰਮੈਨ ਸ੍ਰੀ ਮੁਰਾਰਜੀ ਦੇਸਾਈ ਸਨ ਜੋ ਉਸ ਵੇਲੇ ਪਾਰਲੀਮੈਂਟ ਦੇ ਮੈਂਬਰ ਸਨ ਪਰ ਬਾਅਦ ਵਿਚ ਉਹ ਉਪ ਪ੍ਰਧਾਨ ਮੰਤਰੀ ਬਣਨ ਕਰਕੇ ਇਸ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਦੇ ਚੇਅਰਮੈਨ ਸ੍ਰੀ ਕੇ. ਹਨੂੰਮਥੱਈਆ ਬਣਾਏ ਗਏ। ਇਸ ਪ੍ਰਬੰਧਕੀ ਕਮਿਸ਼ਨ ਨੂੰ ਗ੍ਰਹਿ ਮੰਤਰਾਲਾ ਦੇ ਅਧੀਨ ਸਥਾਪਿਤ ਕੀਤਾ ਗਿਆ। ਇਸ ਦੇ ਜ਼ਿੰਮੇ ਇਹ ਗੱਲ ਲਾਈ ਗਈ ਕਿ ਉਹ ਉਨ੍ਹਾਂ ਹਾਲਤਾਂ ਦਾ ਅਧਿਐਨ ਕਰੇ ਜਿਸ ਨਾਲ ਸਰਕਾਰੀ ਕਰਮਚਾਰੀਆਂ ਦੀ ਯੋਗਤਾ ਦਾ ਵੱਧ ਤੋਂ ਵੱਧ ਲਾਭ ਲੈਣਾ ਯਕੀਨੀ ਬਣ ਸਕੇ ਅਤੇ ਸਰਕਾਰੀ ਕਰਮਚਾਰੀ ਦੇਸ਼ ਦੇ ਵਿਕਾਸ ਲਈ ਸਮਾਜਿਕ ਅਤੇ ਆਰਥਿਕ ਪੱਧਰ 'ਤੇ ਉੱਚੀਆਂ ਪ੍ਰਾਪਤੀਆਂ ਕਰ ਸਕਣ।

ਇਸ ਕਮਿਸ਼ਨ ਵਲੋਂ ਹੇਠ ਦਿਤੀਆਂ ਗੱਲਾਂ ਨੂੰ ਧਿਆਨ ਵਿਚ ਰਖਿਆ ਗਿਆ ਜਿਨ੍ਹਾਂ ਵਿਚ ਸਰਕਾਰੀ ਈ ਪ੍ਰਸ਼ਾਸਨਿਕ ਮਸ਼ੀਨਰੀ ਦੇ ਕੰਮ ਕਰਨ ਦਾ ਢੰਗ, ਯੋਜਨਾਵਾਂ ਦਾ ਹਰ ਪੱਧਰ 'ਤੇ ਲਾਗੂ ਕਰਨਾ, ਕੇਂਦਰ ਅਤੇ ਰਾਜਾਂ ਦੇ ਰਿਸ਼ਤੇ, ਰਾਜਾਂ ਦੀ ਪੱਧਰ ਦਾ ਪ੍ਰਸ਼ਾਸਨ, ਜ਼ਿਲ੍ਹਾ ਪ੍ਰਸ਼ਾਸਨ, ਖੇਤੀ ਪ੍ਰਸ਼ਾਸਨ ਅਤੇ ਹਰ ਸ਼ਹਿਰੀ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ। ਇਸ ਲਈ ਇਸ ਕਮਿਸ਼ਨ ਨੇ ਵੱਖ-ਵੱਖ ਪਹਿਲੂਆਂ ਦਾ ਅਧਿਅਨ ਕਰਨ ਤੋਂ ਬਾਅਦ ਆਪਣੀਆਂ 20 ਰਿਪੋਰਟਾਂ ਦਿਤੀਆਂ ਜਿਨ੍ਹਾਂ ਵਿਚ ਆਮ ਸ਼ਹਿਰੀਆਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ, ਯੋਜਨਾ ਦਾ ਢਾਂਚਾ, ਸਰਕਾਰੀ ਪ੍ਰਬੰਧ ਅਧੀਨ ਇਕਾਈਆਂ, ਵਿੱਤ, ਲੇਖਾ ਅਤੇ ਆਡਿਟ, ਕੇਂਦਰ ਤੇ ਰਾਜਾਂ ਦੇ ਸੰਬੰਧ, ਰਾਜਾਂ ਦਾ ਪ੍ਰਬੰਧ ਰਿਜ਼ਰਵ ਬੈਂਕ ਆਫ਼ ਇੰਡੀਆ, ਡਾਕ ਅਤੇ ਤਾਰ ਵਿਭਾਗ ਆਦਿ। ਇਨ੍ਹਾਂ ਰਿਪੋਰਟਾਂ ਵਿਚ ਇਨ੍ਹਾਂ ਵਿਭਾਗਾਂ ਦੇ ਕੰਮ ਵਿਚ ਜ਼ਿਆਦਾ ਯੋਗਤਾ ਲਿਆਉਣ ਲਈ ਵੱਖ-ਵੱਖ ਤਰ੍ਹਾਂ ਦੀਆਂ 537 ਸਿਫ਼ਾਰਸ਼ਾਂ ਕੀਤੀਆਂ ਜੋ ਕਿ ਇਸ ਕਮਿਸ਼ਨ ਦੇ ਇਨ੍ਹਾਂ ਨਾਲ ਸੰਬੰਧਿਤ ਮੰਤਰਾਲਾ ਨਾਲ ਤਾਲਮੇਲ ਕਰਨ ਤੋਂ ਬਾਅਦ ਡੂੰਘੇ ਅਧਿਐਨ ਤੋਂ ਬਾਅਦ ਕੀਤੀਆਂ ਸਨ। ਇਹ ਕਮਿਸ਼ਨ 1970 ਦੇ ਅੱਧ ਤਕ ਰਿਹਾ ਪਰ ਇਨ੍ਹਾਂ ਦੀਆਂ ਸਿਫ਼ਾਰਸ਼ਾਂ ਨੂੰ ਨਵੰਬਰ 1977 ਵਿਚ ਪਾਰਲੀਮੈਂਟ ਦੇ ਸਾਹਮਣੇ

ਪੇਸ਼ ਕੀਤਾ ਗਿਆ।

**1991 ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦੀ ਨੀਤੀ ਨੂੰ ਸਾਰੀ ਦੁਨੀਆਂ ਵਿਚ ਉਤਸ਼ਾਹਿਤ ਕੀਤਾ ਗਿਆ ਜਿਸ ਲਈ ਇਸ ਵਾਤਾਵਰਨ ਵਿਚ ਪ੍ਰਬੰਧਕੀ ਤਬਦੀਲੀਆਂ ਦੀ ਲੋੜ ਸਮਝੀ ਗਈ। ਇਸ ਕਰਕੇ ਫਿਰ 5 ਅਗਸਤ 2005 ਨੂੰ ਦੂਸਰਾ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਸਥਾਪਿਤ ਕੀਤਾ ਗਿਆ ਅਤੇ ਇਸ ਕਮਿਸ਼ਨ ਦੇ ਪ੍ਰਧਾਨ ਸਨ ਵੀਰੱਪਾ ਮੋਇਲੀ ਜਦੋਂ ਕਿ ਡਾ. ਏ.ਪੀ. ਮੁਖਰਜੀ, ਡਾ. ਏ. ਐਚ ਕਾਲਰੋ, ਡਾ. ਜੈਪ੍ਰਕਾਸ਼ ਨਰਾਇਣਨ ਇਸ ਦੇ ਮੈਂਬਰ ਸਨ ਅਤੇ ਵਨੀਤਾ ਰਾਏ ਇਸ ਕਮਿਸ਼ਨ ਦੇ ਮੈਂਬਰ ਸਕੱਤਰ ਸਨ।**

ਵੀਰੱਪਾ ਮੋਇਲੀ ਦੇ 2009 ਵਿਚ ਅਸਤੀਫ਼ਾ ਦੇਣ ਤੋਂ ਬਾਅਦ ਵੀ ਰਾਮਾਚੰਦਰ ਨੂੰ ਇਸ ਕਮਿਸ਼ਨ ਦਾ ਚੇਅਰਮੈਨ ਬਣਾਇਆ ਗਿਆ। ਕਮਿਸ਼ਨ ਦੇ ਜ਼ਿੰਮੇ ਇਹ ਲਾਇਆ ਗਿਆ ਕਿ ਉਹ ਇਹ ਅਧਿਐਨ ਕਰੇ ਕਿ ਕਿਸ ਤਰ੍ਹਾਂ ਯੋਗ ਪ੍ਰਸ਼ਾਸਨ ਜਿਹੜਾ ਲਗਾਤਾਰ ਚੱਲਣ ਵਾਲਾ ਹੋਵੇ ਅਤੇ ਜਵਾਬਦੇਹ ਹੋਵੇ ਅਤੇ ਉਸ ਲਈ ਕਿਸ ਤਰ੍ਹਾਂ ਦੇ ਸੁਧਾਰ ਕਰਨ ਦੀ ਲੋੜ ਹੈ। ਇਸ ਲਈ ਇਸ ਕਮਿਸ਼ਨ ਨੂੰ ਕੁਝ ਗੱਲਾਂ 'ਤੇ ਖ਼ਾਸ ਧਿਆਨ ਦੇਣ ਲਈ ਕਿਹਾ ਗਿਆ।

ਵਿਸ਼ੇ ਸਨ ; ਭਾਰਤ ਸਰਕਾਰ ਦਾ ਪ੍ਰਸ਼ਾਸਨਿਕ ਢਾਂਚਾ, ਪ੍ਰਸ਼ਾਸਨ ਦੀ ਨੈਤਿਕਤਾ, ਵਿੱਤੀ ਪ੍ਰਬੰਧ ਬਣਾਉਣਾ, ਜ਼ਿਲ੍ਹਿਆਂ ਦੀ ਪੱਧਰ 'ਤੇ ਯੋਗ ਪ੍ਰਬੰਧ ਨੂੰ ਯਕੀਨੀ ਬਣਾਉਣਾ, ਸਥਨਕ ਸਰਕਾਰਾਂ ਅਤੇ ਪੰਚਾਇਤਾਂ ਦੇ ਪ੍ਰਬੰਧ ਦਾ ਅਧਿਐਨ, ਸਮਾਜਿਕ ਪੂੰਜੀ, ਟਰਸਟ ਅਤੇ ਜਨਤਕ ਸੇਵਾਵਾਂ ਨੂੰ ਪ੍ਰਦਾਨ ਕਰਨਾ ਆਦਿ। ਕਮਿਸ਼ਨ ਨੇ ਰਾਜਾਂ ਦੀਆਂ ਸਰਕਾਰਾਂ ਦੀ ਸਲਾਹ ਨਾਲ ਆਪਣੇ ਢੰਗ ਬਣਾਉਣੇ ਸਨ ਅਤੇ ਇਸ ਲਈ ਉਹ ਕਮੇਟੀਆਂ, ਸਲਾਹਕਾਰ ਆਪਣੀ ਸਹਾਇਤਾ ਲਈ ਨਿਯੁਕਤ ਕਰ ਸਕਦੇ ਸਨ। ਭਾਰਤ ਸਰਕਾਰ ਦੇ ਮੰਤਰੀ ਅਤੇ ਸੰਬੰਧਿਤ ਵਿਭਾਗ ਇਸ ਲਈ ਲੋੜੀਂਦੀ ਅਤੇ ਜ਼ਰੂਰੀ ਜਾਣਕਾਰੀ ਪ੍ਰਦਾਨ ਕਰਨਗੇ।

ਇਸ ਦੂਸਰੇ ਪ੍ਰਸ਼ਾਸਨਿਕ ਸੁਧਾਰ ਕਮਿਸ਼ਨ ਨੇ ਸਰਕਾਰ ਨੂੰ 15 ਰਿਪੋਰਟਾਂ ਦਿਤੀਆਂ ਜਿਨ੍ਹਾਂ ਵਿਚ ਸੂਚਨਾ ਦਾ ਅਧਿਕਾਰ, 2006 ਵਿਚ ਮੁਸ਼ਕਿਲਾਂ ਦਾ ਹੱਲ ਕਰਨਾ, 2006 ਵਿਚ, ਸਥਾਨਕ ਪ੍ਰਸ਼ਾਸਨ 2007 ਵਿਚ, ਸਮਾਜਿਕ ਪੂੰਜੀ 2008 ਵਿਚ ਭਾਰਤ ਸਰਕਾਰ ਦਾ ਪ੍ਰਸ਼ਾਸਨੀ ਢਾਂਚਾ 2009 ਵਿਚ, ਰਾਜਾਂ ਅਤੇ ਜ਼ਿਲ੍ਹਿਆਂ ਦੇ ਪ੍ਰਬੰਧ ਦੀ ਰਿਪੋਰਟ 2009 ਵਿਚ ਆਦਿ ਦਿਤੀਆਂ।

30 ਮਾਰਚ 2007 ਨੂੰ ਉਸ ਵਕਤ ਦੇ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਦੀ ਪ੍ਰਧਾਨਗੀ ਅਧੀਨ ਸਰਕਾਰ ਨੇ ਮੰਤਰੀਆਂ ਦੇ ਇਕ ਗਰੁੱਪ ਨੂੰ ਨਿਯੁਕਤ ਕੀਤਾ ਕਿ ਉਹ ਸੁਧਾਰ ਕਮਿਸ਼ਨ ਦੀਆਂ ਸਿਫ਼ਾਰਸ਼ਾਂ 'ਤੇ ਧਿਆਨ ਦੇਣ ਅਤੇ ਉਨ੍ਹਾਂ ਦੀ ਸਮੀਖਿਆ ਕਰਨ।

ਭਾਵੇਂ ਕਿ ਲੋਕਪਾਲ ਦਾ ਬਿਲ ਕਈ ਚਿਰਾਂ ਤੋਂ ਸੰਸਦ ਵਿਚ ਪੇਸ਼ ਕੀਤਾ ਜਾਂਦਾ ਰਿਹਾ ਸੀ ਪਰ ਉਸ ਨੂੰ ਗੰਭੀਰਤਾ ਨਾਲ 2011 ਵਿਚ ਪੇਸ਼ ਕੀਤਾ ਗਿਆ ਅਤੇ ਫਿਰ ਇਸ ਨੂੰ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਸਹਿਯੋਗ ਨਾਲ 2013 ਵਿਚ ਪਾਸ ਕਰ ਦਿਤਾ ਗਿਆ। ਇਸ ਸੰਸਥਾ ਨਾਲ ਸੰਸਦ ਦੇ ਮੈਂਬਰ ਅਤੇ ਮੰਤਰੀਆਂ ਦੇ ਕੰਮਕਾਜ 'ਤੇ ਧਿਆਨ ਰਖਿਆ ਜਾਵੇਗਾ ਅਤੇ ਉਨ੍ਹਾਂ ਦੇ ਕੰਮ ਕਰਨ ਦੇ ਢੰਗ ਅਤੇ ਉਨ੍ਹਾਂ ਸੰਬੰਧੀ ਭ੍ਰਿਸ਼ਟਾਚਾਰ ਦੀਆਂ ਆਈਆਂ ਸ਼ਿਕਾਇਤਾਂ ਦੀ ਸੁਣਵਾਈ ਕੀਤੀ ਜਾਵੇਗੀ। ਇਸ ਸੰਸਥਾ ਨੂੰ ਬਿਲਕੁਲ ਸਰਕਾਰ ਪ੍ਰਭਾਵ ਤੋਂ ਸੁਤੰਤਰ ਰੱਖਣ ਦੀ ਵਿਵਸਥਾ ਕੀਤੀ ਜਾਵੇਗੀ ਤਾਂ ਕਿ ਸਰਕਾਰ ਦੇ ਪ੍ਰਭਾਵ ਨਾਲ ਇਸ ਸੰਸਥਾ ਦੇ ਕੰਮਕਾਜ 'ਤੇ ਕੋਈ ਪ੍ਰਭਾਵ ਨਾ ਪਵੇ ਅਤੇ ਪ੍ਰਸ਼ਾਸਨਿਕ ਸੁਧਾਰਾਂ ਵਿਚ ਕੋਈ ਰੁਕਾਵਟ ਨਾ ਆਵੇ।

ਪ੍ਰਸ਼ਾਸਨਿਕ ਸੁਧਾਰਾਂ ਵਿਚ ਸੂਚਨਾ ਦੇ ਅਧਿਕਾਰ ਦਾ ਹੱਕ ਜੋ 2006 ਵਿਚ ਲਾਗੂ ਕੀਤਾ ਗਿਆ ਇਕ ਬਹੁਤ ਮਹੱਤਵਪੂਰਨ ਕਦਮ ਹੈ। ਇਸ ਨਾਲ ਕਿਸੇ ਵੀ ਸਰਕਾਰੀ ਕਰਮਚਾਰੀ ਬਾਰੇ ਹਰ ਤਰ੍ਹਾਂ ਦੀ ਸੂਚਨਾ ਜਾਂ ਕਿਸੇ ਕਾਰਵਾਈ ਲਈ ਕੀਤੀ ਗਈ ਪ੍ਰਕਿਰਿਆ ਦੀ ਸਾਰੀ ਸੂਚਨਾ ਉਪਲਬਧ ਕਰਾਉਣ ਦੀ ਵਿਵਸਥਾ ਕੀਤੀ ਗਈ। ਇਸ ਅਧਿਕਾਰ ਨਾਲ ਕੋਈ ਵੀ ਵਿਅਕਤੀ ਥੋੜ੍ਹੀ ਜਿਹੀ ਫੀਸ ਦੇ ਕੇ ਕਿਸੇ ਵੀ ਵਿਅਕਤੀ ਜਾਂ ਮਹਿਕਮੇ ਬਾਰੇ ਸੂਚਨਾ ਪ੍ਰਾਪਤ ਕਰ ਸਕਦਾ ਹੈ ਅਤੇ ਸੰਬੰਧਿਤ ਮਹਿਕਮੇ ਜਾਂ ਕਰਮਚਾਰੀ ਨੂੰ ਉਹ ਸੂਚਨਾ ਸੀਮਤ ਸਮੇਂ ਦੇ ਅੰਦਰ ਦੇਣੀ ਪਵੇਗੀ ਅਤੇ ਕੁਤਾਹੀ ਕਰਨ ਦੀ ਹਾਲਤ ਵਿਚ ਉਸ ਕਰਮਚਾਰੀ ਦੇ ਅਧੀਨ ਕਾਨੂੰਨੀ ਕਾਰਵਾਈ ਕੀਤੀ ਜਾ ਸਕੇਗੀ। ਇਸ ਅਧਿਕਾਰ ਰਾਹੀਂ ਕੋਈ ਵੀ ਵਿਅਕਤੀ, ਰਾਜ, ਕੇਂਦਰ ਜਾਂ ਸਥਾਨਕ ਸਰਕਾਰ ਦੀ ਕਿਸੇ ਵੀ ਕਾਰਵਾਈ ਸੰਬੰਧੀ ਸੂਚਨਾ ਪ੍ਰਾਪਤ ਕਰ ਸਕਦਾ ਹੈ। ਇਸ ਨਾਲ ਸਾਰੇ ਹੀ ਅਧਿਕਾਰੀ ਅਤੇ ਕਰਮਚਾਰੀ ਸੁਚੇਤ ਹੋ ਗਏ ਹਨ ਅਤੇ ਇਸ ਇਕ ਹੀ ਅਧਿਕਾਰ ਨਾਲ ਪ੍ਰਸ਼ਾਸਨ ਵਿਚ ਬਹੁਤ ਵੱਡੀ ਯੋਗਤਾ ਆ ਗਈ ਹੈ।

**ਪ੍ਰਸ਼ਾਸਨਿਕ ਸੁਧਾਰਾਂ ਦੀ ਕਿਰਿਆ ਲਗਾਤਾਰ ਜਾਰੀ ਰਹੇਗੀ ਕਿਉਂਕਿ ਜੋ ਸਮੇਂ-ਸਮੇਂ 'ਤੇ ਆਈਆਂ ਤਬਦੀਲੀਆਂ ਨਾਲ ਨਵੀਆਂ ਲੋੜਾਂ ਪੈਦਾ ਹੋ ਜਾਂਦੀਆਂ ਹਨ ਜਿਸ ਕਰਕੇ ਪਹਿਲੀਆਂ ਹਾਲਤਾਂ ਬਦਲ ਜਾਂਦੀਆਂ ਹਨ ਜਿਸ ਲਈ ਨਵੇਂ ਸੁਧਾਰਾਂ ਦੀ ਲੋੜ ਬਣ ਜਾਂਦੀ ਹੈ। ਇਨ੍ਹਾਂ ਪ੍ਰਸ਼ਾਸਨਿਕ ਸੁਧਾਰਾਂ ਦਾ ਉਦੇਸ਼ ਸਿਰਫ਼ ਇਕ ਹੈ ਕਿ ਆਮ ਵਿਅਕਤੀ ਨੂੰ ਅਸਾਨੀ ਨਾਲ ਸਰਕਾਰੀ ਸੇਵਾਵਾਂ ਅਤੇ ਫ਼ੈਸਲੇ ਮਿਲ ਸਕਦੇ ਹਨ।**

*(ਲੇਖਕ ਅਰਥਸ਼ਾਸਤਰੀ ਤੇ ਸੇਵਾ ਮੁਕਤ ਪ੍ਰੋਫੈਸਰ ਹੈ।)*

*e-mail :sarbjitchhina@yahoo.com*

### *ਵਿਚਾਰ*

- *ਚੰਗਾ ਰਾਜ ਚਲਾਉਣ ਲਈ, ਚੰਗੇ ਕਾਨੂੰਨਾਂ ਦੀ ਉਨੀ ਲੋੜ ਨਹੀਂ ਹੁੰਦੀ ਜਿੰਨੀ ਕਿ ਸੁਹਿਰਦ ਅਧਿਕਾਰੀਆਂ ਦੀ। -(ਅਰਸਤੂ)*
- *ਜਿਹੜਾ ਰਾਜ ਸਵੈ-ਸਨਮਾਨ ਦੀ ਸਿੱਖਿਆ ਦਿੰਦਾ ਹੈ ਉਹ ਸਰਬੋਤਮ ਮੰਨਿਆ ਜਾਂਦਾ ਹੈ। – (ਗੇਟੇ)*
- *ਉਹ ਹੀ ਸਰਕਾਰ ਸਭ ਤੋਂ ਵਧੀਆ ਹੈ, ਜਿਹੜੀ ਵੱਧ ਤੋਂ ਵੱਧ ਕੁੱਝ ਦੇ ਸਕਦੀ ਹੈ। – (ਵੋਲਟਰ.ਐੱਲ)*
- *ਸਰਕਾਰ ਦੀ ਸਾਰੀ ਕਲਾ ਉਸ ਦੀ ਈਮਾਨਦਾਰੀ ਵਿਚ ਹੁੰਦੀ ਹੈ। – (ਥੌਮਸ. ਜੇ)*
- *ਉਹ ਸਰਕਾਰ ਚੰਗੀ ਮੰਨੀ ਜਾਂਦੀ ਹੈ ਜਿਹੜੀ ਗਰੀਬ ਤੇ ਕਮਜ਼ੋਰ ਮਨੁੱਖ ਨਾਲ ਹੋਈ ਵਧੀਕੀ ਨੂੰ ਸਭਨਾਂ ਦਾ ਅਪਮਾਨ ਮੰਨਦੀ ਹੈ। – (ਸੋਲਨ)*

# ਪ੍ਰਸ਼ਾਸਨਿਕ ਸੁਧਾਰਾਂ ਦੇ ਉਦੇਸ਼ ਤੇ ਪ੍ਰਾਪਤੀਆਂ

ਸਰਤਾਜ ਸਿੰਘ

ਸੁਧਾਰ ਦਾ ਅਰਥ ਹੈ, ਪਹਿਲਾਂ ਤੋਂ ਕੁਝ ਚੰਗਾ ਕਰਨਾ ਤਾਂ ਕਿ ਉਸ ਵਿਚ ਸੁਧਾਰ ਹੋ ਸਕੇ ਜਾਂ ਕਿਸੇ ਤਰੁੱਟੀ ਨੂੰ ਦੂਰ ਕਰਨਾ। ਜਦੋਂ ਪ੍ਰਸ਼ਾਸਨਿਕ ਸੁਧਾਰਾਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਸ ਦਾ ਸੰਬੰਧ ਪ੍ਰਬੰਧ ਵਿਚ ਪਹਿਲਾਂ ਤੋਂ ਚੰਗੇ ਢਾਂਚੇ ਅਤੇ ਪ੍ਰਣਾਲੀ ਨਾਲ ਹੈ ਤਾਂ ਕਿ ਪਹਿਲਾਂ ਤੋਂ ਚਲ ਰਹੀਆਂ ਤਰੁਟੀਆਂ ਨੂੰ ਦੂਰ ਕੀਤਾ ਜਾ ਸਕੇ। 1947 ਤੋਂ ਪਹਿਲਾਂ ਭਾਰਤ ਬ੍ਰਿਟਿਸ਼ ਸਾਮਰਾਜ ਦਾ ਹਿੱਸਾ ਸੀ। ਹਰ ਵਿਅਕਤੀ ਨੂੰ ਵੋਟ ਦਾ ਅਧਿਕਾਰ ਨਹੀਂ ਸੀ ਅਤੇ ਪ੍ਰਬੰਧ ਦਾ ਮੁੱਖ ਮੰਤਵ ਅੰਗਰੇਜ਼ ਸਰਕਾਰ ਦੀ ਯੋਗਤਾ ਨਾਲ ਸੇਵਾ ਕਰਨੀ ਸੀ। ਸੁਤੰਤਰਤਾ ਤੋਂ ਬਾਅਦ ਨਵਾਂ ਸੰਵਿਧਾਨ ਅਪਣਾਇਆ ਗਿਆ ਤਾਂ ਇਸ ਸੰਵਿਧਾਨ ਨੂੰ ਸ਼ੁਰੂ ਹੀ "ਅਸੀਂ ਭਾਰਤ ਦੇ ਲੋਕ" ਨਾਲ ਸ਼ੁਰੂ ਕੀਤਾ ਗਿਆ ਜਿਸ ਦਾ ਅਰਥ ਸੀ ਕਿ ਹਰ ਕਿਸੇ ਲਈ ਰਾਜਨੀਤਕ, ਆਰਥਿਕ ਖੇਤਰ ਆਦਿ ਵਿਚ ਬਰਾਬਰ ਦੇ ਮੌਕੇ। ਕੋਈ ਉੱਤਮ ਜਾਂ ਘੱਟ ਮਿਆਰ ਦਾ ਸ਼ਹਿਰੀ ਨਹੀਂ।

ਉਪਰੰਤ, ਪਹਿਲਾ ਜਿਹੜਾ ਪ੍ਰਸ਼ਾਸਨਿਕ ਸੁਧਾਰ ਕੀਤਾ ਗਿਆ, ਉਹ ਸੀ ਭਾਰਤ ਵਿਚ ਸੰਸਦੀ ਢੰਗ ਦੀ ਸਰਕਾਰ ਅਪਣਾਈ ਗਈ ਜਿਸ ਨੂੰ ਹਰ ਇਕ ਬਾਲਗ ਸ਼ਹਿਰੀ ਵਲੋਂ ਵੋਟਾਂ ਨਾਲ ਚੁਣਿਆ ਜਾਂਦਾ ਸੀ। ਲੋਕਾਂ ਵਲੋਂ ਚੁਣੀ ਹੋਈ ਸਰਕਾਰ ਪ੍ਰਸ਼ਾਸਨ ਲਈ ਪੂਰੀ ਤਰ੍ਹਾਂ ਸਮਰਥ ਸੀ। ਇਸ ਲਈ ਸੰਵਿਧਾਨ ਅਨੁਸਾਰ ਨਵੇਂ ਪ੍ਰਬੰਧ ਦੇ ਤਹਿਤ ਸਰਕਾਰ ਤਿੰਨਾਂ ਅੰਗਾਂ, ਕਾਨੂੰਨ ਬਣਾਉਣ ਵਾਲੀ ਸੰਸਦ, ਪ੍ਰਬੰਧਕ ਮਸ਼ੀਨਰੀ ਅਤੇ ਨਿਆਂਪਾਲਿਕਾ ਵਿਚ ਕੰਮਾਂ ਦੀ ਵੰਡ ਕੀਤੀ ਗਈ। ਇਨ੍ਹਾਂ ਨੂੰ ਇਕ ਦੂਸਰੇ ਤੋਂ ਬਿਲਕੁਲ ਸੁਤੰਤਰ ਕੀਤਾ ਗਿਆ। ਕਾਨੂੰਨ ਘੜਣ ਵਾਲੀ ਸਭਾ ਵਿਚੋਂ ਕਾਰਜਕਾਰਨੀ ਸਰਕਾਰ ਦੇ ਰੂਪ ਵਿਚ ਬਣਦੀ ਸੀ। ਪਰ ਇਸ ਕਾਰਜਕਾਰਨੀ ਦੇ ਤਹਿਤ ਕੇਂਦਰ ਅਤੇ ਰਾਜਾਂ ਦੇ ਅਧਿਕਾਰੀਆਂ ਲਈ ਕੰਮ ਕਰਨ ਦੀ ਪ੍ਰਣਾਲੀ ਯਕੀਨੀ ਬਣਾਈ ਗਈ। ਉਨ੍ਹਾਂ ਵਲੋਂ ਪ੍ਰਬੰਧ ਕਰਦੇ ਸਮੇਂ ਕੰਮ ਵਿਚ ਕੋਈ ਵੀ ਦਖ਼ਲ ਨਹੀਂ ਸੀ ਦੇ ਸਕਦਾ। ਨਿਆਂਪਾਲਕਾ ਕਾਰਜਕਾਰਨੀ ਤੋਂ ਬਿਲਕੁਲ ਸੁਤੰਤਰ ਹੋ ਕੇ ਕੰਮ ਕਰਦੀ ਸੀ। ਨਿਆਂਪਾਲਿਕਾ ਦੇ ਅਧੀਨ ਇਹ ਜ਼ਿੰਮੇਵਾਰੀ ਆਉਂਦੀ ਸੀ ਕਿ ਉਹ ਧਿਆਨ ਰਖੇ ਕਿ ਕਾਰਜਕਾਰਨੀ ਕਿਸੇ ਵੇਲੇ ਵੀ ਆਪਣੀਆਂ ਸ਼ਕਤੀਆਂ ਅਤੇ ਫ਼ਰਜ਼ਾਂ ਤੋਂ ਅੱਗੇ ਨਾ ਜਾਵੇ ਅਤੇ ਇਹ ਯਕੀਨੀ ਬਣਾਏ ਕਿ ਦੇਸ਼ ਵਿਚ ਰਹਿਣ ਵਾਲੇ ਸਾਰੇ ਸ਼ਹਿਰੀਆਂ ਦੇ ਮਨੁੱਖੀ ਅਧਿਕਾਰ ਹਰੇਕ ਦੀ ਪਹੁੰਚ ਵਿਚ ਹਨ ਅਤੇ ਕਾਰਜਕਾਰਨੀ ਉਨ੍ਹਾਂ ਨੂੰ ਕਦੀ ਵੀ ਪ੍ਰਭਾਵਤ ਨਹੀਂ ਕਰ ਸਕਦੀ। ਸਮੇਂ-ਸਮੇਂ ਕਾਨੂੰਨ ਘੜਨ ਵਾਲੀ ਸਭਾ, ਕਾਰਜਕਾਰਨੀ ਅਤੇ ਨਿਆਂਪਾਲਿਕਾ ਦੇ ਕੰਮਾਂ ਦੀ ਵਿਵਸਥਾ ਵਿਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਕੀਤੀਆਂ ਗਈਆਂ। ਮੁੱਖ ਉਦੇਸ਼ ਸੀ ਉਨ੍ਹਾਂ ਦੀਆਂ ਤਰੁੱਟੀਆਂ ਨੂੰ ਦੂਰ ਕਰ ਕੇ, ਵੱਧ ਤੋਂ ਵੱਧ ਯੋਗਤਾ ਨਾਲ ਪ੍ਰਬੰਧ ਵਿਚ ਸੁਧਾਰ ਲਿਆਂਦੇ ਜਾਣ।

ਫਿਰ ਕਾਰਜਕਾਰਨੀ ਦੇ ਤਹਿਤ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਨਿਯੁਕਤੀ ਦੇ ਢੰਗਾਂ ਨੂੰ ਯਕੀਨੀ ਬਣਾਇਆ ਗਿਆ। ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੇ ਛੋਟੇ ਤੋਂ ਲੈ ਕੇ ਉੱਚੇ ਦਰਜੇ ਤਕ ਦੇ ਕਰਮਚਾਰੀਆਂ ਦੀਆਂ ਨਿਯੁਕਤੀਆਂ ਦੇ ਢੰਗ ਇਸ ਪ੍ਰਕਾਰ ਬਣਾਏ ਗਏ ਕਿ ਦੇਸ਼ ਦੇ ਹਰ ਵਿਅਕਤੀ ਲਈ ਜੇ ਉਹ ਘੱਟੋ-ਘੱਟ ਯੋਗਤਾਵਾਂ ਪੂਰੀਆਂ ਕਰਦਾ ਹੋਵੇ ਤਾਂ ਚੋਣ ਲਈ ਬਰਾਬਰ ਦੇ ਮੌਕੇ ਦਿਤੇ ਜਾਣ। ਇਸ ਦੇ ਅਧੀਨ ਕੇਂਦਰ ਵਿਚ ਅਤੇ ਰਾਜਾਂ ਵਿਚ ਸਰਵਿਸ ਸਲੈਕਸ਼ਨ ਬੋਰਡ ਬਣਾਏ ਗਏ ਜਿਸ ਵਿਚ ਕਿਸੇ ਵੀ ਵਿਅਕਤੀ ਨੂੰ ਧਰਮ, ਬੋਲੀ, ਰਾਜ, ਜਾਤ ਜਾਂ ਖੇਤਰ ਆਦਿ ਦੇ ਤਹਿਤ ਕਿਸੇ ਵੀ ਨਿਯੁਕਤੀ ਦੇ ਮੌਕੇ ਤੋਂ ਲਾਂਭੇ ਨਹੀਂ ਕੀਤਾ ਜਾ ਸਕਦਾ। ਇਹ ਨਿਯੁਕਤੀਆਂ ਕਰਨ ਦਾ ਪ੍ਰਬੰਧ ਇੰਨਾ ਪਾਰਦਰਸ਼ੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਨਾ ਤਾਂ ਕਾਰਜਕਾਰਨੀ ਅਤੇ ਨਾ ਹੀ ਰਾਜ ਜਾਂ ਕੇਂਦਰ ਦੀ ਸੰਸਦ ਦੇ ਮੈਂਬਰ ਜਾਂ ਕਾਰਜਕਾਰਨੀ ਦੇ ਮੈਂਬਰ ਇਨ੍ਹਾਂ ਕਰਮਚਾਰੀਆਂ ਦੀ ਨਿਯੁਕਤੀ ਨੂੰ ਪ੍ਰਭਾਵਤ ਕਰ ਸਕਣ ਅਤੇ ਉਨ੍ਹਾਂ ਦੀ ਨਿਯੁਕਤੀ ਦਾ ਆਧਾਰ ਸਿਰਫ਼ ਉਨ੍ਹਾਂ ਦੀ ਯੋਗਤਾ ਹੀ ਹੋਵੇ।

ਪ੍ਰਸ਼ਾਸਨਿਕ ਸੁਧਾਰਾਂ ਦਾ ਇਕ ਵੱਡਾ ਪੱਖ ਸੀ ਸ਼ਕਤੀਆਂ ਅਤੇ ਕੰਮਾਂ ਦਾ ਵਿਕੇਂਦਰੀਕਰਨ ਕਰਨਾ, ਕੇਂਦਰ ਦੀਆਂ ਸ਼ਕਤੀਆਂ ਅਤੇ ਫ਼ਰਜ਼, ਰਾਜਾਂ ਦੇ ਕੰਮ ਅਤੇ ਇਸ ਤੋਂ ਇਲਾਵਾ, ਸ਼ਹਿਰੀ ਖੇਤਰਾਂ ਦਾ ਸਥਾਨਕ ਪ੍ਰਬੰਧ ਅਤੇ ਪਿੰਡਾਂ ਵਿਚ ਸਥਾਨਕ ਪ੍ਰਬੰਧ ਜਾਂ ਪੰਚਾਇਤਾਂ ਦੀ ਚੋਣ ਦੀ ਪ੍ਰਕਿਰਿਆ ਤੈ ਕਰਨੀ। ਮੈਂਬਰਾਂ ਦੀ ਗਿਣਤੀ, ਉਨ੍ਹਾਂ ਦੀ ਮਿਆਦ ਅਤੇ ਉਨ੍ਹਾਂ ਨੂੰ ਮਿਲਣ ਵਾਲੇ ਅਧਿਕਾਰ ਅਤੇ ਉਨ੍ਹਾਂ ਵਲੋਂ ਪੂਰੇ ਕੀਤੇ ਜਾਣ ਵਾਲੇ ਫ਼ਰਜ਼ਾਂ ਦੀ ਵਿਆਖਿਆ ਕੀਤੀ ਗਈ। ਵਿਕੇਂਦਰੀਕਰਨ ਦੀ ਇਸ ਪ੍ਰਕਿਰਿਆ ਵਿਚ ਸਮੇਂ-ਸਮੇਂ ਤਬਦੀਲੀਆਂ ਕੀਤੀਆਂ ਜਾਂਦੀਆਂ ਰਹੀਆਂ ਜਿਨ੍ਹਾਂ ਦਾ ਮੁੱਖ ਉਦੇਸ਼, ਇਨ੍ਹਾਂ ਦੇ ਕੰਮ ਕਰਨ ਦੀ ਯੋਗਤਾ ਵਿਚ ਵਾਧਾ ਕਰਨਾ ਅਤੇ ਇਸ ਗੱਲ 'ਤੇ ਧਿਆਨ ਦੇਣਾ ਸੀ ਕਿ ਹਰ ਇਕ ਲਈ ਬਰਾਬਰ ਦੇ ਮੌਕੇ ਹੋਣ।

1951 ਵਿਚ ਯੋਜਨਾ ਕਮਿਸ਼ਨ ਵਲੋਂ ਏ.ਡੀ. ਗੋਰਵਾਲਾ ਕਮੇਟੀ ਦੀ ਨਿਯੁਕਤੀ ਕੀਤੀ ਗਈ ਅਤੇ ਉਸ ਤੋਂ ਦੋ ਸਾਲ ਬਾਅਦ 1953 ਵਿਚ ਐਪਲਬੀ ਕਮਿਸ਼ਨ ਸਥਾਪਿਤ ਕੀਤਾ ਗਿਆ। ਉਸ ਵੇਲੇ ਇਹ ਗੱਲ ਵੇਖੀ ਗਈ ਸੀ ਕਿ ਯੋਜਨਾਵਾਂ ਨੂੰ ਠੀਕ ਤਰ੍ਹਾਂ ਲਾਗੂ ਕਰਨ ਅਤੇ ਉਨ੍ਹਾਂ ਤੋਂ ਚੰਗੇ ਸਿੱਟੇ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਸੀ ਕਿ ਕਰਮਚਾਰੀਆਂ ਦੀ ਨਿਯੁਕਤੀ ਅਤੇ ਉਨ੍ਹਾਂ

ਵਲੋਂ ਵੱਖ-ਵੱਖ ਵਿਭਾਗਾਂ ਵਿਚ ਤਾਲਮੇਲ ਲਈ ਕੁਝ ਚੰਗੀਆਂ ਤਬਦੀਲੀਆਂ ਕੀਤੀਆਂ ਜਾਣ। 1956 ਵਿਚ ਯੋਜਨਾ ਆਯੋਗ ਨੇ ਫਿਰ ਯੋਜਨਾ ਦੇ ਪ੍ਰਜੈਕਟਾਂ ਸੰਬੰਧੀ ਸਲਾਹਕਾਰ ਕਮੇਟੀ ਦੀ ਸਥਾਪਨਾ ਕੀਤੀ ਕਿ ਉਹ ਇਹ ਅਧਿਐਨ ਕਰੇ ਕਿ ਉਹ ਕਿਹੜੀਆਂ ਯੋਗ ਸੰਸਥਾਵਾਂ, ਢੰਗ, ਮਿਆਰ ਅਤੇ ਤਕਨੀਕਾਂ ਹੋ ਸਕਦੀਆਂ ਹਨ ਜਿਨ੍ਹਾਂ ਨਾਲ ਫ਼ਜ਼ੂਲ ਖਰਚੀ ਨੂੰ ਰੋਕਿਆ ਜਾ ਸਕੇ ਅਤੇ ਪ੍ਰੋਜੈਕਟਾਂ ਨੂੰ ਯੋਗਤਾ ਨਾਲ ਲਾਗੂ ਕੀਤਾ ਜਾ ਸਕੇ। ਭਾਵੇਂ ਇਸ ਕਮੇਟੀ ਨੂੰ 1970 ਵਿਚ ਖਤਮ ਕਰ ਦਿਤਾ ਗਿਆ ਪਰ ਇਸ ਵਲੋਂ ਕੀਤੀਆਂ ਗਈਆਂ ਸਿਫ਼ਾਰਸ਼ਾਂ ਵਿਕਾਸ ਵਿਚ ਤੇਜ਼ੀ ਲਿਆਉਣ ਅਤੇ ਤਰੁੱਟੀਆਂ ਦੂਰ ਕਰਨ ਲਈ ਬਹੁਤ ਸਹਾਇਕ ਸਾਬਿਤ ਹੋਈਆਂ।

**ਪ੍ਰਸ਼ਾਸਨਿਕ ਸੁਧਾਰ ਲਿਆਉਣ ਲਈ 1966 ਵਿਚ ਸ੍ਰੀ ਮੁਰਾਰਜੀ ਦੇਸਾਈ ਦੀ ਪ੍ਰਧਾਨਗੀ ਹੇਠ ਇਕ ਕਮਿਸ਼ਨ ਸਥਾਪਿਤ ਕੀਤਾ ਗਿਆ। ਕਮਿਸ਼ਨ ਨੇ ਵੱਖ-ਵੱਖ ਵਿਭਾਗਾਂ ਵਿਚ ਸੁਧਾਰ ਕਰਨ ਅਤੇ ਯੋਗਤਾ ਲਿਆਉਣ ਲਈ ਸਮੇਂ-ਸਮੇਂ 20 ਰਿਪੋਰਟਾਂ ਦਿਤੀਆਂ ਜਿਨ੍ਹਾਂ ਵਿਚ 500 ਦੇ ਲਗਭਗ ਸਿਫ਼ਾਰਸ਼ਾਂ ਕੀਤੀਆਂ ਗਈਆਂ ਸਨ। ਸਿਫ਼ਾਰਸ਼ਾਂ ਵਿਚ ਮੁੱਖ ਸਿਫ਼ਾਰਸ਼ ਇਹ ਸੀ ਕਿ ਕਿਸੇ ਕਰਮਚਾਰੀ ਦੀ ਨੌਕਰੀ ਦੌਰਾਨ ਉਸ ਨੂੰ ਉਚੇਰੀ ਸਥਿਤੀ ਪ੍ਰਾਪਤ ਕਰਨ ਲਈ ਮੁਕਾਬਲੇ ਦੇ ਇਮਤਿਹਾਨ ਰਾਹੀਂ ਉਹ ਸਥਿਤੀ ਪ੍ਰਾਪਤ ਕਰਨ ਦਾ ਮੌਕਾ ਦਿਤਾ ਜਾਵੇ। ਕਮੇਟੀ ਵਲੋਂ ਕੀਤੀਆਂ ਗਈਆਂ ਸਿਫ਼ਾਰਸ਼ਾਂ ਵਿਚੋਂ ਕੁਝ ਨੂੰ ਮੰਨ ਲਿਆ ਗਿਆ ਅਤੇ ਕੁਝ ਨੂੰ ਰੱਦ ਵੀ ਕਰ ਦਿਤਾ ਗਿਆ ਸੀ।**

ਇਸ ਲਈ ਕਿ ਉਨ੍ਹਾਂ ਨੂੰ ਲਾਗੂ ਕਰਨ ਜਾਂ ਰੱਦ ਕਰਨ ਦਾ ਅਧਿਕਾਰ ਸੰਬੰਧਿਤ ਮੰਤਰਾਲਿਆਂ ਜਾਂ ਵਿਭਾਗਾਂ ਕੋਲ ਹੁੰਦਾ ਹੈ। ਕਈ ਸਿਫ਼ਾਰਸ਼ਾਂ ਨੂੰ ਤਾਂ ਤੁਰਤ ਮੰਨ ਲਿਆ ਹੈ ਪਰ ਕਈ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਬਹੁਤ ਜ਼ਿਆਦਾ ਸਮਾਂ ਲੱਗ ਜਾਂਦਾ ਹੈ।

ਪ੍ਰਸ਼ਾਸਨਿਕ ਸੁਧਾਰਾਂ ਨੂੰ ਲਾਗੂ ਕਰਾਉਣ ਲਈ ਹੋਰ ਵੀ ਕਈ ਪ੍ਰਕਿਰਿਆਵਾਂ ਵਿਚੋਂ ਲੰਘਣਾ ਪੈਂਦਾ ਹੈ। ਜਿਵੇਂ, ਪਹਿਲੇ ਪ੍ਰਬੰਧਕੀ ਸੁਧਾਰਾਂ ਦੇ ਕਮਿਸ਼ਨ ਵਲੋਂ 'ਲੋਕਪਾਲ' ਦੀ ਨਿਯੁਕਤੀ ਦੀ ਸਿਫ਼ਾਰਸ਼ ਕੀਤੀ ਗਈ ਸੀ। ਫਿਰ ਲੋਕਪਾਲ ਬਿਲ ਸੰਸਦ ਵਿਚ ਕਈ ਵਾਰ ਲਿਆਂਦਾ ਗਿਆ ਪਰ ਕਈ ਮੁਸ਼ਕਿਲਾਂ ਕਰਕੇ ਉਹ ਪਾਸ ਨਾ ਹੁੰਦਾ ਰਿਹਾ ਅਤੇ ਕਾਨੂੰਨ ਨਾ ਬਣ ਸਕਿਆ। ਲੋਕਪਾਲ ਦੀ ਸੰਸਥਾ ਨਾਲ ਮੰਤਰਾਲਿਆਂ ਅਤੇ ਸੰਸਦ ਦੇ ਮੈਂਬਰਾਂ ਦੇ ਕੰਮਾਂ ਦੀ ਨਿਗਰਾਨੀ ਕੀਤੀ ਜਾਣੀ ਸੀ ਅਤੇ ਇਸ ਸੰਸਥਾ ਨੇ ਸੁਤੰਤਰ ਤੌਰ ਤੇ ਸਰਕਾਰੀ ਕਰਮਚਾਰੀਆਂ ਵਲੋਂ ਕੀਤੇ ਗਏ ਭ੍ਰਿਸ਼ਟਾਚਾਰ ਦੇ ਮਾਮਲਿਆਂ ਨਾਲ ਨਿਪਟਣਾ ਸੀ। ਸੰਸਥਾ ਵਲੋਂ ਹੀ ਸਰਕਾਰੀ ਕਰਮਚਾਰੀਆਂ ਦੇ ਖ਼ਿਲਾਫ਼ ਅਰਜ਼ੀਆਂ ਪ੍ਰਾਪਤ ਕਰਨੀਆਂ ਸਨ ਅਤੇ ਉਨ੍ਹਾਂ ਦੇ ਨਿਪਟਾਰੇ ਲਈ ਛਾਣਬੀਣ ਕਰਾਉਣੀ ਸੀ। ਇਸ ਪ੍ਰਸ਼ਾਸਨਿਕ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤੋਂ ਬਾਅਦ ਕਈ ਰਾਜਾਂ ਨੇ 'ਲੋਕ ਆਯੁਕਤ' ਦੀ ਨਿਯੁਕਤੀ ਕਰ ਦਿਤੀ ਜੋ ਸਰਕਾਰੀ ਕਰਮਚਾਰੀਆਂ ਜਿਨ੍ਹਾਂ ਵਿਚ ਰਾਜਨੀਤਕ ਅਹੁਦਿਆਂ 'ਤੇ ਲੱਗੇ ਵਿਅਕਤੀ ਵੀ ਆਉਂਦੇ ਹਨ, ਦੇ ਬਾਰੇ ਛਾਣਬੀਣ ਅਤੇ ਉਨ੍ਹਾਂ ਦੇ ਕੰਮ ਬਾਰੇ ਆਈਆਂ ਸ਼ਿਕਾਇਤਾਂ ਸੁਣਦੇ ਸਨ। ਇਨ੍ਹਾਂ ਵਿਚ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਮੈਂਬਰ ਅਤੇ ਉੱਚ ਅਹੁਦੇ 'ਤੇ ਲੱਗੇ ਕਰਮਚਾਰੀ ਵੀ ਆਉਂਦੇ ਹਨ। ਲੋਕ ਆਯੁਕਤ ਵਲੋਂ "ਪ੍ਰਸ਼ਾਸਨ ਦੀ ਨੈਤਿਕਤਾ" ਬਾਰੇ ਵਿਆਖਿਆ ਪੂਰਨ ਸਿਫ਼ਾਰਸ਼ਾਂ ਵੀ ਕੀਤੀਆਂ ਜਾਂਦੀਆਂ ਹਨ।

ਲੋਕ ਪ੍ਰਸ਼ਾਸਨ ਵਿਚ ਸੁਧਾਰ ਲਿਆਉਣ ਲਈ ਦੂਸਰਾ ਪ੍ਰਬੰਧਕੀ ਸੁਧਾਰ ਕਮਿਸ਼ਨ 2005 ਵਿਚ ਸਥਾਪਤ ਕੀਤਾ ਗਿਆ ਅਤੇ ਇਸ ਦੇ ਜ਼ਿੰਮੇ ਉਹ ਢੰਗ ਤਿਆਰ ਕਰਨ ਲਈ ਕਿਹਾ ਗਿਆ ਜਿਸ ਤਹਿਤ ਸਰਕਾਰ ਦੇ ਹਰ ਪੱਧਰ 'ਤੇ ਇਕ ਜ਼ਿੰਮੇਵਾਰ, ਜਵਾਬਦੇਹੀ, ਲਗਾਤਾਰ ਚਲਣ ਵਾਲਾ ਅਤੇ ਯੋਗ ਪ੍ਰਬੰਧ ਮਿਲ ਸਕੇ। ਇਸ ਸਭ ਦਾ ਉਦੇਸ਼ ਇਹ ਸੀ ਕਿ ਦੇਸ਼ ਦੇ ਸ਼ਹਿਰੀ ਦੀਆਂ ਸਹੂਲਤਾਂ ਲਈ ਉਹ ਸਭ ਕੁਝ ਪ੍ਰਦਾਨ ਕੀਤਾ ਜਾਵੇ ਜਿਸ ਨਾਲ ਦੇਸ਼ ਦੇ ਹਰ ਸ਼ਹਿਰੀ ਨੂੰ ਸਰਕਾਰੀ ਸੇਵਾਵਾਂ ਪ੍ਰਾਪਤ ਕਰਨ ਵਿਚ ਅਸਾਨੀ ਅਤੇ ਘੱਟੋ-ਘੱਟ ਲਾਗਤ ਖਰਚ ਕਰਨੀ ਪਵੇ ਅਤੇ ਉਹ ਪ੍ਰਬੰਧ ਦੇਸ਼ ਦੇ ਹਿੱਤ ਵਿਚ ਹੋਣ। ਕਮਿਸ਼ਨ ਨੂੰ ਹੇਠ ਲਿਖੇ ਮੁੱਦਿਆਂ ਦਾ ਨਿਰੀਖਣ ਕਰਨ ਲਈ ਕਿਹਾ ਗਿਆ, ਜਵਾਬਦੇਹੀ ਵਾਲਾ ਅਤੇ ਘੱਟੋ-ਘੱਟ ਦੇਰੀ ਨਾਲ ਛੇਤੀ ਤੋਂ ਛੇਤੀ ਸਿੱਟੇ ਦੇਣ ਵਾਲਾ ਪ੍ਰਸ਼ਾਸਨ, ਲਗਾਤਾਰ ਵਿਕਾਸ ਕਰਨ ਵਾਲਾ ਪ੍ਰਸ਼ਾਸਨ ਜੋ ਪ੍ਰਕਿਰਿਆ ਨੂੰ ਆਸਾਨ ਬਣਾਏ ਆਦਿ ਮੁੱਦਿਆਂ 'ਤੇ ਖ਼ਾਸ ਧਿਆਨ ਦੇਣ ਲਈ ਕਿਹਾ ਗਿਆ।

ਭ੍ਰਿਸ਼ਟਾਚਾਰ ਰੋਕਣ ਲਈ ਬਣਾਈ ਗਈ ਕਮੇਟੀ ਜਿਸ ਨੂੰ ਸਥਾਨਕ ਕਮੇਟੀ ਕਿਹਾ ਜਾਂਦਾ ਸੀ, ਦੀਆਂ ਸਿਫ਼ਾਰਸ਼ਾਂ 'ਤੇ ਭਾਰਤ ਸਰਕਾਰ ਨੇ 1964 ਵਿਚ ਕੇਂਦਰੀ ਵਿਜੀਲੈਂਸ ਕਮਿਸ਼ਨ ਸਥਾਪਤ ਕੀਤਾ। ਇਸ ਸੰਸਥਾਂ ਨੂੰ ਵੀ ਸੁਤੰਤਰ ਸਥਿਤੀ ਪ੍ਰਦਾਨ ਕੀਤੀ ਗਈ। ਕੇਂਦਰੀ ਵਿਜੀਲੈਂਸ ਕਮਿਸ਼ਨ ਕੇਂਦਰੀ ਸਰਕਾਰ ਨੂੰ ਪ੍ਰਸ਼ਾਸਨ ਵਿਚ ਯੋਗਤਾ ਲਿਆਉਣ ਅਤੇ ਪ੍ਰਸ਼ਾਸਨ ਦੀ ਭੂਮਿਕਾ ਨੂੰ ਲੋਕਾਂ ਦੇ ਹਿੱਤਾਂ ਲਈ ਬਣਾਉਣ ਲਈ ਸਲਾਹ ਦਿੰਦਾ ਹੈ। ਇਹ ਕੇਂਦਰੀ ਬਿਊਰੋ ਆਫ਼ ਇਨਵੈਸਟੀ-ਗੇਸ਼ਨ 'ਤੇ ਵੀ ਨਿਗਰਾਨੀ ਕਰਦਾ ਹੈ ਜੋ ਕਿ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਕੇਂਦਰ ਸਰਕਾਰ ਦੀ ਮੁੱਖ ਏਜੰਸੀ ਹੈ। ਇਸ ਏਜੰਸੀ ਕੋਲ ਭ੍ਰਿਸ਼ਟਾਚਾਰ ਸੰਬੰਧੀ ਅਰਜ਼ੀਆਂ ਦਿਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦਾ ਨਿਰੀਖਣ ਕੀਤਾ ਜਾਂਦਾ ਹੈ।

1977 ਵਿਚ ਰਾਸ਼ਟਰੀ ਸੂਚਨਾ ਕੇਂਦਰ ਦੀ ਸਥਾਪਨਾ ਕੀਤੀ ਗਈ। ਭਾਰਤ ਵਿਚ ਈ-ਗਵਰਨੈਂਸ ਸੰਬੰਧੀ ਇਹ ਪਹਿਲਾ ਕਦਮ ਸੀ। ਇਸ ਤੋਂ ਬਾਅਦ ਸਰਕਾਰੀ ਦਫ਼ਤਰਾਂ ਦਾ ਕੰਪਿਊਟਰੀਕਰਨ ਕੀਤਾ ਗਿਆ। 1980 ਤਕ ਦੇਸ਼ ਦੇ ਬਹੁਤ ਸਾਰੇ ਦਫ਼ਤਰਾਂ ਵਿਚ ਕੰਪਿਊਟਰ ਲਗਾ ਦਿਤੇ ਗਏ ਸਨ। ਇਸ ਨਾਲ ਕੰਮ ਵਿਚ ਬਹੁਤ ਤੇਜ਼ੀ ਲਿਆਂਦੀ ਗਈ। ਇਸ ਵਿਵਸਥਾ ਦੇ ਤਹਿਤ ਅਰਜ਼ੀਆਂ ਪ੍ਰਾਪਤ ਕਰਨੀਆਂ ਸ਼ੁਰੂ ਕੀਤੀਆਂ ਗਈਆਂ ਅਤੇ ਉਨ੍ਹਾਂ ਦੇ ਉੱਤਰ ਵੀ ਕੰਪਿਊਟ ਰਾਹੀਂ ਦੇਣ ਦੀ ਵਿਵਸਥਾ ਕੀਤੀ ਗਈ। ਜਿਥੇ ਇਸ ਨਾਲ ਬਹੁਤ ਸਾਰੇ ਅਮਲੇ ਦਾ ਕੰਮ ਵੀ ਕੰਪਿਊਟਰ ਨਾਲ ਹੋਣ ਲੱਗ ਪਿਆ। ਇਸ ਦਾ ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਹਰ ਤਰ੍ਹਾਂ ਦੀ ਜਾਣਕਾਰੀ ਲੈਣ ਅਤੇ ਲੋੜੀਂਦੀ ਪ੍ਰਕਿਰਿਆ ਜਿਸ ਲਈ ਮਹੀਨੇ ਲੱਗ ਜਾਂਦੇ ਸਨ, ਉਹ ਕੁਝ ਕੁ ਮਿੰਟਾਂ ਦੀ ਗੱਲ ਰਹਿ ਗਈ। ਫਿਰ ਇਸ ਵਿਵਸਥਾ ਨਾਲ ਕੇਂਦਰ ਦੇ ਰਾਜਾਂ ਦੇ ਵੱਖ-ਵੱਖ ਵਿਭਾਗਾਂ ਨਾਲ ਸੰਬੰਧ ਵੀ ਸਥਾਪਤ ਹੋ ਗਏ ਅਤੇ ਕੰਮ ਅਤੇ ਪ੍ਰਬੰਧ ਦੀ ਯੋਗਤਾ ਵਿਚ ਬਹੁਤ ਵੱਡਾ ਵਾਧਾ ਹੋਇਆ।

ਆਰਥਿਕ ਸੁਧਾਰਾਂ ਸੰਬੰਧੀ ਝਾ ਕਮਿਸ਼ਨ ਸਥਾਪਤ ਕੀਤਾ ਗਿਆ ਅਤੇ ਇਸ ਨੇ ਨਿਯਮ ਬਣਾਉਣ ਅਤੇ ਕਿਸੇ ਕਿਰਿਆ ਨੂੰ ਪੂਰਾ ਕਰਨ ਦੇ ਢੰਗ ਤੋਂ ਇਲਾਵਾ, ਕਰਮਚਾਰੀਆਂ ਦੀ ਜਵਾਬਦੇਹੀ

'ਤੇ ਜ਼ੋਰ ਦਿਤਾ। ਇਸ ਨਾਲ ਕਿਸੇ ਕਰਮਚਾਰੀ ਵਲੋਂ ਕੀਤੇ ਗਏ ਕੰਮ ਦੀ ਮਾਤਰਾ ਅਤੇ ਉਸ ਵਿਚ ਪਾਰਦਰਸ਼ਿਤਾ 'ਤੇ ਜ਼ੋਰ ਦਿਤਾ। ਇਸ ਕਮਿਸ਼ਨ ਵਲੋਂ ਸਰਕਾਰ ਦੇ ਅਧੀਨ ਕਰਨ ਵਾਲੇ ਵਾਲੇ ਉੱਦਮਾਂ ਵਿਚ ਲਿਆਂਦੇ ਜਾਣ ਵਾਲੇ ਸੁਧਾਰਾਂ 'ਤੇ ਜ਼ੋਰ ਦਿਤਾ ਗਿਆ ਸੀ ਤਾਂ ਕਿ ਸਰਕਾਰੀ ਕੰਮਕਾਜ ਵਿਚ ਜ਼ਿਆਦਾ ਯੋਗਤਾ ਲਿਆਂਦੀ ਜਾ ਸਕੇ। ਇਸ ਤੋਂ ਬਾਅਦ ਸੁਧਾਰਾਂ ਦੀ ਰੁਚੀ ਨੂੰ ਵਿਅਕਤੀਗਤ ਪ੍ਰਾਪਤੀਆਂ ਵੱਲ ਮੋੜਿਆ ਗਿਆ। ਗ੍ਰਹਿ ਮੰਤਰਾਲਾ ਅਧੀਨ ਸਿਵਲ ਕਰਮਚਾਰੀਆਂ ਦੀ ਭਰਤੀ, ਸਿਖਲਾਈ, ਤਰੱਕੀ, ਕਰਮਚਾਰੀਆਂ ਅਤੇ ਮੰਤਰਾਲਾ ਦੇ ਸੰਬੰਧ, ਨੌਕਰੀ ਦੀਆਂ ਸ਼ਰਤਾਂ ਬਾਰੇ ਨੀਤੀਆਂ ਬਣਾਈਆਂ ਗਈਆਂ ਜਿਨ੍ਹਾਂ ਦਾ ਮੁੱਖ ਉਦੇਸ਼ ਵੱਧ ਤੋਂ ਵੱਧ ਪ੍ਰਬੰਧਕੀ ਯੋਗਤਾ ਪੈਦਾ ਕਰਨੀ ਅਤੇ ਇਨ੍ਹਾਂ ਪ੍ਰਬੰਧਾਂ ਰਾਹੀਂ ਵਿਅਕਤੀਆਂ ਨੂੰ ਮਿਲਣ ਵਾਲੀਆਂ ਸੇਵਾਵਾਂ ਨੂੰ ਘੱਟ ਤੋਂ ਘੱਟ ਸਮੇਂ ਅਤੇ ਖਰਚ 'ਤੇ ਮਿਲਣ ਸੰਬੰਧੀ ਨੀਤੀਆਂ ਬਣਾਈਆਂ ਗਈਆਂ।

**ਪੰਜਵੇਂ ਅਤੇ ਛੇਵੇਂ ਤਨਖ਼ਾਹ ਕਮਿਸ਼ਨ ਨੇ ਫਿਰ ਕਈ ਸੁਧਾਰਾਂ ਬਾਰੇ ਸਿਫ਼ਾਰਸ਼ਾਂ ਕੀਤੀਆਂ ਅਤੇ ਕਰਮਚਾਰੀਆਂ ਦੀ ਈਮਾਨਦਾਰੀ ਨੇ ਮੁੱਖ ਧਿਆਨ ਕੇਂਦਰਿਤ ਕੀਤਾ ਅਤੇ ਉਸ ਦੇ ਆਧਾਰ 'ਤੇ ਤਨਖ਼ਾਹਾਂ ਦੇ ਵਾਧੇ ਬਾਰੇ ਵਿਵਸਥਾ ਕੀਤੀ। ਨਵੀਂ ਉਦਯੋਗਿਕ ਨੀਤੀ ਦੇ ਲਾਗੂ ਹੋਣ ਨਾਲ ਅਤੇ ਨਿੱਜੀਕਰਨ, ਉਦਾਰੀਕਰਨ ਅਤੇ ਵਿਸ਼ਵੀਕਰਨ ਦੇ ਵਧਦੇ ਹੋਏ ਰੁਝਾਨ ਦੇ ਤਹਿਤ ਜਨਤਾ ਅਤੇ ਨਿੱਜੀ ਭਾਈਵਾਲੀ, ਈ-ਗਵਰਨੈਂਸ, ਗ਼ੈਰ ਨਿਵੇਸ਼ ਨੂੰ ਜਨਤਕ ਖੇਤਰ ਦੀਆਂ ਇਕਾਈਆਂ ਵਿਚ ਵਧਾਉਣ ਲਈ ਨੀਤੀਆਂ ਬਣਾਈਆਂ ਗਈਆਂ ਜਿਸ ਦੇ ਤਹਿਤ ਸੂਚਨਾ ਨੂੰ ਛੇਤੀ ਤੋਂ ਛੇਤੀ ਹਰ ਤਕ ਪਹੁੰਚਾਉਣ ਅਤੇ ਥੋੜ੍ਹੇ ਸਮੇਂ ਵਿਚ ਵੱਧ ਤੋਂ ਵੱਧ ਪ੍ਰਾਪਤੀਆਂ ਲੈਣ ਸੰਬੰਧੀ ਸੁਧਾਰਾਂ ਦੀ ਵਿਵਸਥਾ ਕੀਤੀ ਗਈ।**

ਸੁਤੰਤਰ ਭਾਰਤ ਦੇ ਇਤਿਹਾਸ ਵਿਚ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਇਕ ਉਹ ਅਧਿਕਾਰ ਹੈ ਜਿਸ ਨੇ ਹਰ ਪੱਧਰ 'ਤੇ ਸਰਕਾਰੀ ਕਰਮਚਾਰੀਆਂ ਨੂੰ ਆਪਣੇ ਕੰਮ ਕਰਨ ਦੇ ਢੰਗ ਵਿਚ ਸੁਧਾਰ ਕਰਨ ਲਈ ਪ੍ਰੇਰਿਆ। 2006 ਵਿਚ ਬਣੇ ਇਸ ਕਾਨੂੰਨ ਦੇ ਤਹਿਤ ਕੋਈ ਵੀ ਵਿਅਕਤੀ, ਕਿਸੇ ਵੀ ਵਿਭਾਗ ਦੇ ਕਰਮਚਾਰੀ ਸੰਬੰਧੀ ਸਿਰਫ਼ ਨਾਮਾਤਰ ਫ਼ੀਸ ਭਰ ਕੇ ਹਰ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ ਅਤੇ ਮੰਗੀ ਗਈ ਜਾਣਕਾਰੀ, ਇਕ ਸੀਮਤ ਸਮੇਂ ਦੇ ਅੰਦਰ ਉਸ ਵਿਭਾਗ ਨੂੰ ਉਸ ਵਿਅਕਤੀ ਨੂੰ ਭੇਜਣੀ ਪਵੇਗੀ ਨਹੀਂ ਤਾਂ ਉਸ ਕਰਮਚਾਰੀ ਨੂੰ ਜੋ ਉਸ ਜਾਣਕਾਰੀ ਦੇਣ ਲਈ ਪਾਬੰਦ ਸੀ, ਉਸ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ। ਇਸ ਅਧਿਕਰ ਦਾ ਮੁੱਖ ਉਦੇਸ਼ ਸਰਕਾਰੀ ਕਰਮਚਾਰੀਆਂ ਦੇ ਕੰਮ ਵਿਚ ਪਾਰਦਰਸ਼ਿਤਾ ਪੈਦਾ ਕਰਨੀ ਤਾਂ ਕਿ ਸਮਾਜ ਦੇ ਕਲਿਆਣ ਵਿਚ ਵਾਧਾ ਹੋ ਸਕੇ। ਇਸ ਸੂਚਨਾ ਪ੍ਰਾਪਤੀ ਦੇ ਅਧਿਕਾਰ ਨਾਲ ਹਰ ਸ਼ਹਿਰੀ ਵਿਚ ਇਹ ਭਾਵਨਾ ਪੈਦਾ ਹੁੰਦੀ ਹੈ ਕਿ ਉਹ ਦੇਸ਼ ਦੇ ਲੋਕਤੰਤਰ ਵਿਚ ਬਰਾਬਰ ਦਾ ਭਾਈਵਾਲ ਹੈ ਅਤੇ ਉਸ ਨੂੰ ਆਪਣੇ ਨਾਲ ਜਾਂ ਕਿਸੇ ਖ਼ਾਸ ਵਿਅਕਤੀ ਨਾਲ ਹੋਈ ਬੇਇਨਸਾਫ਼ੀ ਬਾਰੇ ਜਾਣਕਾਰੀ ਤਕ ਹੀ ਨਹੀਂ, ਸਗੋਂ ਪ੍ਰਬੰਧ ਵਿਚ ਸੁਧਾਰ ਲਿਆਉਣ ਦੀ ਸ਼ਕਤੀ ਮਿਲਦੀ ਹੈ।

ਪ੍ਰਸ਼ਾਸਨ ਦੀ ਅਯੋਗਤਾ ਦੇ ਖ਼ਿਲਾਫ਼ ਇਕ ਮੁੱਖ ਸ਼ਿਕਾਇਤ ਇਹ ਕੀਤੀ ਜਾਂਦੀ ਹੈ ਕਿ ਅਫ਼ਸਰਸ਼ਾਹੀ, ਸਰਕਾਰ ਵਲੋਂ ਚਲਾਈਆਂ ਗਈਆਂ ਲੋਕ ਕਲਿਆਣ ਦੀਆਂ ਸਕੀਮਾਂ ਵਿਚ ਰੁਕਾਵਟਾਂ ਪੈਦਾ ਕਰਦੀ ਹੈ ਜਿਸ ਨਾਲ ਉਹ ਸਕੀਮਾਂ ਠੀਕ ਸਮੇਂ 'ਤੇ ਲਾਗੂ ਨਹੀਂ ਹੁੰਦੀਆਂ ਅਤੇ ਦੂਸਰਾ ਉਨ੍ਹਾਂ ਨੂੰ ਲਾਗੂ ਕਰਨ ਵਿਚ ਅਯੋਗਤਾ ਵਰਤੀ ਜਾਂਦੀ ਹੈ। ਇੰਜ ਪ੍ਰਸ਼ਾਸਨ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਕਿ ਰਾਜਨੀਤਕ, ਸਮਾਜਿਕ ਅਤੇ ਆਰਥਿਕ ਪੱਖ 'ਤੇ ਵਿਅਕਤੀ ਨੂੰ ਘੱਟੋ-ਘੱਟ ਸਮੇਂ ਵਿਚ ਸਰਕਾਰ ਵਲੋਂ ਦਿਤੀਆਂ ਜਾ ਰਹੀਆਂ ਸੇਵਾਵਾਂ ਪ੍ਰਾਪਤ ਹੋ ਜਾਣ। ਸਰਕਾਰ ਵਲੋਂ ਚਲਾਏ ਜਾ ਰਹੇ ਪ੍ਰਾਜੈਕਟਾਂ ਦੇ ਸਿੱਟੇ ਤਾਂ ਹੀ ਠੀਕ ਪ੍ਰਾਪਤ ਹੋ ਸਕਦੇ ਹਨ ਜੇ ਉਨ੍ਹਾਂ ਨੂੰ ਬਗ਼ੈਰ ਕਿਸੇ ਰੁਕਾਵਟ ਦੇ ਛੇਤੀ ਤੋਂ ਛੇਤੀ ਲਾਗੂ ਕੀਤਾ ਜਾ ਸਕਦਾ ਹੋਵੇ। ਇਹ ਗੱਲ ਆਮ ਦੇਖੀ ਗਈ ਹੈ ਕਿ ਪ੍ਰਾਜੈਕਟਾਂ ਨੂੰ ਲਾਗੂ ਕਰਨ ਲਈ ਇਕ ਜਾਂ ਸਮਾਨ ਮੁੱਦੇ ਲਈ ਕਈ ਤਰ੍ਹਾਂ ਦੇ ਕਾਨੂੰਨ ਹੁੰਦੇ ਹਨ ਜੋ ਉਸ ਨੂੰ ਸਪੱਸ਼ਟ ਨਹੀਂ ਕਰਦੇ ਅਤੇ ਵੱਖ-ਵੱਖ ਵਿਭਾਗਾਂ ਵਿਚ ਤਾਲਮੇਲ ਅਤੇ ਮਿਲਵਰਤਨ ਦੀ ਘਾਟ ਹੁੰਦੀ ਹੈ।

ਭਾਰਤ ਦੀ ਬਹੁ-ਵਸੋਂ ਪਿੰਡਾਂ ਵਿਚ ਰਹਿੰਦੀ ਹੈ। ਉਸ ਦੀ ਸਹੂਲਤ ਲਈ ਪੰਚਾਇਤੀ ਰਾਜ ਸੰਸਥਾਵਾਂ ਦੀ ਵਿਵਸਥਾ ਕੀਤੀ ਗਈ ਸੀ ਤਾਂ ਕਿ ਕੁਝ ਹੱਦ ਤਕ ਝਗੜੇ ਅਤੇ ਵਿਵਾਦਾਂ ਨੂੰ ਪਿੰਡਾਂ ਦੀ ਪੰਚਾਇਤ ਵਿਚ ਹੀ ਹੱਲ ਕੀਤਾ ਜਾ ਸਕੇ ਅਤੇ ਉਨ੍ਹਾਂ ਲੋਕਾਂ ਦਾ ਆਪਣੇ ਵਿਵਾਦ ਸੁਲਝਾਉਣ ਲਈ ਦੂਰ-ਦੂਰ ਸ਼ਹਿਰਾਂ ਵਿਚ ਜਾ ਕੇ ਸਮਾਂ ਅਤੇ ਧਨ ਬਰਬਾਦ ਨਾ ਹੋਵੇ। ਇਸ ਦੇ ਨਾਲ ਹੀ ਹਰ ਪਿੰਡ ਦੀਆਂ ਲੋੜਾਂ ਦੀ ਵਿਲੱਖਣ ਸਥਿਤੀ ਹੋਣ ਕਰਕੇ, ਉਨ੍ਹਾਂ ਦੇ ਵਿਕਾਸ ਲਈ ਪੰਚਾਇਤੀ ਰਾਜ ਪ੍ਰਣਾਲੀ ਨੂੰ 1962 ਵਿਚ ਤਿੰਨ ਪੱਧਰੀ ਕੀਤਾ ਗਿਆ ਅਤੇ ਫਿਰ 1993 ਵਿਚ ਇਸ ਦੀ ਚੋਣ ਵਿਚ ਕੁਝ ਹੋਰ ਸੁਧਾਰ ਕੀਤੇ ਗਏ ਅਤੇ ਬਹੁਤੇ ਕੰਮਾਂ ਨੂੰ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੇ ਜ਼ਿੰਮੇ ਕਰ ਦਿਤਾ ਗਿਆ। ਇਸ ਦਾ ਇਕ ਹੀ ਉਦੇਸ਼ ਸੀ ਕਿ ਹਰ ਵਿਅਕਤੀ ਆਪਣੇ ਆਪ ਨੂੰ ਲੋਕਰਾਜ ਵਿਚ ਭਾਈਵਾਲ ਸਮਝੇ ਅਤੇ ਲੋਕਤੰਤਰ ਦੀ ਪ੍ਰਕਿਰਿਆ ਨੂੰ ਸਮਝਦਾ ਹੋਵੇ। ਜੇ ਕਿਸੇ ਵਕਤ ਅਫ਼ਸਰਸ਼ਾਹੀ ਵਲੋਂ ਕੋਈ ਕੁਤਾਹੀ ਕੀਤੀ ਜਾਂਦੀ ਹੋਵੇ ਤਾਂ ਉਸ 'ਤੇ ਨਿਗਰਾਨੀ ਵੀ ਕਰ ਸਕੇ।

ਆਧੁਨਿਕ ਕਲਿਆਣਕਾਰੀ ਸਰਕਾਰਾਂ ਦੀਆਂ ਪ੍ਰਾਪਤੀਆਂ ਦਾ ਆਧਾਰ ਉਨ੍ਹਾਂ ਵਲੋਂ ਮਨੁੱਖੀ ਸਾਧਨਾਂ ਦੇ ਵਿਕਾਸ ਨੂੰ ਮੰਨਿਆ ਜਾਂਦਾ ਹੈ। ਪ੍ਰਬੰਧ ਦਾ ਅਰਥ ਹੀ ਲੋਕਾਂ ਲਈ ਕੀਤੀ ਵਿਵਸਥਾ ਦੀ ਪ੍ਰਣਾਲੀ ਹੈ। ਇਸ ਪ੍ਰਣਾਲੀ ਨਾਲ ਸਰਕਾਰੀ ਸੇਵਾਵਾਂ ਦਾ ਮੁੱਖ ਉਦੇਸ਼ ਵਿਅਕਤੀ ਹੀ ਹੈ ਜਿਸ ਵਿਚ ਵਿਅਕਤੀ ਦੀ ਵਿੱਦਿਆ, ਆਰਥਿਕ ਸਥਿਤੀ, ਰਾਜਨੀਤਕ ਸੁਤੰਤਰਤਾ, ਆਰਥਿਕ ਮੌਕੇ ਅਤੇ ਵਿਅਕਤੀਗਤ ਵਿਕਾਸ ਦੇ ਮੌਕੇ ਆਦਿ ਆਉਣੇ ਹਨ। ਲੋਕਤੰਤਰ ਵਿਚ ਹਰ ਇਕ ਲਈ ਬਰਾਬਰ ਮੌਕੇ, ਜਿਨ੍ਹਾਂ ਵਿਚ ਮਨੁੱਖੀ ਅਧਿਕਾਰਾਂ ਦਾ ਮਿਲਣਾ ਅਤੇ ਵੱਧ ਤੋਂ ਵੱਧ ਸਮਾਜਿਕ ਸੁਰੱਖਿਆ ਦੇਣ ਲਈ ਪ੍ਰਬੰਧ ਕਰਨਾ ਹੁੰਦਾ ਹੈ। ਇਨ੍ਹਾਂ ਅਧਿਕਾਰਾਂ ਨੂੰ ਮਾਨਵ ਅਤੇ ਹਰ ਇਕ ਲਈ ਵਿਕਾਸ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨ ਲਈ ਜਦੋਂ ਕਦੀ ਵੀ ਸਮਾਜ ਵਲੋਂ ਇਹ ਮਹਿਸੂਸ ਕੀਤਾ ਜਾਵੇ, ਕਿ ਇਨ੍ਹਾਂ ਸੇਵਾਵਾਂ ਵਿਚ ਤਬਦੀਲੀਆਂ ਨਾਲ ਸਰਕਾਰੀ ਸੇਵਾਵਾਂ ਹੋਰ ਚੰਗੇ ਢੰਗ ਨਾਲ ਮਿਲ ਸਕਦੀਆਂ ਹੋਣ, ਉਦੋਂ ਪ੍ਰਬੰਧਕੀ ਸੁਧਾਰਾਂ ਦੀ ਵਿਵਸਥਾ ਕੀਤੀ ਜਾਂਦੀ ਹੈ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

# ਬੈਂਕਿਗ ਸੁਧਾਰ ਤੇ ਵਿੱਤੀ ਸਮਾਵੇਸ਼

ਜਸਵੰਤ ਸਿੰਘ ਸੈਣੀ

ਕਿਸੇ ਵੀ ਦੇਸ਼ ਦੀ ਆਰਥਿਕ ਵਿਵਸਥਾ ਵਿਚ ਉਥੇ ਦੀ ਬੈਂਕਿੰਗ ਪ੍ਰਣਾਲੀ ਕਿੰਨੀ ਮਜ਼ਬੂਤ ਹੈ, ਦੀ ਬਹੁਤ ਮਹੱਤਵ-ਪੂਰਨ ਭੂਮਿਕਾ ਹੁੰਦੀ ਹੈ। ਬੈਂਕਿੰਗ ਪਸਾਰ ਤੇ ਸਮਾਵੇਸ਼ਤਾ ਇਸ ਪ੍ਰਣਾਲੀ ਦੀ ਮਜ਼ਬੂਤੀ ਦਾ ਆਧਾਰ ਹਨ। ਪਿਛਲੀ ਅੱਧੀ ਸਦੀ ਵਿਚ ਭਾਰਤੀ ਅਰਥਵਿਵਸਥਾ ਵਿਚ ਸਮਾਵੇਸ਼ਤਾ ਵਧਾਉਣ ਅਤੇ ਬੈਂਕਿੰਗ ਕਾਰਨ ਪ੍ਰਣਾਲੀ ਨੂੰ ਤੇਜ਼ ਤੇ ਪ੍ਰਭਾਵਸ਼ੀਲ ਕਰਨ ਵੱਲ ਕਾਫ਼ੀ ਧਿਆਨ ਦਿਤਾ ਗਿਆ ਹੈ। 2011 ਦੀ ਅੰਤਰਰਾਸ਼ਟਰੀ ਮੁਦਰਾ ਫ਼ੰਡ ਦੀ ਇਕ ਸਰਵੇ ਰਿਪੋਰਟ ਅਨੁਸਾਰ ਭਾਰਤ ਅਤੇ ਚੀਨ ਵਿਚ ਬੈਂਕਿੰਗ ਦੇ ਕੁਝ ਤੁਲਨਾਤਮਕ ਅੰਕੜੇ ਹੇਠ ਦਿਤੀ ਤਾਲਿਕਾ-1 ਵਿਚ ਦਰਸਾਏ ਗਏ ਹਨ।

ਇਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਸਮੁੱਚੀ ਜਨਸੰਖਿਆ ਲਈ ਬੈਂਕਿੰਗ ਸਮਾਵੇਸ਼ ਤੋਂ ਭਾਰਤ ਅਜੇ ਬਹੁਤ ਪਿੱਛੇ ਹੈ ਅਤੇ ਬੈਂਕਿੰਗ ਸਹੂਲਤਾਂ ਘਰ-ਘਰ ਪਹੁੰਚਾਉਣ ਲਈ (ਜਿਵੇਂ ਕਿ ਕੇਂਦਰੀ ਸਰਕਾਰ ਅਤੇ ਭਾਰਤੀ ਰਿਜ਼ਰਵ ਬੈਂਕ ਦਾਅਵਾ ਕਰਦਾ ਹੈ) ਭਾਰਤੀ ਬੈਂਕਿੰਗ ਪ੍ਰਣਾਲੀ ਨੇ ਅਜੇ ਬਹੁਤ ਸਫ਼ਰ ਤਹਿ ਕਰਨਾ ਹੈ। ਇਸ ਦੇ ਲਈ ਸਰਕਾਰ, ਭਾਰਤੀ ਰਿਜ਼ਰਵ ਬੈਂਕ ਅਤੇ ਵਪਾਰਕ ਬੈਂਕ, ਤਿੰਨਾਂ ਦੀ ਭੂਮਿਕਾ ਮਹੱਤਵਪੂਰਨ ਹੈ। ਅਜਿਹਾ ਨਹੀਂ ਕਿ ਸੰਬੰਧਿਤ ਧਿਰਾਂ ਇਸ ਲੋੜ ਪ੍ਰਤਿ ਸੁਚੇਤ ਨਹੀਂ ਹਨ। ਉਦਾਹਰਣ ਲਈ, 1969 ਵਿਚ ਬੈਂਕਾਂ ਦਾ ਰਾਸ਼ਟਰੀਕਰਨ ਇਸ ਪਾਸੇ ਲਿਆ ਗਿਆ ਪਹਿਲਾ ਅਤੇ ਕ੍ਰਾਂਤੀਕਾਰੀ ਕਦਮ ਸੀ। ਇਸ ਤੋਂ ਬਾਅਦ 1990 ਵਿਚ ਨਿੱਜੀ ਵਪਾਰਕ ਬੈਂਕਾਂ ਨੂੰ ਲਾਇਸੰਸ ਦੇਣ ਦਾ ਨਿਰਣਾ ਇਸ ਪ੍ਰਾਪਤੀ ਵੱਲ ਦੂਸਰਾ ਮਹੱਤਵਪੂਰਨ ਉਪਰਾਲਾ ਸੀ। ਇਨ੍ਹਾਂ ਨੀਤੀਆਂ ਸਦਕਾ ਆਮ ਆਦਮੀ ਤਕ ਬੈਂਕਿੰਗ ਪਹੁੰਚਾਉਣ ਵਿਚ ਯਕੀਨਨ ਜ਼ਿਕਰ ਯੋਗ ਤਰੱਕੀ ਹੋਈ ਹੈ। ਤਾਲਿਕਾ-2 ਵਿਚ ਦਿਤੇ ਗਏ ਅੰਕੜੇ ਇਸ ਤਰੱਕੀ ਦੀ ਗਵਾਹੀ ਭਰਦੇ ਹਨ।

ਜਿਥੇ 1969 ਵਿਚ ਪੇਂਡੂ ਖੇਤਰਾਂ ਵਿਚ ਬੈਂਕ ਬਰਾਂਚਾਂ ਦਾ ਕੁਝ ਸੰਖਿਆ ਵਿਚ ਅਨੁਪਾਤ ਕੇਵਲ 22.18 ਪ੍ਰਤਿਸ਼ਤ ਸੀ, 1995 ਵਿਚ ਇਹ ਵਧ ਕੇ 52.91 ਪ੍ਰਤਿਸ਼ਤ ਹੋ ਗਿਆ। ਇਸ ਦੇ ਉਲਟ ਸ਼ਹਿਰੀ ਅਤੇ ਮਹਾਂਨਗਰੀ ਖੇਤਰਾਂ ਵਿਚ ਇਹ ਅਨੁਪਾਤ 37.60 ਪ੍ਰਤਿਸ਼ਤ ਤੋਂ ਘਟ ਕੇ 26.58 ਪ੍ਰਤਿਸ਼ਤ ਰਹਿ ਗਿਆ। ਸਪੱਸ਼ਟ ਹੈ ਕਿ ਇਸ ਦੌਰਾਨ ਪੇਂਡੂ ਖੇਤਰਾਂ ਵਿਚ ਬਰਾਂਚਾਂ ਖੋਲ੍ਹਣ 'ਤੇ ਜ਼ਿਆਦਾ ਜ਼ੋਰ ਦਿਤਾ ਗਿਆ ਤਾਂ ਕਿ ਪੇਂਡੂ ਜਨਤਾ ਦੀ ਪੂਰਨ ਸ਼ਮੂਲੀਅਤ ਵਿੱਤੀ ਮਾਮਲਿਆਂ ਵਿਚ ਹੋ ਸਕੇ। ਪਰ ਜਿਵੇਂ ਆਰੰਭ ਵਿਚ ਦਿਤੇ ਗਏ ਅੰਕੜਿਆਂ ਤੋਂ ਸਪੱਸ਼ਟ ਹੈ ਉਪਰੋਕਤ ਯਤਨ ਕਾਫ਼ੀ ਨਹੀਂ ਸਨ। ਜਿਵੇਂ ਇੰਨੀ ਸਮੱਸਿਆ ਹੀ ਕਾਫ਼ੀ ਨਹੀਂ ਸੀ, 1995 ਤੋਂ 2012 ਤਕ ਬੈਂਕਿੰਗ ਨੈੱਟਵਰਕ ਦਾ ਪਸਾਰ ਸਮਝ ਤੋਂ ਪਰੇ ਹੈ। ਇਸ ਦੌਰਾਨ ਨਵੀਆਂ ਖੁੱਲ੍ਹੀਆਂ 40010 ਬਰਾਂਚਾਂ ਵਿਚੋ ਸਿਰਫ਼ 3599 (10 ਪ੍ਰਤਿਸ਼ਤ ਤੋਂ ਵੀ ਘੱਟ) ਪੇਂਡੂ ਇਲਾਕਿਆਂ ਵਿਚ ਖੋਲ੍ਹੀਆਂ ਗਈਆਂ ਅਤੇ 23708 (50 ਪ੍ਰਤਿਸ਼ਤ ਤੋਂ ਵੀ ਵੱਧ) ਸ਼ਹਿਰੀ ਅਤੇ ਮਹਾਂਨਗਰੀ ਇਲਾਕਿਆਂ ਵਿਚ। ਇੰਝ ਲਗਦਾ ਹੈ ਕਿ ਕੇਂਦਰੀ ਬੈਂਕ ਪ੍ਰਣਾਲੀ ਨੇ ਆਪਣੀ ਨੀਤੀ ਪੂਰੀ ਤਰ੍ਹਾਂ ਸਿਰ ਭਾਰ ਕਰ ਦਿਤੀ ਹੋਵੇ। ਸ਼ਹਿਰੀ ਖੇਤਰਾਂ ਵਿਚ ਪਹਿਲਾਂ ਹੀ ਬੈਂਕ ਸ਼ਾਖਾਵਾਂ ਦੀ ਅਧਿਕਤਾ ਹੈ। ਇਸ ਨੀਤੀ ਕਾਰਨ ਪੇਂਡੂ ਬਰਾਂਚਾਂ ਦਾ ਅਨੁਪਾਤ ਘਟ ਕੇ 35.65 ਪ੍ਰਤਿਸ਼ਤ ਰਹਿ ਗਿਆ ਅਤੇ ਸ਼ਹਿਰੀ ਬਰਾਂਚਾਂ ਦਾ ਵਧ ਕੇ 38.80 ਪ੍ਰਤਿਸ਼ਤ ਹੋ ਗਿਆ।

21ਵੀਂ ਸਦੀ ਦੇ ਆਰੰਭ ਵਿਚ ਰਿਜ਼ਰਵ ਬੈਂਕ ਨੇ ਬੈਂਕਿੰਗ ਸ਼ਾਖਾਵਾਂ ਦਾ ਨੈੱਟਵਰਕ ਵਧਾਉਣ ਲਈ ਹੋਰ ਉਪਰਾਲੇ ਸ਼ੁਰੂ ਕੀਤੇ ਜਿਨ੍ਹਾਂ ਵਿਚ ਇਕ ਵਾਰੀ ਫਿਰ ਨਿੱਜੀ/ਸਹਿਕਾਰੀ ਅਦਾਰਿਆਂ ਨੂੰ ਨਵੇਂ ਬੈਂਕ ਖੋਲ੍ਹਣ ਲਈ ਲਾਇਸੰਸ ਦੇਣਾ ਸ਼ਾਮਿਲ ਸੀ। ਲਾਇਸੰਸ ਦੇਣ ਲਈ ਨਿਯਮਾਂ ਵਿਚ ਵੀ ਕੁਝ ਤਬਦੀਲੀ ਕੀਤੀ ਗਈ ਜਿਸ ਅਨੁਸਾਰ :

1) ਸਥਾਪਤੀ ਦੇ ਤਿੰਨ ਸਾਲਾਂ ਦੇ ਅੰਦਰ ਨਵੇਂ ਬੈਂਕਾਂ ਲਈ ਕਿਸੇ ਸਟਾਕ ਐਕਸਚੇਂਜ ਤੇ ਲਿਸਟਿੰਗ ਲਾਜ਼ਮੀ ਕਰ ਦਿਤੀ ਗਈ। ਜਿਸ ਦਾ

**ਤਾਲਿਕਾ-1**

| | | ਭਾਰਤ | ਚੀਨ |
|---|---|---|---|
| ਪ੍ਰਤਿ 1000 ਕਿ.ਮੀ. | ਬੈਂਕ ਸ਼ਾਖਾਵਾਂ ਦੀ ਗਿਣਤੀ | 30 | 1428 |
| ਖੇਤਰੀ ਪਸਾਰ ਵਿਚ | ਏ.ਟੀ.ਐੱਮ. ਦੀ ਗਿਣਤੀ | 25 | 2975 |
| ਪ੍ਰਤਿ ਇਕ ਲੱਖ | ਬੈਂਕ ਸ਼ਾਖਾਵਾਂ ਦੀ ਗਿਣਤੀ | 11 | 24 |
| ਜਨਸੰਖਿਆ ਲਈ | ਏ.ਟੀ.ਐੱਮ. | 9 | 50 |
| ਬੈਂਕ ਜਮ੍ਹਾਂ ਰਾਸ਼ੀਆਂ | ਕੁੱਲ ਘਰੇਲੂ ਉਤਪਾਦ | 68.43 ਪ੍ਰਤਿਸ਼ਤ | 433.96 ਪ੍ਰਤਿਸ਼ਤ |
| ਬੈਂਕ ਕਰਜ਼ੇ | ਕੁੱਲ ਘਰੇਲੂ ਉਤਪਾਦ | 51.75 ਪ੍ਰਤਿਸ਼ਤ | 287.89 ਪ੍ਰਤਿਸ਼ਤ |

**ਤਾਲਿਕਾ-2**

| | 1969 | 1980 | 1995 | 2012 |
|---|---|---|---|---|
| ਕੁੱਲ ਬੈਂਕ ਸ਼ਾਖਾਵਾਂ | 8262 | 32419 | 62367 | 102377 |
| ਪੇਂਡੂ ਖੇਤਰ ਵਿਚ | 1833 | 15105 | 33004 | 36503 |
| ਅਰਧ ਸ਼ਹਿਰੀ | 3342 | 8122 | 13341 | 26144 |
| ਸ਼ਹਿਰੀ | 1584 | 5178 | 8868 | 20650 |
| ਮਹਾਂਨਗਰੀ | 1503 | 4041 | 7154 | 19080 |

ਮਤਲਬ ਸੀ ਕਿ ਇਨ੍ਹਾਂ ਬੈਂਕਾਂ ਨੂੰ ਸ਼ੁਰੂ ਤੋਂ ਹੀ ਕਰਜ਼ਾ ਪਸਾਰ ਅਤੇ ਅਕਾਊਂਟਿੰਗ ਦੇ ਕਰੜੇ ਮਾਪਦੰਡ ਅਪਣਾਉਣੇ ਪੈਣੇ ਸਨ।

2) ਪਹਿਲੇ ਦਸ ਸਾਲਾਂ ਦੇ ਅੰਦਰ-ਅੰਦਰ ਪ੍ਰੋਮੋਟਰਾਂ ਦੀ ਹਿੱਸੇਦਾਰੀ ਨੂੰ ਘਟਾ ਕੇ 40 ਪ੍ਰਤਿਸ਼ਤ ਅਤੇ ਪੰਦਰਾਂ ਸਾਲਾਂ ਅੰਦਰ 15 ਪ੍ਰਤਿਸ਼ਤ ਤਕ ਲਿਆਉਣਾ ਲਾਜ਼ਮੀ ਕਰ ਦਿਤਾ ਗਿਆ ਜਿਸ ਦਾ ਅਰਥ ਸੀ ਲਾਭਾਂਸ਼ ਵਿਚ ਪ੍ਰੋਮੋਟਰਾਂ ਦੇ ਹਿੱਸੇ ਵਿਚ ਕਮੀ।

ਰਿਜ਼ਰਵ ਬੈਂਕ ਦਾ ਮੰਨਣਾ ਹੈ ਕਿ ਅਜੋਕੀ ਕੰਪਿਊਟਰੀਕ੍ਰਿਤ ਅਤੇ ਸੂਚਨਾ ਤਕਨੀਕ ਦੀਆਂ ਪ੍ਰਣਾਲੀਆਂ ਅਪਨਾ ਕੇ ਘੱਟ ਕੀਮਤਾਂ 'ਤੇ ਪੇਂਡੂ ਸ਼ਮੂਲੀਅਤ ਮੁਮਕਿਨ ਹੈ। ਵੱਡੇ ਘਰਾਣਿਆਂ ਨੇ ਨਵੇਂ ਬੈਂਕ ਖੋਲ੍ਹਣ ਲਈ ਕੋਈ ਖ਼ਾਸ ਦਿਲਚਸਪੀ ਨਹੀਂ ਦਿਖਾਈ। ਮਹਿੰਦਰਾ ਐਂਡ ਮਹਿੰਦਰਾ ਅਤੇ ਟਾਟਾ ਵਰਗੇ ਵੱਡੇ ਵਪਾਰਕ ਕਾਰਪੋਰੇਟਾਂ ਨੇ ਨਵੇਂ ਬੈਂਕ ਖੋਲ੍ਹਣ ਲਈ ਆਪਣੀਆਂ ਅਰਜ਼ੀਆਂ ਵਾਪਸ ਲੈ ਲਈਆਂ ਹਨ। ਇਸ ਸਮੇਂ ਰਿਜ਼ਰਵ ਬੈਂਕ ਕੋਲ ਕੇਵਲ 25 ਅਰਜ਼ੀਆਂ ਪਈਆਂ ਹਨ ਜਿਨ੍ਹਾਂ ਵਿਚੋਂ ਕੇਵਲ ਤਿੰਨ ਕਾਰਪੋਰੇਟ ਘਰਾਣਿਆਂ ਵਲੋਂ ਹਨ – ਆਦਿਤਯ ਬਿਰਲਾ, ਬਜਾਜ ਅਤੇ ਰਿਲਾਇੰਸ ਹਰ ਕਿਸੇ ਨੂੰ ਬੈਂਕ ਖੋਲ੍ਹਣ ਦੀ ਇਜਾਜ਼ਤ ਨਹੀਂ ਦਿਤੀ ਜਾ ਸਕਦੀ। ਇਸ ਲਈ ਪ੍ਰੋਮੋਟਰਾਂ ਦੀ ਭਰੋਸੇਯੋਗਤਾ, ਈਮਾਨਦਾਰੀ ਅਤੇ ਮੁਹਾਰਤ ਦੀ ਪਰਖ ਮਹੱਤਵਪੂਰਨ ਹੈ। ਸਪੱਸ਼ਟ ਹੈ ਕਿ ਸ਼ਮੂਲੀਅਤ ਦਾ ਲੋੜੀਂਦਾ ਪੱਧਰ ਪ੍ਰਾਪਤ ਕਰਨ ਲਈ ਸਰਕਾਰ/ਰਿਜ਼ਰਵ ਬੈਂਕ ਨੂੰ ਜਨਤਕ ਖੇਤਰ ਬੈਂਕਾਂ 'ਤੇ ਹੀ ਨਿਰਭਰ ਕਰਨਾ ਪਵੇਗਾ।

ਇਸੇ ਟੀਚੇ ਨੂੰ ਮੁੱਖ ਰਖਦੇ ਹੋਏ ਅਗਸਤ 2013 ਵਿਚ ਰਿਜ਼ਰਵ ਬੈਂਕ ਨੇ 'ਭਾਰਤ ਵਿਚ ਬੈਂਕਿੰਗ ਢਾਂਚਾ – ਅਗੇਰਾ ਰਾਹ' ਵਿਸ਼ੇ 'ਤੇ ਇਕ ਵਿਚਾਰ-ਵਟਾਂਦਰਾ ਦਸਤਾਵੇਜ਼ ਜਾਰੀ ਕੀਤਾ ਹੈ। ਹੋਰ ਮੁੱਦਿਆਂ ਤੋਂ ਇਲਾਵਾ, ਇਸ ਦਸਤਾਵੇਜ਼ ਵਿਚ ਹੇਠ ਲਿਖੇ ਮੁੱਦੇ ਵਿਚਾਰਨ ਦਾ ਪ੍ਰਬੰਧ ਹੈ :

• ***ਛੋਟੇ ਬੈਂਕ ਬਨਾਮ ਵੱਡੇ ਬੈਂਕ :*** ਬੈਂਕ-ਰਹਿਤ ਅਤੇ ਘੱਟ ਬੈਂਕਡ ਖੇਤਰਾਂ ਵਿਚ ਛੋਟੇ ਉੱਦਮੀਆਂ ਅਤੇ ਕਿਸਾਨਾਂ ਨੂੰ ਖੇਤੀ ਕਰਜ਼ਿਆਂ ਲਈ ਛੋਟੇ ਬੈਂਕ ਨਿਸ਼ਚੇ ਹੀ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਵਿਚਾਰ-ਵਟਾਂਦਰਾ ਪੇਪਰ ਵਿਚ ਰਿਜ਼ਰਵ ਬੈਂਕ ਨੇ ਇਨ੍ਹਾਂ ਬੈਂਕਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਸੁਝਾਅ ਵੀ ਮੰਗੇ ਹਨ।

• ***ਸਰਵ-ਵਿਆਪਕ*** (ਯੂਨੀਵਰਸਲ) ਬੈਂਕਿੰਗ ਦੀ ਸ਼ੁਰੂਆਤ – ਜਿਵੇਂ ਨਿਵੇਸ਼ ਬੈਂਕਿੰਗ, ਵਿਤਰੇਕੀ ਬੈਂਕਿੰਗ (ਡਿਫਰੈਂਟਰੇਟਡ), ਮੁਢਲੇ ਢਾਂਚੇ ਲਈ ਬੈਂਕਿੰਗ ਆਦਿ।

• ***ਨਿਰੰਤਰ ਅਧਿਕ੍ਰਿਤੀਕਰਨ :*** ਮੌਜੂਦਾ ਨੀਤੀ ਅਧੀਨ ਨਵੇਂ ਬੈਂਕਾਂ ਲਈ ਇਜਾਜ਼ਤ ਹਰ ਸਮੇਂ ਨਹੀਂ ਦਿਤੀ ਜਾਂਦੀ – ਕੁਝ ਸਾਲਾਂ ਬਾਅਦ (15/20/25) ਹੀ ਇਹ ਮਸ਼ਕ ਕੀਤੀ ਜਾਂਦੀ ਹੈ। ਰਿਜ਼ਰਵ ਬੈਂਕ ਇਸ ਨੀਤੀ ਨੂੰ ਬਦਲਣ ਬਾਰੇ ਸੋਚ ਰਿਹਾ ਹੈ।

• ***ਮਜ਼ਬੂਤੀਕਰਨ :*** ਮੌਜੂਦਾ ਬੈਂਕਾਂ ਲਈ।

• ***ਵਿਦੇਸ਼ੀ ਬੈਂਕਾਂ ਲਈ ਦਾਖ਼ਲਾ :*** ਇਸ ਬਾਰੇ ਵੀ ਨੀਤੀ ਬਦਲਣ ਦੀ ਯੋਜਨਾ ਹੈ। ਸਹਾਇਕ ਕੰਪਨੀਆਂ ਸਮੇਤ।

• ***ਸਰਕਾਰੀ ਮਾਲਕੀ :*** ਪ੍ਰਭਾਵਸ਼ੀਲਤਾ, ਪੂੰਜੀ ਪਸਾਰ/ਆਧਾਰ ਅਤੇ ਵਿੱਤੀ ਟਿਕਾਅ ਵਿਚ ਸੰਤੁਲਨ ਰੱਖਣ ਲਈ ਕਈ ਕਦਮ ਚੁੱਕਣੇ ਜ਼ਰੂਰੀ ਹਨ ਜੋ ਬੈਂਕਾਂ ਨੂੰ ਖੁਦਮੁਖਤਿਆਰੀ ਦਿਤੇ ਬਿਨਾਂ ਨਹੀਂ ਆ ਸਕਦੇ। ਇਸ ਲਈ ਸਰਕਾਰੀ ਮਾਲਕੀ ਦੇ ਨਵੇਂ ਮਾਨਦੰਡ ਤੈ ਕਰਨਾ ਜ਼ਰੂਰੀ ਹੈ ਜਿਸ ਨਾਲ ਸਰਕਾਰੀ ਦਖ਼ਲ ਘਟ ਸਕੇ। ਇਸ ਲਈ ਬਿਨਾਂ ਵੋਟਿੰਗ ਪੂੰਜੀ ਦਾ ਸੰਕਲਪ ਵਿਚਾਰਿਆ ਜਾ ਰਿਹਾ ਹੈ।

• ਸ਼ਹਿਰੀ ਸਹਿਕਾਰੀ ਬੈਂਕਾਂ ਨੂੰ ਵਪਾਰਕ ਬੈਂਕਾਂ ਵਿਚ ਬਦਲਣਾ।

• ਬੈਂਕਿੰਗ ਢਾਂਚੇ ਵਿਚ ਪੁਨਰਸੋਧ।

ਇਸ ਦਸਤਾਵੇਜ਼ ਵਿਚ ਵਿਚਾਰ-ਵਟਾਂਦਰੇ ਲਈ ਸੁਝਾਏ ਗਏ ਮੁੱਦਿਆਂ ਦੇ ਮੁੱਖ ਨੁਕਤੇ

– ਨਵੀਆਂ ਸ਼ਾਖਾਂ ਖੋਲ੍ਹਣਾ

– ਬੈਂਕਿੰਗ ਪ੍ਰਣਾਲੀ ਵਿਚ ਤੇਜ਼ੀ ਤੇ ਮਜ਼ਬੂਤੀ ਲਿਆਉਣਾ

– ਬੈਂਕਾਂ ਦੀ ਅੰਦਰੂਨੀ ਮਜ਼ਬੂਤੀ ਵਧਾਉਣਾ ਅਤੇ ਪ੍ਰਸਪਰਕ ਮੁਕਾਬਲਾ ਵਧਾਉਣ ਉਤੇ ਹੈ।

ਨਵੀਂ ਨੀਤੀ ਵਿਚ ਸਭ ਤੋਂ ਵੱਧ ਮਹੱਤਵਪੂਰਨ ਪਹਿਲੂ ਹੈ ਵੱਡੇ-ਵੱਡੇ ਬੈਂਕਾਂ ਨਾਲ ਛੋਟੇ ਬੈਂਕਾਂ ਦੀ ਹੋਂਦ ਨੂੰ ਜਾਰੀ ਰੱਖਣਾ ਅਤੇ ਉਨ੍ਹਾਂ ਨੂੰ ਮਜ਼ਬੂਤ ਕਰਨਾ ਇਸ ਦਸਤਾਵੇਜ਼ ਵਿਚ ਚਾਰ ਪੰਕਤੀ ਬੈਂਕਿੰਗ ਢਾਂਚੇ ਦੀ ਗੱਲ ਕੀਤੀ ਗਈ ਹੈ। ਇਹ ਚਾਰ ਪੰਕਤੀਆਂ ਹਨ :

• ***ਵੱਡੇ ਭਾਰਤੀ ਬੈਂਕ :*** ਤਿੰਨ ਜਾਂ ਚਾਰ ਵੱਡੇ ਭਾਰਤੀ ਬੈਂਕ ਜਿਵੇਂ ਭਾਰਤੀ ਸਟੇਟ ਬੈਂਕ, ਜੋ ਅੰਤਰਰਾਸ਼ਟਰੀ ਪੱਧਰ ਉਤੇ ਕੰਮ ਕਰਨ ਦੇ ਯੋਗ ਹੋਣ – ਮੁਹਾਰਤ ਅਨੁਸਾਰ ਵੀ ਤੇ ਮਜ਼ਬੂਤੀ ਅਨੁਸਾਰ ਵੀ।

• ***ਮੱਧ ਆਕਾਰੀ ਬੈਂਕ :*** ਇਨ੍ਹਾਂ ਵਿਚ 'ਆਲ੍ਹਾ ਬੈਂਕ' ਭਾਵ ਵਿਸ਼ੇਸ਼ ਕਾਰਜਾਂ ਲਈ ਵੱਖ-ਵੱਖ ਬੈਂਕ ਹੋਣਗੇ ਜਿਵੇਂ, ਉਪਭੋਗਤਾ ਕਰਜ਼ੇ ਲਈ, ਮਕਾਨ ਉਸਾਰੀ ਕਰਜ਼ੇ ਲਈ, ਮੁਢਲਾ ਢਾਂਚਾ ਫੰਡਿੰਗ ਲਈ।

• ***ਨਿੱਜੀ ਖੇਤਰ ਦੇ ਬੈਂਕ ਅਤੇ ਖੇਤਰੀ ਗ੍ਰਾਮੀਣ ਬੈਂਕ :*** ਇਹ ਬੈਂਕਿੰਗ ਸੇਵਾਵਾਂ ਦੇ ਵਿਆਪਕੀਕਰਨ ਅਤੇ ਫੈਲਾਅ ਵਿਚ ਮਦਦ ਕਰਨਗੇ।

• ***ਛੋਟੇ ਨਿੱਜੀ ਮਾਲਕੀ ਬੈਂਕ :*** ਬਹੁਤ ਥੋੜ੍ਹੇ ਵਿੱਤ ਲਈ।

1995-2012 ਤਕ ਦਾ ਬੈਂਕ ਸ਼ਾਖਾਵਾਂ ਦਾ ਪਸਾਰ ਸਪੱਸ਼ਟ ਰੂਪ ਵਿਚ ਦੱਸਦਾ ਹੈ ਕਿ ਕੰਪਿਊਟਰੀਕਰਨ ਦੀ ਚਕਾਚੌਂਧ ਵਿਚ ਰਿਜ਼ਰਵ ਬੈਂਕ ਅਤੇ ਵਪਾਰਕ ਬੈਂਕ 1995 ਤਕ ਅਪਣਾਈ ਗਈ ਨੀਤੀ ਨੂੰ ਬਿਲਕੁਲ ਭੁੱਲ ਗਏ ਹਨ। ਇਸ ਦਾ ਨਤੀਜਾ ਇਹ ਹੋਇਆ ਕਿ ਪੇਂਡੂ ਖੇਤਰਾਂ ਦਾ ਵਿੱਤੀ ਸਮਾਵੇਸ਼ ਕਾਫ਼ੀ ਪਛੜ ਗਿਆ ਹੈ। ਇਸ ਲਈ ਇਸ ਨੀਤੀ ਨੂੰ ਮੁੜ ਸੋਧਣ ਦੀ ਲੋੜ ਹੈ। ਅਗਸਤ 2013 ਦੇ ਵਿਚਾਰ-ਵਟਾਂਦਰੇ ਦਸਤਾਵੇਜ਼ ਦੇ ਜਾਰੀ ਹੋਣ ਤੋਂ ਲਗਦਾ ਹੈ ਕਿ ਰਿਜ਼ਰਵ ਬੈਂਕ ਨੇ ਆਪਣੀ ਨੀਤੀ ਪੁਨਰ ਨਿਰਧਾਰਤ ਕਰ ਲਈ ਹੈ। ਤੀਜੇ ਅਤੇ ਚੌਥੇ ਟੀਅਰ ਦੇ ਬੈਂਕ ਯਕੀਨਨ ਇਸ ਮਸਲੇ ਨੂੰ ਧਿਆਨ ਵਿਚ ਰਖਣਗੇ ਅਤੇ ਪੇਂਡੂ ਸ਼ਮੂਲੀਅਤ ਨੂੰ ਲੋੜੀਂਦੇ ਪੱਧਰ 'ਤੇ ਲਿਆਉਣਗੇ।

ਬੈਂਕਿੰਗ ਵਿਚ ਵਿਆਪਕ ਜਨ-ਸਮਾਵੇਸ਼ ਦੇ ਬਿਨਾਂ 21ਵੀਂ ਸਦੀ ਵਿਚ ਸੰਤੁਲਿਤ ਆਰਥਿਕ ਵਿਕਾਸ ਦੀ ਆਸ ਨਹੀਂ ਕੀਤੀ ਜਾ ਸਕਦੀ। ਖ਼ੁਸ਼ੀ ਅਤੇ ਸੰਤੋਖ ਦਾ ਵਿਸ਼ਾ ਇਹ ਹੈ ਕਿ ਰਿਜ਼ਰਵ ਬੈਂਕ ਇਸ ਸਮੱਸਿਆ ਪ੍ਰਤਿ ਜਾਗਰੂਕ ਹੈ।

*(ਲੇਖਕ ਸਾਬਕਾ ਬੈਂਕਰ, ਟਰੇਨਰ, ਲਾਈਫ਼ ਸਕਿਲ ਕੋਚ ਹੈ।)*

*e-mail :jaswantsinghaman@yahoo.com*

# ਨਿਆਂ ਯਕੀਨੀ ਬਣਾਉਂਦਾ ਨਿਆਂ ਪ੍ਰਸ਼ਾਸਨ

ਸਾਡੀ ਨਿਆਂ ਪ੍ਰਣਾਲੀ ਅਨੁਸਾਰ ਭਾਰਤ ਦੇ ਲੋਕਾਂ ਨੂੰ ਅਜਿਹੀ ਅਦਾਲਤੀ ਵਿਵਸਥਾ ਦੇਣੀ ਹੈ ਜੋ ਨਿਰਪੱਖ ਨਿਆਂ ਦਿੰਦੀ ਹੋਵੇ, ਵਿਵਾਦਾਂ ਦਾ ਵਧੀਆ ਢੰਗ ਨਾਲ ਨਿਪਟਾਰਾ ਕਰਦੀ ਹੋਵੇ ਅਤੇ ਯਕੀਨੀ ਬਣਾਉਂਦੀ ਹੋਵੇ ਕਿ ਕਾਨੂੰਨ ਦਾ ਸ਼ਾਸਨ ਸਾਰਿਆਂ ਦੇ ਅਧਿਕਾਰਾਂ ਦੀ ਰੱਖਿਆ ਕਰੇਗਾ। ਪਰ ਮੁਕੱਦਮਿਆਂ ਦੇ ਵਧਦੇ ਬੋਝ ਅਤੇ ਜਟਿਲ ਅਦਾਲਤੀ ਪ੍ਰਕਿਰਿਆਵਾਂ ਤੋਂ ਅਦਾਲਤਾਂ ਵਿਚ ਵੱਡੀ ਗਿਣਤੀ ਵਿਚ ਮਾਮਲੇ ਲਮਕੇ ਪਏ ਹਨ। ਵੱਡੀ ਗਿਣਤੀ ਵਿਚ ਮਾਮਲਿਆਂ ਦੇ ਲਮਕੇ ਹੋਣ ਦੇ ਕਈ ਕਾਰਨ ਹਨ। ਜਿਨ੍ਹਾਂ ਵਿਚੋਂ ਜੱਜਾਂ ਦੀ ਘਾਟ, ਬੁਨਿਆਦੀ ਢਾਂਚੇ ਦੀ ਕਮੀ, ਅਦਾਲਤਾਂ ਵਿਚ ਮੁਕੱਦਮਿਆਂ ਦਾ ਵਾਰ-ਵਾਰ ਅੱਗੇ ਪੈਣਾ ਸ਼ਾਮਿਲ ਹੈ। ਸਰਕਾਰ ਵਲੋਂ ਕਈ ਕਦਮ ਚੁੱਕੇ ਗਏ ਹਨ ਜਿਨ੍ਹਾਂ ਵਿਚ ਅਦਾਲਤਾਂ 'ਚ ਬਿਹਤਰ ਬੁਨਿਆਦੀ ਢਾਂਚਾ ਪ੍ਰਦਾਨ ਕਰਨਾ, ਅਦਾਲਤਾਂ ਵਿਚ ਸੂਚਨਾ ਸੰਚਾਰ ਤਕਨਾਲੋਜੀ ਇਸਤੇਮਾਲ ਤੇ ਹੇਠਲੀਆਂ ਅਦਾਲਤਾਂ ਵਿਚ ਜੱਜਾਂ ਦੀ ਗਿਣਤੀ ਵਿਚ ਵਾਧਾ ਕਰਨਾ, ਮਾਮਲਿਆਂ ਦੇ ਛੇਤੀ ਨਿਪਟਾਰੇ ਲਈ ਅਦਾਲਤੀ ਪ੍ਰਕਿਰਿਆ ਵਿਚ ਇਕ ਨਵਾਂ ਰੂਪ ਦੇਣਾ ਸ਼ਾਮਿਲ ਹੈ।

ਆਸ ਹੈ ਕਿ ਮਾਰਚ 2014 ਤਕ ਲਗਭਗ 300 ਅਦਾਲਤ ਭਵਨਾਂ ਦਾ ਨਿਰਮਾਣ ਹੋ ਜਾਵੇਗਾ। ਇਸ ਲਈ ਕੇਂਦਰ ਸਰਕਾਰ ਵਲੋਂ ਰਾਜ ਸਰਕਾਰਾਂ ਨੂੰ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕਈ ਯੋਜਨਾਵਾਂ ਰਾਹੀਂ ਰਾਸ਼ੀ ਮੁਹੱਈਆ ਕਰਵਾ ਰਹੀ ਹੈ। ਈ-ਕੋਰਟ ਪ੍ਰਾਜੈਕਟ ਮਾਰਚ, 2014 ਤਹਿਤ 14 ਹਜ਼ਾਰ 249 ਜ਼ਿਲ੍ਹਾ ਅਤੇ ਹੇਠਲੀਆਂ ਅਦਾਲਤਾਂ ਦੇ ਕੰਪਿਊਟਰੀਕਰਨ ਦਾ ਟੀਚਾ ਮੁਕੰਮਲ ਹੋ ਗਿਆ ਹੈ। 31 ਦਸੰਬਰ 2013 ਤਕ 13 ਹਜ਼ਾਰ 227 ਅਦਾਲਤਾਂ ਦਾ ਕੰਪਿਊਟਰੀਕਰਨ ਹੋ ਚੁੱਕਾ ਹੈ, ਜਿਨ੍ਹਾਂ ਵਿਚ ਕਈ ਅਦਾਲਤਾਂ ਵਿਚ ਕੇਸ ਦਰਜ ਕਰਨਾ ਰਜਿਸਟ੍ਰੇਸ਼ਨ, ਕਾਰਜ ਸੂਚੀ ਅਤੇ ਰੋਜ਼ਾਨਾ ਕਾਰਵਾਈ ਅਤੇ ਫ਼ੈਸਲੇ ਕੰਪਿਊਟਰ ਸੇਵਾ ਰਾਹੀਂ ਜੁੜ ਗਏ ਹਨ। ਬੁਨਿਆਦੀ ਢਾਂਚੇ ਦੀ ਬਿਹਤਰ ਉਪਲਬੱਧਤਾ ਅਤੇ ਅਦਾਲਤਾਂ ਵਿਚ ਸੂਚਨਾ ਸੰਚਾਰ ਤਕਨਾਲੋਜੀ ਆਉਣ ਨਾਲ ਰਾਜਾਂ ਨੇ ਵੀ ਹਾਈ ਕੋਰਟ ਨਾਲ ਸਲਾਹ ਕਰਕੇ ਜ਼ਿਲ੍ਹਾ ਪੱਧਰ ਦੀਆਂ ਅਦਾਲਤਾਂ ਦੀ ਗਿਣਤੀ ਵਧਾਉਣ ਲਈ ਜ਼ਰੂਰੀ ਕਦਮ ਚੁੱਕੇ ਹਨ। ਇਸ ਨਾਲ ਵਰਤਮਾਨ ਅਦਾਲਤਾਂ ਵਿਚ ਮੁਕੱਦਮਿਆਂ ਦਾ ਬੋਝ ਘਟੇਗਾ ਅਤੇ ਨਿਆਂ ਦੇਣ ਵਿਚ ਸੁਧਾਰ ਹੋਵੇਗਾ। ਰਾਜਾਂ ਨੇ ਬਲਾਤਕਾਰ ਮਾਮਲਿਆਂ ਦੀ ਸੁਣਵਾਈ ਲਈ ਫਾਸਟ ਟ੍ਰੈਕ ਅਦਾਲਤਾਂ ਵੀ ਗਠਿਤ ਕੀਤੀਆਂ ਹਨ।

ਦੇਸ਼ ਦੀਆਂ ਸਾਰੀਆਂ ਅਦਾਲਤਾਂ ਦੇ ਕੰਮਕਾਜ ਦੇ ਵਿਸ਼ਲੇਸ਼ਣ, ਸਾਰੇ ਨਿਆਂਇਕ ਅਧਿਕਾਰੀਆਂ ਦਾ ਪ੍ਰਦਰਸ਼ਨ ਪ੍ਰਬੰਧਨ ਅਤੇ ਨਿਆਂ ਖੇਤਰ ਦੀਆਂ ਯੋਜਨਾਵਾਂ ਸੁਧਾਰਨ ਲਈ ਆਂਧਰ ਪ੍ਰਦੇਸ਼, ਕਰਨਾਟਕ, ਕੇਰਲ ਅਤੇ ਮਹਾਰਾਸ਼ਟਰ ਵਿਚ ਨੈਸ਼ਨਲ ਜੁਡੀਸ਼ੀਅਲ ਡਾਟਾ ਗ੍ਰਿਡ ਪਹਿਲ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ। ਇਹ ਪ੍ਰਾਜੈਕਟ ਸਾਰੇ ਰਾਜਾਂ ਵਿਚ ਛੇਤੀ ਹੀ ਉਪਲਬਧ ਹੋਵੇਗਾ ਤੇ ਨਾਲ-ਨਾਲ ਹਾਈਕੋਰਟ ਅਦਾਲਤੀ ਪ੍ਰਕਿਰਿਆ ਵਿਚ ਇਕ ਨਵਾਂ ਰੂਪ ਦੇਣ ਲਈ ਕੰਮ ਕਰ ਰਿਹਾ ਹੈ।

ਸਰਕਾਰ ਵਲੋਂ ਸਮਾਜ ਦੇ ਹਾਸ਼ੀਏ ਉਤੇ ਪਏ ਲੋਕਾਂ ਪ੍ਰਤਿ ਧਿਆਨ ਦਿੰਦੇ ਹੋਏ ਨਿਆਂ ਤਕ ਪਹੁੰਚ ਨੂੰ ਆਸਾਨ ਬਣਾਉਣ ਲਈ ਦੋ ਪ੍ਰਾਜੈਕਟ ਲਾਗੂ ਕੀਤੇ ਗਏ ਹਨ। ਇਕ ਪ੍ਰਾਜੈਕਟ ਮੱਧ ਭਾਰਤ ਦੇ 8 ਰਾਜਾਂ ਵਿਚ ਚਲ ਰਿਹਾ ਹੈ ਤੇ ਦੂਜਾ 8 ਪੂਰਬ ਉੱਤਰ ਰਾਜਾਂ ਅਤੇ ਜੰਮੂ-ਕਸ਼ਮੀਰ ਵਿਚ ਚਲ ਰਿਹਾ ਹੈ। ਪਹਿਲੀ ਯੋਜਨਾ ਦੌਰਾਨ 20 ਲੱਖ ਤੋਂ ਵੱਧ ਲੋਕਾਂ ਨੂੰ ਕਾਨੂੰਨੀ ਜਾਗਰੂਕਤਾ ਪੈਦਾ ਕੀਤੀ ਗਈ ਹੈ ਅਤੇ 7 ਹਜ਼ਾਰ ਪੈਰਾ ਲੀਗਲ ਸਟਾਫ਼ ਅਤੇ 300 ਵਕੀਲਾਂ ਨੂੰ ਸਿਖਲਾਈ ਦਿਤੀ ਗਈ ਹੈ। ਛੱਤੀਸਗੜ੍ਹ ਅਤੇ ਝਾਰਖੰਡ ਵਿਚ 25-25 ਸਥਾਨਾਂ ਉਤੇ ਸੂਚਨਾ ਬੂਥ ਬਣਾਏ ਗਏ ਹਨ ਜਿਹੜੇ ਲੋਕਾਂ ਨੂੰ ਕਾਨੂੰਨ ਅਤੇ ਅਧਿਕਾਰਾਂ ਦੀ ਜਾਣਕਾਰੀ ਦੇਣਗੇ। ਹਾਲ ਹੀ ਵਿਚ ਸਰਕਾਰ ਅਤੇ ਨਿਆਂ ਪਾਲਿਕਾ ਵਲੋਂ ਕਈ ਕਦਮ ਚੁੱਕੇ ਜਾਣ ਉਤੇ ਹੇਠਲੀਆਂ ਅਦਾਲਤਾਂ ਵਿਚ ਮੁਕੱਦਮਿਆਂ ਦੇ ਲਮਕੇ ਹੋਣ ਦੀ ਗਿਣਤੀ ਵਿਚ ਕਮੀ ਆਈ ਹੈ। ਮਹਿਲਾਵਾਂ, ਬੱਚੇ, ਬਜ਼ੁਰਗਾਂ ਅਤੇ ਸਮਾਜ ਦੇ ਕਮਜ਼ੋਰ ਵਰਗ ਦੇ ਲੋਕਾਂ ਨਾਲ ਕੀਤੇ ਗਏ ਅਪਰਾਧਾਂ ਸਮੇਤ ਮੁੱਢਲੇ ਆਧਾਰ ਉਤੇ ਪੁਰਾਣੇ ਮੁਕੱਦਮਿਆਂ ਦੀ ਸੁਣਵਾਈ ਕੀਤੀ ਜਾ ਰਹੀ ਹੈ।

### ਰਾਸ਼ਟਰੀ ਮਤਦਾਤਾ ਦਿਵਸ 2014

25 ਜਨਵਰੀ ਦਾ ਦਿਨ ਰਾਸ਼ਟਰੀ ਮਤਦਾਤਾ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਹ ਉਹ ਦਿਨ ਹੈ ਜਦ ਸਾਡੇ ਦੇਸ਼ ਦੇ ਸੰਵਿਧਾਨ ਨਿਰਮਾਤਾਵਾਂ ਨੇ ਦੇਸ਼ ਦੇ ਨਾਗਰਿਕਾਂ ਨੂੰ ਭਾਰਤ ਦਾ ਚੋਣ ਕਮਿਸ਼ਨ ਪ੍ਰਦਾਨ ਕੀਤਾ ਸੀ ਅਤੇ ਇਸ ਕਮਿਸ਼ਨ ਨੇ ਚੋਣ ਉਤੇ ਨਿਗਰਾਨੀ ਰੱਖਣ, ਨਿਰਦੇਸ਼ ਦੇਣ ਅਤੇ ਨਿਯੰਤ੍ਰਣ ਰੱਖਣ ਦੀ ਜ਼ਿੰਮੇਦਾਰੀ ਸੌਂਪੀ ਸੀ। ਇਹ ਕਮਿਸ਼ਨ ਭਾਰਤ ਨੂੰ ਆਜ਼ਾਦ, ਨਿਰਪੱਖ ਅਤੇ ਵਿਸ਼ਵਾਸਯੋਗ ਚੋਣ ਕਰਵਾਉਣ ਲਈ ਪ੍ਰਤਿਬੱਧ ਹੈ। ਪਰ ਲੋਕਤੰਤਰ ਨੂੰ ਸਾਰਥਿਕ ਬਣਾਉਣ ਲਈ ਚੋਣ ਕਮਿਸ਼ਨ ਦੀ ਪ੍ਰਕਿਰਿਆ ਵਿਚ ਲੋਕਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਬਹੁਤ ਜ਼ਰੂਰੀ ਹੈ।

ਚੋਣ ਦੇ ਸੰਚਾਲਨ ਵਿਚ ਚੋਣ ਸੂਚੀ ਵਿਚ ਦਰਜ ਹਰੇਕ ਭਾਰਤੀ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸੁਰੱਖਿਅਤ ਤੌਰ ਤੇ ਮਤਦਾਨ ਕਰਨ। ਇਸ ਦੇ ਇਲਾਵਾ, ਚੋਣ ਵਿਚ ਨਾਗਰਿਕਾਂ ਦਾ ਹਿੱਸਾ ਲੈਣਾ ਯਕੀਨੀ ਬਣਾਉਣਾ, ਲੋਕਤੰਤਰ ਦੀ ਸ਼ਕਤੀ ਦਾ ਸੂਚਕ ਹੈ। ਰਾਸ਼ਟਰੀ ਮਤਦਾਨ ਦਿਵਸ ਦੀ ਕਲਪਨਾ ਪਿੱਛੇ ਇਹ ਭਾਵਨਾ ਰਹੀ ਹੈ ਕਿ ਮਤਦਾਤਾ, ਖ਼ਾਸ ਤੌਰ ਤੇ ਨਵੇਂ ਮਤਦਾਤਾਵਾਂ ਦੇ ਪੰਜੀਕਰਨ ਦੀ ਗਿਣਤੀ ਵਿਚ ਵਾਧਾ ਹੋਵੇ। ਰਾਸ਼ਟਰੀ ਮਤਦਾਨ ਦਿਵਸ ਲੋਕਾਂ ਵਿਚਾਲੇ ਉਨ੍ਹਾਂ ਕਾਰਨਾਂ ਦਾ ਅਧਿਐਨ ਕਰਦਾ ਹੈ ਕਿ ਇਸ

ਪ੍ਰਕਿਰਿਆ ਤੋਂ ਲੋਕ ਉੱਕ ਜਾਂਦੇ ਹਨ ਅਤੇ ਇਸ ਪ੍ਰਕਿਰਿਆ ਵਿਚ ਲੋਕ ਹਿੱਸਾ ਕਿਉਂ ਨਹੀਂ ਲੈਂਦੇ। ਇਸ ਦਿਨ ਨੂੰ ਅਸੀਂ ਚੋਣ ਪ੍ਰਕਿਰਿਆ ਵਿਚ ਪ੍ਰਭਾਵੀ ਸਹਿਯੋਗ ਦੇ ਸੰਬੰਧ ਵਿਚ ਲੋਕਾਂ ਨੂੰ ਜਾਗਰੂਕ ਕਰਨ ਲਈ ਵੀ ਉਪਯੋਗ ਵਿਚ ਲਿਆਉਂਦੇ ਹਾਂ। ਇਸ ਦਿਨ ਨਵੇਂ ਮਤਦਾਤਾ ਵਲੋਂ ਲਈ ਜਾਣ ਵਾਲੀ ਸਹੁੰ ਸਾਡੇ ਸਵੈ ਪ੍ਰਤਿ, ਰਾਸ਼ਟਰ ਪ੍ਰਤਿ ਅਤੇ ਲੋਕਤੰਤਰ ਪ੍ਰਤਿ ਸਾਡੇ ਵਿਸ਼ਵਾਸ ਨੂੰ ਮਜ਼ਬੂਤ ਕਰਦੀ ਹੈ।

ਹੁਣ ਤਕ ਭਾਰਤ ਦਾ ਚੋਣ ਕਮਿਸ਼ਨ ਲੋਕ ਸਭਾ ਦੀਆਂ 15 ਆਮ ਚੋਣਾਂ ਅਤੇ ਕਈ ਵਾਰ ਰਾਜ ਵਿਧਾਨ ਸਭਾਵਾਂ ਦੇ ਆਮ ਚੋਣਾਂ ਕਰਵਾ ਚੁੱਕਾ ਹੈ। ਇਸ ਸੂਚੀ ਵਿਚ ਰਾਜ ਸਭਾ ਅਤੇ ਰਾਜ ਵਿਧਾਨ ਪਰਿਸ਼ਦਾਂ ਦੇ ਉੱਚੇ ਸੰਵਿਧਾਨਕ ਅਹੁਦੇ ਉਤੇ ਚੋਣ ਦੀ ਜ਼ਿੰਮੇਵਾਰੀ ਵੀ ਹੈ। ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਚੋਣ ਕਰਾਉਣ ਦੇ ਆਪਣੇ ਯਤਨਾਂ ਵਿਚ ਕਮਿਸ਼ਨ ਨੇ ਆਪਣੇ ਵਿਸ਼ਵਾਸ ਨੂੰ ਪੂਰੀ ਤਾਕਤ ਦੇ ਨਾਲ ਕਾਇਮ ਰੱਖਿਆ ਹੈ ਅਤੇ ਨਾਲ ਹੀ ਯਕੀਨੀ ਬਣਾਇਆ ਹੈ ਕਿ ਹਰੇਕ ਪਾਤਰ ਭਾਰਤ ਦਾ ਵੋਟ ਇਸ ਵਿਚ ਮਹੱਤਤਾ ਰੱਖਦਾ ਹੈ। ਹੁਣ ਇਸ ਸਾਲ ਅਗਲੀ ਲੋਕ ਸਭਾ ਚੋਣ ਕਰਵਾਉਣ ਦੀ ਨਵੀਂ ਚੁਨੌਤੀ ਚੋਣ ਕਮਿਸ਼ਨ ਦੇ ਸਾਹਮਣੇ ਹੈ। ਜਿੱਥੇ ਨੌਜਵਾਨ, ਸਿੱਖਿਅਤ, ਤਕਨੀਕੀ ਗਿਆਨ ਤੋਂ ਭਰਪੂਰ ਯੁਵਾ ਮਤਦਾਤਾਵਾਂ ਦੀ ਭੂਮਿਕਾ ਬਹੁਤ ਜ਼ਰੂਰੀ ਹੈ। 2011 ਦੀ ਜਨਗਣਨਾ ਮੁਤਾਬਿਕ ਇਸ ਸਾਲ 149.36 ਮਿਲੀਅਨ ਮਤਦਾਤਾ ਨੂੰ ਪਹਿਲੀ ਵਾਰ ਵੋਟ ਪਾਉਣ ਦਾ ਅਧਿਕਾਰ ਮਿਲਿਆ ਹੈ। ਇਸ ਤੋਂ ਪਤਾ ਲਗਦਾ ਹੈ ਕਿ 725 ਮਿਲੀਅਨ ਵੋਟਰਾਂ ਵਿਚ 20 ਪ੍ਰਤਿਸ਼ਤ ਤੋਂ ਵੱਧ ਵੋਟਰ 2014 ਵਿਚ ਮਤਦਾਨ ਦੇ ਪਾਤਰ ਹੋਣਗੇ। ਪਹਿਲੀ ਵਾਰ ਵੋਟਰਾਂ ਦੀ ਕੁੱਲ ਸੰਖਿਆ ਮਈ 2014 ਤਕ ਲਗਭਗ 160 ਮਿਲੀਅਨ ਹੋ ਜਾਵੇਗੀ। ਵਿਸ਼ਵ ਵਿਚ ਚੋਣ ਪ੍ਰਬੰਧਨ ਦੀ ਵਿਆਪਕ ਪ੍ਰਕਿਰਿਆ ਨੂੰ ਵੇਖਦੇ ਹੋਏ ਚੋਣ ਕਮਿਸ਼ਨ ਉਨ੍ਹਾਂ ਲੋਕਾਂ ਵਿਚ ਉਮੀਦ ਰੱਖਦਾ ਹੈ ਜਿਹੜੇ ਕਿ ਖ਼ਾਸ ਤੌਰ ਤੇ ਯੁਵਾ ਵਰਗ ਚੋਣ ਵਿਚ ਹਿੱਸਾ ਨਹੀਂ ਲੈਂਦੇ ਅਤੇ ਨਿਰਾਸ਼ਾਜਨਕ ਵਿਵਹਾਰ ਰੱਖਦੇ ਹਨ, ਉਹ ਹੁਣ ਵੱਧ ਤੋਂ ਵੱਧ ਇਸ ਪ੍ਰਕਿਰਿਆ ਵਿਚ ਹਿੱਸਾ ਲੈਣਗੇ।

– ਪੀ.ਆਈ.ਬੀ. ਜਲੰਧਰ

# ਫਾਰਮ-IV

*(ਦੇਖੋ ਨਿਯਮ)*

## ਯੋਜਨਾ (ਪੰਜਾਬੀ) ਦੀ ਮਾਲਕੀ ਬਾਰੇ ਤੇ ਹੋਰ ਵੇਰਵੇ

| | | |
|---|---|---|
| **1.ਪ੍ਰਕਾਸ਼ਨ ਸਥਾਨ** | : | ਨਵੀਂ ਦਿੱਲੀ |
| **2.ਪ੍ਰਕਾਸ਼ਨ ਸਮਾਂ** | : | ਮਾਸਿਕ |
| **3.ਛਾਪਕ ਦਾ ਨਾਂ** | : | ਈਰਾ ਜੋਸ਼ੀ |
| **ਕੌਮੀਅਤ** | : | ਭਾਰਤੀ |
| **ਪਤਾ** | : | ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,<br>ਸੀ.ਜੀ.ਓ. ਕੰਪਲੈਕਸ, ਲੋਧੀ ਰੋਡ,<br>ਨਵੀਂ ਦਿੱਲੀ – 110003 |
| **4.ਪ੍ਰਕਾਸ਼ਕ ਦਾ ਨਾਂ** | : | ਈਰਾ ਜੋਸ਼ੀ |
| **ਕੌਮੀਅਤ** | : | ਭਾਰਤੀ |
| **ਪਤਾ** | : | ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ,<br>ਸੀ.ਜੀ.ਓ. ਕੰਪਲੈਕਸ, ਲੋਧੀ ਰੋਡ,<br>ਨਵੀਂ ਦਿੱਲੀ – 110003 |
| **5.ਸੰਪਾਦਕ ਦਾ ਨਾਂ** | : | ਬਲਬੀਰ ਮਾਧੋਪੁਰੀ |
| **ਕੌਮੀਅਤ** | : | ਭਾਰਤੀ |
| **ਪਤਾ** | : | ਈਸਟ ਬਲਾਕ-4, ਲੈਵਲ-7, ਆਰ.ਕੇ.ਪੁਰਮ,<br>ਨਵੀਂ ਦਿੱਲੀ- 110066 |
| **6.ਮਾਲਕ ਦਾ ਨਾਂ ਤੇ ਪਤਾ** | : | ਸੂਚਨਾ ਤੇ ਪ੍ਰਸਾਰਨ ਮੰਤਰਾਲਾ,<br>ਭਾਰਤ ਸਰਕਾਰ, ਨਵੀਂ ਦਿੱਲੀ-110001 |

ਮੈਂ, ਈਰਾ ਜੋਸ਼ੀ ਐਲਾਨ ਕਰਦੀ ਹਾਂ ਕਿ ਉਪਰੋਕਤ ਵੇਰਵੇ ਮੇਰੀ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਸੱਚ ਅਤੇ ਸਹੀ ਹਨ।

**ਦਸਤਖ਼ਤ**

(ਈਰਾ ਜੋਸ਼ੀ)

**ਮਿਤੀ : 21.2.2014** ਪ੍ਰਕਾਸ਼ਕ

# *ਵਿਸ਼ੇਸ਼ ਦੌੜ ਵਿਚ ਅੱਗੇ*

**ਅਕਸ਼ੈ ਆਜ਼ਾਦ**

ਆਪਣੀ ਅਸਟਰੇਲੀਆ ਫੇਰੀ ਲਈ 18 ਸਾਲਾਂ ਦਾ ਰਾਕੇਸ਼ ਅੰਤਿਮ ਤਿਆਰੀਆਂ ਲਈ ਹੱਥ ਪੈਰ ਮਾਰ ਰਿਹਾ ਹੈ ਅਤੇ ਨਾਲ ਹੀ ਇਕ ਵਿਸ਼ੇਸ਼ ਯਾਤਰਾ ਬਾਰੇ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੇ ਉੱਤਰ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਦੀ ਆਵਾਜ਼ ਵਿਚਲੇ ਸ਼ਾਂਤ ਵਿਸ਼ਵਾਸ ਨੇ ਸਭ ਨੂੰ ਹੈਰਾਨ ਕਰ ਦਿਤਾ ਹੈ ਅਤੇ ਉਹ ਸੋਚ ਰਹੇ ਹਨ ਕਿ ਜੰਮੂ ਖੇਤਰ ਦੇ ਸਮੁੱਚੇ ਇਤਿਹਾਸ ਵਿਚ ਕੇਵਲ ਇਹ ਹੀ ਲੜਕਾ ਵਿਸ਼ੇਸ਼ ਯੋਗਤਾ ਵਾਲਾ ਹੈ ਜਿਸ ਨੂੰ ਵਿਸ਼ੇਸ਼ ਉਲੰਪਿਕ ਵਾਸਤੇ ਚੁਣਿਆ ਗਿਆ ਹੈ।

ਰਾਕੇਸ਼ ਕੁਮਾਰ, ਮਾਯੂਸੀ ਦੇ ਲੱਛਣਾਂ ਵਾਲਾ ਰੋਗੀ ਹੋ ਸਕਦਾ ਹੈ, ਉਹ ਮਾਨਸਿਕ ਰੋਗੀਆਂ ਦੇ ਸਮੂਹ ਵਿਚ ਹੀ ਕਿਧਰੇ ਗੁੰਮ ਹੋ ਜਾਂਦਾ ਜੇਕਰ ਲਲਿਤ ਕੁਮਾਰ ਅਤੇ ਡਾ. ਅਸ਼ਵਨੀ ਵਰਗੇ ਲੋਕਾਂ ਨੇ ਉਸ ਨੂੰ ਅਗਲਾ ਰਸਤਾ ਨਾ ਦਿਖਾਇਆ ਹੁੰਦਾ।

ਰਾਕੇਸ਼ ਆਪਣੇ 70 ਮਾਨਸਿਕ ਰੋਗੀ ਜਮਾਤੀਆਂ ਅਤੇ ਜੰਮੂ ਖੇਤਰ ਦੇ ਆਰ.ਐੱਸ. ਪੁਰਾ ਵਿਖੇ ਸਥਿਤ 'ਖੋਜ ਅਤੇ ਪੁਨਰਵਾਸ ਕੇਂਦਰ' ਦੇ ਪ੍ਰੇਰਨਾ ਸੰਸਥਾਨ ਦੀ ਪ੍ਰਤਿਨਿਧਤਾ ਕਰਦੇ ਹਨ। ਇਸ ਕੇਂਦਰ ਵਿਖੇ ਉਹ ਗਣਿਤ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਹੀ ਨਹੀਂ ਸਿੱਖਦੇ ਸਗੋਂ ਜੀਵਨ ਦੇ ਨਵੇਂ ਢੰਗਾਂ ਨੂੰ ਵੀ ਸਿੱਖਦੇ ਹਨ। ਇਹ ਉਹ ਸਥਾਨ ਹੈ ਜਿਥੇ ਅਧਿਆਪਕ ਉਨ੍ਹਾਂ ਨੂੰ ਇੱਜ਼ਤ ਅਤੇ ਸੁਤੰਤਰਤਾ ਨਾਲ ਜੀਵਨ ਜਿਉਣ ਦਾ ਵਿਸ਼ਵਾਸ ਸਿਖਾਉਂਦੇ ਹਨ।

ਰਾਕੇਸ਼ ਦੀ ਮਾਂ ਕਾਂਤਾ ਦੇਵੀ ਦਾ ਕਹਿਣਾ ਹੈ, 12 ਸਾਲ ਦੀ ਉਮਰ ਤਕ ਰਾਕੇਸ਼ ਆਪਣੇ ਘਰ ਤਕ ਹੀ ਸੀਮਤ ਸੀ। ਭਾਵੇਂ ਕਿ ਉਹ ਆਪਣੇ ਵਿਹਾਰ ਵਿਚ ਹਿੰਸਕ ਨਹੀਂ ਹੈ ਪਰ ਫਿਰ ਵੀ ਹਮੇਸ਼ਾ ਘਰ ਦਾ ਇਕ ਜੀਅ ਉਸ ਦੇ ਨਾਲ ਰਹਿੰਦਾ ਹੈ। ਰਾਕੇਸ਼ ਦੇ ਪਿਤਾ ਫ਼ੌਜ ਵਿਚ ਹੋਣ ਕਾਰਨ ਜ਼ਿਆਦਾ ਸਮਾਂ ਨਾਲ ਨਹੀਂ ਸਨ ਰਹਿੰਦੇ। ਇਸ ਲਈ ਉਸ ਨੇ ਹੀ ਸਾਰੀ ਜ਼ਿੰਮੇਵਾਰੀ ਨਿਭਾਈ ਹੈ" ਉਸ ਦੇ ਬੇਟੇ ਦੀ ਖੇਡਾਂ ਵਿਚ ਚੋਣ ਦੀ ਉਤਸੁਕਤਾ ਉਸ ਦੇ ਚਿਹਰੇ ਦੀ ਚਮਕ ਤੋਂ ਨਜ਼ਰ ਆਉਂਦੀ ਹੈ। ਉਹ ਹੱਸਦੀ ਹੋਈ ਕਹਿੰਦੀ ਹੈ, "ਹੁਣ ਮੇਰਾ ਪੁੱਤਰ *ਵਿਸ਼ੇਸ਼ ਉਲੰਪਿਕ* ਵਿਚ ਚੁਣਿਆ ਗਿਆ ਹੈ ਅਤੇ ਅਸਟਰੇਲੀਆ ਜਾ ਰਿਹਾ ਹੈ।" ਪਰਿਵਾਰ ਨੂੰ ਰਾਕੇਸ਼ 'ਤੇ ਮਾਣ ਹੈ।

ਰਾਕੇਸ਼ ਦੇ ਪਰਿਵਾਰ ਵਾਂਗ 70 ਦੂਜੇ ਪਰਿਵਾਰ ਵੀ ਪ੍ਰੇਰਨਾ ਪੁਨਰਵਾਸ ਕੇਂਦਰ ਦੇ ਸ਼ੁਕਰਗੁਜ਼ਾਰ ਹਨ। ਇਹ ਕੇਂਦਰ ਐਨ ਜੀ ਓ ਸਹਿਯੋਗ ਇੰਡੀਆ ਦੁਆਰਾ ਚਲਾਈ ਜਾ ਰਹੀ ਹੈ। ਸਹਿਯੋਗ ਇੰਡੀਆ ਦੇ ਦ੍ਰਿੜ੍ਹ ਯਤਨਾਂ ਸਦਕਾ ਇਨ੍ਹਾਂ ਬੱਚਿਆਂ ਦਾ ਭਵਿੱਖ ਉੱਜਲ ਹੋਇਆ ਹੈ। ਵਿਸ਼ੇਸ਼ ਉਲੰਪਿਕ ਦੀ ਪ੍ਰਾਂਤਿਕ ਟਰੇਨਰ ਕਮਲਜੀਤ ਕੌਰ ਦਾ ਕਹਿਣਾ ਹੈ, "ਭਾਵੇਂ ਸਾਡੇ ਛੇ ਬੱਚੇ ਚੁਣੇ ਗਏ ਹਨ, ਸਾਡੀ ਕਮਜ਼ੋਰ ਆਰਥਿਕ ਸਥਿਤੀ ਕਾਰਨ (ਇਕ ਖਿਡਾਰੀ ਲਈ ਘੱਟੋ-ਘੱਟ 80,000 ਰੁਪਏ ਚਾਹੀਦੇ ਹਨ) ਅਸੀਂ ਇਕ ਵੀ ਬੱਚਾ ਅਸਟਰੇਲੀਆ ਭੇਜਣ ਦੇ ਸਮਰੱਥ ਨਹੀਂ। ਪਹਿਲੀ ਵਾਰ ਬੱਚਿਆਂ ਦੀ ਚੋਣ ਜੰਮੂ ਤੋਂ ਕੀਤੀ ਗਈ ਹੈ, ਉਨ੍ਹਾਂ ਨੇ ਖੇਡਾਂ ਲਈ ਘੱਟੋ-ਘੱਟ ਇਕ ਬੱਚਾ ਭੇਜਣ ਦਾ ਫ਼ੈਸਲਾ ਕੀਤਾ ਹੈ।"

*ਵਿਸ਼ੇਸ਼ ਉਲੰਪਿਕ* ਦੇ ਖੇਤਰੀ ਸਹਿਯੋਗੀ ਅਤੇ ਸਮਾਜਿਕ ਕਾਰਜਕਰਤਾ ਲਲਿਤ ਕੁਮਾਰ ਕੋਲ ਸਾਂਝੀ ਕਰਨ ਲਈ ਆਪਣੀ ਕਹਾਣੀ ਸੀ ਕਿ ਕਿਵੇਂ ਉਨ੍ਹਾਂ ਇਨ੍ਹਾਂ ਮਾਨਸਿਕ ਤੌਰ ਤੇ ਅਪਾਹਿਜ ਬੱਚਿਆਂ ਲਈ ਕੰਮ ਕਰਨ ਦਾ ਬੀੜਾ ਚੁੱਕਿਆ।

ਲਲਿਤ ਦੀ ਵੱਡੀ ਭੈਣ ਜੋ ਮਾਨਸਿਕ ਰੋਗੀ ਸੀ, ਉਸ ਦੇ ਹਾਲਾਤ ਨੇ ਲਲਿਤ ਨੂੰ ਇਹ ਅਹਿਸਾਸ ਕਰਾਇਆ ਕਿ ਅਜਿਹੇ ਬਾਕੀ ਲੋਕ ਵੀ ਅਸਲ ਵਿਚ ਕਿਨ੍ਹਾਂ ਪਰੇਸ਼ਾਨੀਆਂ ਦਾ ਸਾਹਮਣਾ ਕਰਦੇ ਹਨ। ਇਸ ਅਹਿਸਾਸ ਨੇ ਲਲਿਤ ਨੂੰ ਮਾਨਸਿਕ ਰੋਗੀ ਬੱਚਿਆਂ ਅਤੇ ਵਿਸ਼ੇਸ਼ ਤੌਰ ਤੇ ਲੜਕੀਆਂ ਜੋ ਹਿੰਸਾ ਦਾ ਸ਼ਿਕਾਰ ਜ਼ਿਆਦਾ ਹੁੰਦੀਆਂ ਹਨ, ਦੀਆਂ ਲੋੜਾਂ ਪ੍ਰਤਿ ਸੰਵੇਦਨਸ਼ੀਲ ਬਣਾ ਦਿਤਾ। ਲਲਿਤ ਦਾ ਕਹਿਣਾ ਹੈ ਕਿ ਮੈਂ ਕਿਤਾਬਾਂ ਪੜ੍ਹਨੀਆਂ ਸ਼ੁਰੂ ਕੀਤੀਆਂ ਅਤੇ ਪੁਨਰਵਾਸ ਕੇਂਦਰ ਵਿਚ ਜਾਣਾ ਸ਼ੁਰੂ ਕਰ ਦਿਤਾ। ਮੈਂ ਅਹਿਸਾਸ ਕੀਤਾ ਕਿ ਇਨ੍ਹਾਂ ਬੱਚਿਆਂ ਦਾ ਪੁਨਰਵਾਸ ਕੀਤਾ ਜਾ ਸਕਦਾ ਹੈ ਜੇ ਬਚਪਨ ਦੇ ਸ਼ੁਰੂ ਵਿਚ ਹੀ ਇਨ੍ਹਾਂ ਨੂੰ ਮੁੱਢਲੀ ਸਿਖਲਾਈ ਦੇ ਦਿਤੀ ਜਾਵੇ ਤਾਂ ਇਹ ਸਵੈ-ਨਿਰਭਰ ਬਣ ਸਕਦੇ ਹਨ। ਇਸ ਵਿਚਾਰ ਨੇ ਮੈਨੂੰ *ਵਿਸ਼ੇਸ਼ ਉਲੰਪਿਕ* ਨਾਲ ਜੁੜਨ ਲਈ ਉਤਸ਼ਾਹਿਤ ਕੀਤਾ।

ਸਾਂਬਾ ਜ਼ਿਲ੍ਹੇ ਦੀਆਂ ਦੋ ਪੰਚਾਇਤਾਂ ਦੇ ਸਰਵੇਖਣ ਦੌਰਾਨ, ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆਏ ਕਿ ਇਸ ਖੇਤਰ ਵਿਚ 672 ਅਪਾਹਜ ਬੱਚੇ ਹਨ ਜਿਨ੍ਹਾਂ ਵਿਚ ਮਾਨਸਿਕ ਰੋਗੀ ਵੀ ਹਨ। 672 ਬੱਚਿਆਂ ਵਿਚੋਂ ਸਿਰਫ਼ 8 ਬੱਚੇ ਪੈਨਸ਼ਨ ਹਾਸਲ ਕਰ ਰਹੇ ਹਨ ਅਤੇ ਸਿਰਫ਼ 70 ਬੱਚਿਆਂ ਕੋਲ ਅਪਾਹਜਤਾ ਦਾ ਸਰਟੀਫਿਕੇਟ ਹੈ। ਅਸ਼ਵਨੀ ਦਾ ਕਹਿਣਾ ਹੈ ਕਿ ਸਰਕਾਰ ਵਲੋਂ ਕੋਈ ਸਹਾਇਤਾ ਨਹੀਂ ਮਿਲ ਰਹੀ ਪਰ ਨਾਲ ਹੀ ਇਹ ਦੱਸਣਾ ਜ਼ਰੂਰੀ ਹੈ ਕਿ ਸਾਡੇ ਇਲਾਕੇ ਵਿਚ ਇਨ੍ਹਾਂ ਬੱਚਿਆਂ ਲਈ ਕੁਝ ਪੁਨਰਵਾਸ ਕੇਂਦਰ ਹਨ। ਅਸੀਂ ਇਨ੍ਹਾਂ ਬੱਚਿਆਂ ਲਈ ਸੰਪੂਰਨ ਪੁਨਰਵਾਸ ਕੇਂਦਰ ਬਣਾਉਣ ਦਾ ਫ਼ੈਸਲਾ ਕੀਤਾ ਹੈ ਜਿਸ ਵਿਚ 400 ਬੱਚਿਆਂ ਨੂੰ ਰੱਖਿਆ ਜਾਵੇਗਾ ਅਤੇ ਅੱਜ ਦੇ ਇਸ ਮੁਕਾਬਲੇ ਦੇ ਯੁਗ ਵਿਚ ਇਨ੍ਹਾਂ ਬੱਚਿਆਂ ਨੂੰ ਆਪਣੇ ਸਵੈ ਦੀ ਪਛਾਣ ਲਈ ਕਈ ਤਰ੍ਹਾਂ ਦੀਆਂ ਸਰਗਰਮੀਆਂ ਵਿਚ ਸ਼ਾਮਿਲ ਕੀਤਾ ਜਾਵੇਗਾ।

*-ਚਰਖਾ ਫੀਚਰਜ਼*

*e-mail :charkha@bol.net.in*

# ਝੋਨੇ ਦੀ ਪਨੀਰੀ ਲਾਉਣ ਵਾਲੀ ਮਸ਼ੀਨ

**ਰਣਜੀਤ ਮਿਰਿਗ**

ਖੇਤਾਂ ਵਿਚ ਝੋਨੇ ਦੀ ਪਨੀਰੀ ਲਾਉਣ ਵਾਸਤੇ ਮਜ਼ਦੂਰਾਂ ਦੀ ਘਾਟ ਦਾ ਸਾਹਮਣਾ ਕਰਦੇ ਹੋਏ, ਰਣਜੀਤ ਮਿਰਿਗ (60) ਨੇ ਇਸ ਵਾਸਤੇ ਹੱਥੀਂ ਝੋਨਾ ਪਨੀਰੀ ਲਾਉਣ ਵਾਲੀ ਮਸ਼ੀਨ ਵਿਕਸਤ ਕੀਤੀ ਹੈ। ਉਸ ਨੇ 1986 ਵਿਚ ਪਹਿਲਾ ਮੂਲ ਰੂਪ ਵਿਕਸਤ ਕੀਤਾ ਸੀ ਅਤੇ 2008 ਵਿਚ ਸੋਧਿਆ ਹੋਇਆ ਰੂਪ ਪੇਸ਼ ਕਰਨ ਤੋਂ ਪਹਿਲਾਂ ਉਸ ਵਿਚ ਸੁਧਾਰ ਕਰਦਾ ਰਿਹਾ। ਐਨ ਆਈ ਐਫ਼ ਦੁਆਰਾ ਮਦਦ ਕੀਤੇ ਜਾਣ ਤੋਂ ਬਾਅਦ ਆਈ ਆਈ ਟੀ ਖੜਗਪੁਰ ਦੀ ਸਹਾਇਤਾ ਨਾਲ ਮਸ਼ੀਨ ਵਿਚ ਅੱਗੇ ਹੋਰ ਸੁਧਾਰ ਲਿਆਂਦਾ ਗਿਆ।

ਰਣਜੀਤ ਮਿਰਿਗ ਦਾ ਗਰੀਬ ਦਲਿਤ ਕਿਸਾਨ ਪਰਿਵਾਰ ਵਿਚ ਜਨਮ ਹੋਇਆ ਅਤੇ ਆਰਥਿਕ ਸਮੱਸਿਆਵਾਂ ਕਰਕੇ ਪੜ੍ਹਾਈ ਨਾ ਕਰ ਸਕਿਆ। ਝੋਨੇ ਦੀ ਖੇਤੀ ਲਈ ਖੇਤੀ ਕਾਮਿਆਂ ਦੀਆਂ ਸਮੱਸਿਆਵਾਂ ਨਾਲ ਜੂਝਦੇ ਹੋਏ ਕਈ ਸਾਲਾਂ ਬਾਅਦ 1986 ਵਿਚ ਉਸ ਨੇ ਇਕ ਮਸ਼ੀਨ ਬਣਾਉਣ ਦਾ ਫ਼ੈਸਲਾ ਕੀਤਾ ਜੋ ਕਿ ਉਸ ਨੂੰ ਨਿਰਭਰ ਬਣਾਉਣ ਵਿਚ ਮਦਦ ਕਰ ਸਕਦੀ ਸੀ। ਉਹ ਮਜ਼ਦੂਰਾਂ ਦੀਆਂ ਅਨੁਚਿਤ ਮੰਗਾਂ, ਮਜ਼ਦੂਰ ਪ੍ਰਬੰਧਨ ਅਤੇ ਵਧਦੀ ਮਜ਼ਦੂਰ ਲਾਗਤ ਤੋਂ ਥੱਕ ਚੁੱਕਿਆ ਸੀ ਤਦ ਉਸ ਨੇ ਝੋਨੇ ਦੀ ਪਨੀਰੀ ਲਾਉਣ ਵਾਲੀ ਮਸ਼ੀਨ 'ਤੇ ਕੰਮ ਕਰਨਾ ਸ਼ੁਰੂ ਕੀਤਾ। ਇਕ ਤਸੱਲੀਬਖ਼ਸ਼ ਵਰਕਿੰਗ ਮਾਡਲ ਤਿਆਰ ਕਰਨ ਵਿਚ ਉਸ ਨੂੰ 25 ਸਾਲ ਲੱਗ ਗਏ ਪਰ ਇਹ ਮਾਰਗ ਬਹੁਤ ਮੁਸ਼ਕਿਲ ਸੀ। ਆਪਣੇ ਕਾਵਿਕ ਪਲਾਂ ਵਿਚ ਉਹ ਕਹਿੰਦਾ ਹੈ :

ਪੰਧ ਹੈ ਪਥਰੀਲਾ, ਜਾਣਾ ਹੈ ਦੂਰ,

ਪਾਓ ਕਾ ਚਾਲਾ ਗਿਰ ਜਾਏ, ਪਰ ਜਾਣਾ ਹੈ ਜ਼ਰੂਰ।

(ਰਸਤਾ ਪਥਰੀਲਾ ਹੈ, ਮੰਜ਼ਿਲ ਦੂਰ ਹੈ, ਮੇਰੇ ਪੈਰ ਭਾਵੇਂ ਜ਼ਖ਼ਮੀ ਹੋ ਜਾਣ ਪਰ ਮੈਂ ਰੁਕ ਨਹੀਂ ਸਕਦਾ।)

ਜਦੋਂ ਉਸ ਨੇ ਝੋਨੇ ਦੀ ਪਨੀਰੀ ਲਾਉਣ ਵਾਲੀ ਮਸ਼ੀਨ 'ਤੇ ਕੰਮ ਕਰਨਾ ਸ਼ੁਰੂ ਕੀਤਾ ਤਾਂ ਉਸ ਨੂੰ ਯਕੀਨ ਨਹੀਂ ਸੀ ਕਿ ਭਾਰਤੀ ਵਿਗਿਆਨੀਆਂ ਨੇ ਪੁਲਾੜ ਮਿਸ਼ਨ ਪੂਰਾ ਕਰ ਲਿਆ ਹੈ ਪਰ ਭਾਰਤੀ ਕਿਸਾਨਾਂ ਲਈ ਝੋਨੇ ਦੀ ਪਨੀਰੀ ਲਾਉਣ ਵਾਲੀ ਮਸ਼ੀਨ ਬਣਾਉਣ ਲਈ ਕਿਸੇ ਨੇ ਕੋਸ਼ਿਸ਼ ਨਹੀਂ ਕੀਤੀ। ਇਸ ਅਹਿਸਾਸ ਨੇ ਉਸ ਨੂੰ ਇਸ ਸਮੱਸਿਆ 'ਤੇ ਕੰਮ ਕਰਨ ਲਈ ਪ੍ਰੇਰਨਾ ਦਿਤੀ।



ਝੋਨੇ ਦੀ ਪਨੀਰੀ ਲਾਉਣ ਵਾਲੀ ਮਸ਼ੀਨ

ਝੋਨੇ ਦੀ ਪਨੀਰੀ ਲਾਉਣ ਵਾਲੀ ਮਸ਼ੀਨ ਨੂੰ ਚਲਾਉਣ ਲਈ ਦੋ ਵਿਅਕਤੀਆਂ ਲੋੜ ਹੁੰਦੀ ਹੈ। ਇਕ ਵਿਅਕਤੀ ਮਸ਼ੀਨ ਨੂੰ ਖਿੱਚਣ ਲਈ ਅਤੇ ਦੂਜਾ ਪਨੀਰੀ ਦਾ ਹੱਥਾ ਮੋੜਨ ਲਈ ਤਾਂ ਕਿ ਪਨੀਰੀ ਵਾਲੀ ਟਰੇਅ ਅਤੇ ਉਂਗਲਾਂ ਨੂੰ ਸਹੀ ਦਿਸ਼ਾ ਵੱਲ ਮੋੜਿਆ ਜਾਵੇ ਜਿਸ ਨਾਲ ਪਨੀਰੀ ਨੂੰ ਮਿੱਟੀ ਵਿਚ ਗੱਡਿਆ ਜਾਂਦਾ ਹੈ। ਮਸ਼ੀਨ ਇਕੋ ਸਮੇਂ 5 ਕਤਾਰਾਂ ਵਿਚ ਪਨੀਰੀ ਲਾ ਸਕਦੀ ਹੈ। ਕਤਾਰ ਤੋਂ ਕਤਾਰ ਵਿਚ 18 ਸੈਂਟੀਮੀਟਰ ਦਾ ਫ਼ਾਸਲਾ ਅਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 15 ਸੈਂਟੀਮੀਟਰ ਹੁੰਦਾ ਹੈ। ਇਸ ਦੀ ਸਮਰੱਥਾ 0.3 ਏਕੜ/ਹੈਕਟੇਅਰ ਹੈ। ਜਦੋਂ ਐਨ ਆਈ ਐੱਫ਼ ਦੀ ਸਹਾਇਤਾ ਨਾਲ ਆਈ ਆਈ ਟੀ ਖੜਗਪੁਰ ਵਿਖੇ ਪਰਖ ਕੀਤੀ ਗਈ ਤਾਂ ਇਹ ਦੇਖਿਆ ਗਿਆ ਕਿ ਹੱਥੀਂ ਝੋਨਾ ਲਾਉਣ ਲਾਏ ਜਾਂਦੇ ਸਮੇਂ ਨਾਲੋਂ 7 ਗੁਣਾ ਤੋਂ ਵੀ ਘੱਟ ਸਮਾਂ ਇਹ ਮਸ਼ੀਨ ਲੈਂਦੀ ਹੈ ਅਤੇ ਖ਼ੁਦ ਮਸ਼ੀਨ ਚਲਾ ਕੇ ਦੁਗਣੇ ਸਮੇਂ ਵਿਚ ਉਨਾ ਹੀ ਰਕਬਾ ਪੂਰਾ ਕਰ ਲਿਆ ਜਾ ਸਕਦਾ ਹੈ।

ਝੋਨੇ ਦੀ ਪਨੀਰੀ ਲਾਉਣ ਦੇ ਪੁਰਾਣੇ ਤਰੀਕੇ ਅਨੁਸਾਰ ਮਜ਼ਦੂਰਾਂ ਨੂੰ ਲੰਮੇ ਸਮੇਂ ਲਈ ਪਾਣੀ ਵਿਚ ਖੜ੍ਹੇ ਰਹਿਣਾ ਪੈਂਦਾ ਹੈ, ਜਿਸ ਨਾਲ ਚਮੜੀ ਦੇ ਰੋਗ ਹੋਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਕਾਢ ਨੇ ਝੋਨੇ ਦੀ ਪਨੀਰੀ ਵਿਚ ਲੱਗਣ ਵਾਲੇ ਸਮੇਂ ਨੂੰ ਬਹੁਤ ਘਟਾ ਦਿਤਾ ਹੈ ਅਤੇ ਚਮੜੀ ਦੇ ਰੋਗਾਂ ਦੀ ਸੰਭਾਵਨਾ ਨੂੰ ਵੀ ਖ਼ਤਮ ਕੀਤਾ ਹੈ।

ਰਣਜੀਤ ਮਿਰਿਗ ਨੂੰ ਉਮੀਦ ਹੈ ਕਿ ਇਹ ਮਸ਼ੀਨ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਘੱਟ ਕਰੇਗੀ ਅਤੇ ਉਨ੍ਹਾਂ ਦੇ ਚਿਹਰਿਆਂ 'ਤੇ ਖ਼ੁਸ਼ੀ ਲਿਆਏਗੀ। ਉਹ ਚਾਹੁੰਦਾ ਹੈ ਕਿ ਉਸ ਦੇ ਪੋਤੇ ਇਸ ਮਸ਼ੀਨ ਨੂੰ ਅੱਗੇ ਲਿਜਾਉਣ ਅਤੇ ਉਸ ਦੇ ਪਿਆਰੇ ਪੋਤੇ ਇਸ ਬਾਰੇ ਬਹੁਤ ਹੀ ਉਤਸੁਕ ਹਨ। ਰਣਜੀਤ ਅੱਜ ਜਿਸ ਮੁਕਾਮ 'ਤੇ ਖੜ੍ਹਾ ਹੈ ਉਸ ਵਿਚ ਸਭ ਦਾ ਆਪਣਾ-ਆਪਣਾ ਯੋਗਦਾਨ ਹੈ। ਹਰ ਤਰ੍ਹਾਂ ਦੇ ਸਮਰਥਨ ਲਈ ਰਣਜੀਤ ਆਪਣੇ ਪਰਿਵਾਰ ਦਾ ਬਹੁਤ ਸ਼ੁਕਰਗੁਜ਼ਾਰ ਹੈ ਪਰ ਉਸ ਦੀਆਂ ਕੁਝ ਦੁਖਦਾਈ ਯਾਦਾਂ ਵੀ ਹਨ ਕਿ ਪਿੰਡ ਵਾਲਿਆਂ ਨੇ ਕਿਵੇਂ ਉਸ ਦਾ ਮਜ਼ਾਕ ਉਡਾਇਆ ਕਿ ਉਹ ਪਾਗ਼ਲ ਹੈ। ਅਕਸਰ ਉਸ ਨੂੰ ਸਮਾਜ ਵਿਚੋਂ ਛੇਕਿਆ ਗਿਆ। ਥੋੜ੍ਹਾ ਜਿਹਾ ਮੂੰਹ ਬਣਾਉਣ ਤੋਂ ਬਾਅਦ ਜਿਵੇਂ ਹੀ ਉਹ ਐਲਾਨ ਕਰਦਾ ਹੈ ਉਸ ਦਾ ਚਿਹਰਾ ਮੁੜ ਖਿੜ ਉੱਠਦਾ ਹੈ। ਜਿਵੇਂ-ਜਿਵੇਂ ਲੋਕਾਂ ਨੇ ਮੈਨੂੰ ਗ਼ਲਤ ਠਹਿਰਾਇਆ ਰੱਬ ਨੇ ਮੈਨੂੰ ਸਹੀ ਕੀਤਾ। ਉਸ ਦਾ ਯਕੀਨ ਹੈ ਕਿ ਸਾਰੇ ਪਾਸਿਆਂ ਤੋਂ ਮਿਲੀ ਪਛਾਣ ਅਤੇ ਇੱਜ਼ਤ ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਹੈ।

*(ਲੇਖਕ ਓਡੀਸ਼ਾ ਦੇ ਜ਼ਿਲ੍ਹੇ ਸੰਬਲਪੁਰ ਤੋਂ ਹੈ।)*

***ਵਿੱਤੀ ਸਾਲ 2014-15 ਦੇ ਅੰਤਰਿਮ ਬਜਟ ਦੀਆਂ ਮੁੱਖ ਵਿਸ਼ੇਸ਼ਤਾਵਾਂ***

ਵਿੱਤੀ ਮੰਤਰੀ ਨੇ ਨੀਤੀਗਤ ਠਹਿਰਾਵ ਦੀ ਦਲੀਲ ਨੂੰ ਖਾਰਜ ਕਰਦਿਆਂ ਯੂ.ਪੀ.ਏ. ਸਰਕਾਰ ਦੇ ਅਸਾਧਾਰਨ ਵਾਧਾ ਰਿਪੋਰਟ ਨੂੰ ਪੇਸ਼ ਕੀਤਾ। ਉਨ੍ਹਾਂ ਨੇ ਸਰਕਾਰ ਵਲੋਂ ਚੁੱਕੇ ਗਏ ਦਸ ਮੁੱਖ ਕਦਮਾਂ ਦੇ ਨਾਲ ਭਵਿੱਖ ਦੀ ਦ੍ਰਿਸ਼ਟੀ ਵੀ ਪੇਸ਼ ਕੀਤੀ। ਵਿੱਤੀ ਘਾਟੇ ਨੂੰ ਕੁੱਲ ਘਰੇਲੂ ਉਤਪਾਦ ਦੇ 4.1 ਪ੍ਰਤਿਸ਼ਤ ਰੱਖਣ ਅਤੇ ਰੱਖਿਆ ਕਰਮਚਾਰੀਆਂ ਲਈ ਇਕ ਰੈਂਕ ਇਕ ਪੈਨਸ਼ਨ ਦੀ ਪੁਰਾਣੀ ਮੰਗ ਨੂੰ ਸਵੀਕਾਰ ਕਰਨਾ ਉਨ੍ਹਾਂ ਵਲੋਂ ਪੇਸ਼ ਕੀਤੇ ਗਏ ਅੰਤਰਿਮ ਬਜਟ ਦੇ ਮੁੱਖ ਮੁੱਦੇ ਹਨ।

ਵਿੱਤ ਮੰਤਰੀ ਨੇ ਚਾਲੂ ਮਾਲੀ ਸਾਲ ਦੌਰਾਨ ਸਰਕਾਰ ਵਲੋਂ ਲਏ ਗਏ ਮੁੱਖ ਫ਼ੈਸਲਿਆਂ ਦਾ ਵੀ ਵਰਨਣ ਕੀਤਾ ਹੈ। ਇਸ ਵਿਚ ਖੰਡ ਨੂੰ ਨਿਯੰਤ੍ਰਣ ਕਰਨਾ, ਡੀਜ਼ਲ ਦੀਆਂ ਕੀਮਤਾਂ ਵਿਚ ਕ੍ਰਮਵਾਰ ਤਰੀਕੇ ਨਾਲ ਸੁਧਾਰ, ਰੇਲ ਕਿਰਾਏ ਨੂੰ ਤਰਕ ਸੰਗਤ ਬਣਾਉਣਾ, ਨਵੇਂ ਬੈਂਕਾਂ ਲਈ ਲਾਇਸੰਸ ਜਾਰੀ ਕਰਨ ਦੀ ਪ੍ਰਕਿਰਿਆ ਅਤੇ ਡਿਸਕਾਮ ਨੂੰ ਨਵਾਂ ਢਾਂਚਾ ਦੇਣਾ ਸ਼ਾਮਿਲ ਹੈ। ਸ੍ਰੀ ਚਿਦੰਬਰਮ ਨੇ ਕਿਹਾ ਕਿ ਚੱਲ ਰਹੇ ਮਾਲੀ ਸਾਲ ਦੀ ਪਹਿਲੀ ਤਿਮਾਹੀ ਵਿਚ ਵਾਧਾ ਚੱਕਰ ਬਦਲੇਗਾ। ਉਨ੍ਹਾਂ ਨੇ ਯਕੀਨ ਦਿਵਾਇਆ ਕਿ 2013-14 ਦੀ ਤੀਸਰੀ ਅਤੇ ਚੌਥੀ ਤਿਮਾਹੀ ਵਿਚ ਘੱਟੋ-ਘੱਟ 5.2 ਪ੍ਰਤਿਸ਼ਤ ਦਾ ਵਾਧਾ ਦਰ ਰਹੇਗੀ। ਵਿੱਤ ਮੰਤਰੀ ਨੇ ਕਿਹਾ ਕਿ ਯੂ.ਪੀ.ਏ.-1 ਵਿਚ ਇਹ ਵਾਧਾ ਦਰ 8.4 ਪ੍ਰਤਿਸ਼ਤ ਸੀ ਜਦ ਕਿ ਯੂ.ਪੀ.ਏ.-2 ਵਿਚ 6.6 ਪ੍ਰਤਿਸ਼ਤ ਸੀ।

2014-15 ਵਿਚ ਅਨੁਮਾਨਿਤ ਯੋਜਨਾ ਖਰਚ 5 ਲੱਖ 55 ਹਜ਼ਾਰ 322 ਕਰੋੜ ਰੁਪਏ ਹੈ। ਇਹ ਲਗਭਗ ਪਿਛਲੇ ਸਾਲ ਦੇ ਬਰਾਬਰ ਹੈ।

ਗ਼ੈਰ ਯੋਜਨਾ ਖਰਚ ਵਿਚ ਮਾਮੂਲੀ ਵਾਧਾ ਕੀਤਾ ਗਿਆ ਹੈ, ਇਹ 12 ਲੱਖ 7 ਹਜ਼ਾਰ 892 ਕਰੋੜ ਰੁਪਏ ਅਨੁਮਾਨਿਤ ਹੈ। 2013-14 ਲਈ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦੇ 4.6 ਪ੍ਰਤਿਸ਼ਤ 'ਤੇ ਨਿਯੰਤ੍ਰਣ ਕਰ ਲਿਆ ਜਾਵੇਗਾ ਅਤੇ 2014-15 ਵਿਚ ਇਹ 4.1 ਪ੍ਰਤਿਸ਼ਤ ਹੋਵੇਗਾ।

**ਕਾਰਗੁਜ਼ਾਰੀ**

ਵਿੱਤ ਮੰਤਰੀ ਨੇ ਪਿਛਲੇ ਦਸ ਸਾਲਾਂ ਵਿਚ ਵੱਖ-ਵੱਖ ਖੇਤਰਾਂ ਵਿਚ ਤੇਜ਼ ਵਾਧੇ ਦੀਆਂ ਉਦਾਹਰਣਾਂ ਵੀ ਦਿਤੀਆਂ। ਭਾਰਤ ਨੇ ਦਸ ਸਾਲ ਪਹਿਲਾਂ 21 ਕਰੋੜ 30 ਲੱਖ ਟਨ ਉਤਪਾਦਨ ਦੇ ਮੁਕਾਬਲੇ ਵਿਚ 26 ਕਰੋੜ 30 ਲੱਖ ਟਨ ਦਾ ਅਨਾਜ ਉਤਪਾਦਨ ਕੀਤਾ। ਸਿੱਖਿਆ ਦੇ ਖੇਤਰ ਵਿਚ ਕੇਂਦਰ ਸਰਕਾਰ ਦਾ ਖਰਚ ਵਧ ਕੇ 79 ਹਜ਼ਾਰ 451 ਕਰੋੜ ਰੁਪਏ ਹੋ ਗਿਆ ਹੈ। ਜਦ ਕਿ ਦਸ ਸਾਲ ਪਹਿਲਾਂ 10 ਹਜ਼ਾਰ 145 ਕਰੋੜ ਰੁਪਏ ਸੀ। ਵਿੱਤ ਮੰਤਰੀ ਨੇ ਕਿਹਾ ਕਿ ਸਿਹਤ ਖੇਤਰ ਵਿਚ ਵੀ ਇਸੇ ਤਰ੍ਹਾਂ 7 ਹਜ਼ਾਰ 248 ਕਰੋੜ ਰੁਪਏ ਦੇ ਮੁਕਾਬਲੇ ਵਿਚ 36 ਹਜ਼ਾਰ 322 ਕਰੋੜ ਰੁਪਏ ਦਾ ਵਾਧਾ ਹੋਇਆ ਹੈ। 2013-14 ਵਿਚ ਖੇਤੀ ਖੇਤਰ ਨੇ ਵਧੀਆ ਕਾਰਗੁਜ਼ਾਰੀ ਦਿਖਾਈ ਹੈ। ਖੇਤੀ ਬਰਾਮਦ ਦੇ 45 ਬਿਲੀਅਨ ਡਾਲਰ ਟੱਪ ਜਾਣ ਦੀ ਸੰਭਾਵਨਾ ਹੈ। ਖੇਤੀ ਕਰਜ਼ਾ 7 ਲੱਖ ਕਰੋੜ ਰੁਪਏ ਦੇ ਟੀਚੇ ਨੂੰ ਪਾਰ ਕਰਕੇ 7 ਲੱਖ 35 ਹਜ਼ਾਰ ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ। ਚਾਲੂ ਮਾਲੀ ਸਾਲ ਦੌਰਾਨ ਖੇਤੀ ਦੀ ਵਿਕਾਸ ਦਰ 4.6 ਪ੍ਰਤਿਸ਼ਤ ਰਹਿਣ ਦਾ ਅਨੁਮਾਨ ਹੈ। ਮਰਚੰਡਾਈਜ਼ ਬਰਾਮਦ 2013-14 ਵਿਚ 6.3 ਪ੍ਰਤਿਸ਼ਤ ਵਧ ਕੇ 326 ਅਰਬ ਡਾਲਰ ਹੋ ਗਿਆ ਹੈ। ਅੱਠ ਰਾਸ਼ਟਰੀ ਨਿਵੇਸ਼ ਅਤੇ ਨਿਰਮਾਣ ਖੇਤਰਾਂ ਦਾ ਐਲਾਨ ਕੀਤਾ ਗਿਆ ਅਤੇ ਪੰਜ ਹੋਰ ਅਜਿਹਿਆਂ ਨੂੰ ਸਿਧਾਂਤਕ ਮਨਜ਼ੂਰੀ ਦਿਤੀ ਗਈ ਹੈ।

ਸਰਕਾਰ ਨੇ ਰੱਖਿਆ ਬਲਾਂ ਲਈ ਇਕ ਰੈਂਕ ਇਕ ਪੈਨਸ਼ਨ ਦੇ ਸਿਧਾਂਤ ਨੂੰ ਸਵੀਕਾਰ ਕਰ ਲਿਆ ਹੈ। ਇਸ ਲਈ 500 ਕਰੋੜ ਰੁਪਏ ਰੱਖੇ ਗਏ ਹਨ। ਖੇਤੀ ਕਰਜ਼ੇ ਦਾ ਟੀਚਾ ਵਧਾ ਕੇ 8 ਲੱਖ ਕਰੋੜ ਰੁਪਏ ਕਰ ਦਿਤਾ ਗਿਆ ਹੈ। ਖੇਤੀ ਕਰਜ਼ਿਆਂ ਉਤੇ 4 ਪ੍ਰਤਿਸ਼ਤ ਵਿਆਜ ਦਰ ਲਾਗੂ ਹੈ। ਇਸ ਵਿਚ ਵਿਆਜ ਸਹਾਇਤਾ ਅਤੇ ਤਤਕਾਲ ਭੁਗਤਾਨ ਸ਼ਾਮਿਲ ਹੈ।

ਰੱਖਿਆ ਵੰਡ 10 ਪ੍ਰਤਿਸ਼ਤ ਵਧਾ ਕੇ 2 ਲੱਖ 24 ਹਜ਼ਾਰ ਕਰੋੜ ਰੁਪਏ ਕਰ ਦਿਤੀ ਗਈ ਹੈ। 31 ਮਾਰਚ 2009 ਤਕ ਲਏ ਗਏ ਸਾਰੇ ਸਿੱਖਿਆ ਕਰਜ਼ਿਆਂ ਉਪਰ ਰੋਕ ਦੇ ਸਮੇਂ ਦਾ ਪ੍ਰਸਤਾਵ ਹੈ। ਇਸ ਵਿਚ ਵਿਆਜ ਬੋਝ ਵਿਚ ਕਮੀ ਨਾਲ ਲਗਭਗ 9 ਲੱਖ ਕਰਜ਼ਾ ਲੈਣ ਵਾਲੇ ਵਿਦਿਆਰਥੀਆਂ ਨੂੰ ਲਾਭ ਹੋਵੇਗਾ ਇਸ ਲਈ 26 ਸੌ ਕਰੋੜ ਰੁਪਏ ਦੀ ਵੰਡ ਕੀਤੀ ਗਈ ਹੈ।

ਸਰਕਾਰ ਨਿਰਭੈਯ ਫ਼ੰਡ ਲਈ ਇਕ ਹਜ਼ਾਰ ਕਰੋੜ ਰੁਪਏ ਦੇਵੇਗੀ। ਇਹ ਪਹਿਲਾਂ ਦਿਤੀ ਗਈ ਇਕ ਹਜ਼ਾਰ ਕਰੋੜ ਰੁਪਏ ਦੀ ਕਰਮ ਤੋਂ ਵੱਖਰੀ ਹੋਵੇਗੀ।

ਪੂਰਬ ਉੱਤਰ ਰਾਜਾਂ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਨੂੰ 12 ਸੌ ਕਰੋੜ ਰੁਪਏ ਦੀ ਵਾਧੂ ਕੇਂਦਰੀ ਸਹਾਇਤਾ ਦਿਤੀ ਜਾ ਰਹੀ ਹੈ।

200 ਕਰੋੜ ਰੁਪਏ ਦੀ ਸ਼ੁਰੂਆਤੀ ਪੂੰਜੀ ਨਾਲ ਅਨੁਸੂਚਿਤ ਜਾਤੀਆਂ ਲਈ ਉੱਦਮ ਪੂੰਜੀਕੋਸ਼ ਸਥਾਪਤ ਕਰਨ ਦਾ ਪ੍ਰਸਤਾਵ ਹੈ।

400 ਜ਼ਿਲ੍ਹਿਆਂ ਵਿਚ ਲਾਗੂ ਕੀਤੇ ਜਾ ਰਹੇ ਸੰਗਠਿਤ ਬਾਲ ਵਿਕਾਸ ਸੇਵਾਵਾਂ ਨੂੰ ਨਵਾਂ ਰੂਪ ਦਿੰਦੇ ਹੋਏ ਬਾਕੀ ਜ਼ਿਲ੍ਹਿਆਂ ਵਿਚ ਵੀ ਲਾਗੂ ਕੀਤਾ ਜਾਵੇਗਾ।

ਨੌਜਵਾਨਾਂ ਦੇ ਕੁਸ਼ਲ ਵਿਕਾਸ ਵਿਚ ਸਫਲਤਾ ਨੂੰ ਦੇਖਦਿਆਂ ਹੋਇਆਂ ਰਾਸ਼ਟਰੀ ਕੁਸ਼ਲ ਵਿਕਾਸ ਨਿਗਮ ਨੂੰ ਇਕ ਹਜ਼ਾਰ ਕਰੋੜ ਰੁਪਏ ਦੇਣ ਦਾ ਪ੍ਰਸਤਾਵ ਹੈ।

***ਅੰਤਰਿਮ ਦਾ ਸੰਖੇਪ ਸਾਰ***

- **ਖੇਤੀਬਾੜੀ ਕੁੱਲ ਘਰੇਲੂ ਉਤਪਾਦ 'ਚ 4.6 ਪ੍ਰਤਿਸ਼ਤ ਦੇ ਵਾਧੇ ਦਾ ਅਨੁਮਾਨ**
- **ਖੇਤੀ ਕਰਜ਼ਾ 7 ਲੱਖ 35 ਹਜ਼ਾਰ ਕਰੋੜ ਰੁਪਏ ਤਕ ਪਹੁੰਚਣ ਦਾ ਅਨੁਮਾਨ**
- **ਅਗਲੇ ਮਾਲੀ ਸਾਲ ਦੌਰਾਨ 8 ਲੱਖ ਕਰੋੜ ਰੁਪਏ ਦਾ ਟੀਚਾ**

ਕੇਂਦਰੀ ਵਿੱਤ ਮੰਤਰੀ ਸ੍ਰੀ ਪੀ. ਚਿਦੰਬਰਮ ਨੇ 17 ਫ਼ਰਵਰੀ, 2014 ਨੂੰ ਲੋਕ ਸਭਾ ਵਿਚ ਵਿੱਤੀ ਵਰ੍ਹੇ 2014-15 ਲਈ ਅੰਤਰਿਮ ਬਜਟ ਪੇਸ਼ ਕਰਦਿਆਂ ਕਿਹਾ ਕਿ ਖੇਤੀ ਕਰਜ਼ਾ ਚਾਲੂ ਮਾਲੀ ਸਾਲ ਦੌਰਾਨ 7 ਲੱਖ 35 ਹਜ਼ਾਰ ਕਰੋੜ ਰੁਪਏ ਤਕ ਪਹੁੰਚ ਜਾਵੇਗਾ। ਜਦ ਕਿ ਟੀਚਾ 7

ਲੱਖ ਕਰੋੜ ਰੁਪਏ ਦਾ ਸੀ। ਉਨ੍ਹਾਂ ਨੇ ਕਿਹਾ ਕਿ ਆਉਂਦੇ ਮਾਲੀ ਸਾਲ ਲਈ ਖੇਤੀ ਕਰਜ਼ੇ ਵਾਸਤੇ 8 ਲੱਖ ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਚਾਲੂ ਮਾਲੀ ਸਾਲ ਦੌਰਾਨ ਖੇਤੀ ਵਿਚ 4.6 ਪ੍ਰਤਿਸ਼ਤ ਵਾਧੇ ਦਾ ਅਨੁਮਾਨ ਲਗਾਇਆ ਗਿਆ ਹੈ। ਉਨ੍ਹਾਂ ਨੇ 2006-07 ਦੌਰਾਨ ਵਿਆਜ ਛੋਟ ਸਕੀਮ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਇਸ ਸਕੀਮ ਹੇਠ 23 ਹਜ਼ਾਰ 224 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਜਿਹੜੇ ਕਿਸਾਨ ਕਰਜ਼ੇ ਦੀ ਸਮੇਂ ਸਿਰ ਅਦਾਇਗੀ ਕਰਨਗੇ ਉਨ੍ਹਾਂ ਨੂੰ ਵਿਆਜ ਦਰ 4 ਪ੍ਰਤਿਸ਼ਤ ਲੱਗੇਗੀ।

### ਕੁੱਲ ਘਰੇਲੂ ਉਤਪਾਦਨ ਵਿਚ 6 ਪ੍ਰਤਿਸ਼ਤ ਦਾ ਵਾਧਾ

ਕੇਂਦਰੀ ਵਿੱਤ ਮੰਤਰੀ ਨੇ ਕਿਹਾ ਕਿ ਯੂ.ਪੀ.ਏ. ਸਰਕਾਰ ਦੀ ਪਿਛਲੇ 10 ਸਾਲ ਵਿਚ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਪਿਛਲੇ 33 ਸਾਲਾਂ ਦੀ ਵਿਕਾਸ ਦਰ 6.2 ਪ੍ਰਤਿਸ਼ਤ ਤੋਂ ਵੱਧ ਰਹੀ ਹੈ, ਜਦ ਕਿ ਯੂ.ਪੀ.ਏ. ਦੇ ਪਹਿਲੇ ਪੰਜ ਸਾਲਾਂ ਦੌਰਾਨ ਕੁੱਲ ਘਰੇਲੂ ਉਤਪਾਦ ਵਿਕਾਸ ਦਰ 8.4 ਪ੍ਰਤਿਸ਼ਤ ਰਹੀ ਤੇ ਯੂ.ਪੀ.ਏ. ਦੇ ਦੂਜੇ ਕਾਰਜਕਾਲ ਦੌਰਾਨ ਇਹ ਵਿਕਾਸ ਦਰ 6.6 ਪ੍ਰਤਿਸ਼ਤ ਦਰਜ ਕੀਤੀ ਗਈ।

### ਰੱਖਿਆ ਬਜਟ 'ਚ 10 ਪ੍ਰਤਿਸ਼ਤ ਵਾਧਾ

ਲੋਕ ਸਭਾ ਵਿਚ ਅੰਤਰਿਮ ਬਜਟ ਪੇਸ਼ ਕਰਦੇ ਹੋਏ ਵਿੱਤ ਮੰਤਰੀ ਨੇ ਦੱਸਿਆ ਕਿ ਰੱਖਿਆ ਲਈ ਬਜਟ ਵਿਚ ਪਿਛਲੇ ਸਾਲ ਦੇ ਮੁਕਾਬਲੇ 10 ਪ੍ਰਤਿਸ਼ਤ ਦਾ ਵਾਧਾ ਕੀਤਾ ਗਿਆ ਹੈ। ਅਗਲੇ ਮਾਲੀ ਸਾਲ ਵਿਚ ਇਸ ਵਾਰ 224,000 ਕਰੋੜ ਰੁਪਏ ਰੱਖੇ ਗਏ ਹਨ। ਜਦ ਕਿ ਪਿਛਲੇ ਬਜਟ ਵਿਚ 203,672 ਕਰੋੜ ਰੁਪਏ ਦੀ ਰਕਮ ਸੀ।

### ਖੁਰਾਕ ਸੁਰੱਖਿਆ ਬਿਲ ਲਈ 115,000 ਕਰੋੜ ਰੁਪਏ ਦਾ ਪ੍ਰਬੰਧ

ਕੇਂਦਰੀ ਵਿੱਤ ਮੰਤਰੀ ਸ੍ਰੀ ਪੀ. ਚਿਦੰਬਰਮ ਨੇ ਲੋਕ ਸਭਾ ਵਿਚ ਅੰਤਰਿਮ ਬਜਟ ਪੇਸ਼ ਕਰਦਿਆਂ ਦੱਸਿਆ ਕਿ ਬਾਲਣ ਤੇ ਸਬਸਿਡੀ ਲਈ 65 ਹਜ਼ਾਰ ਕਰੋੜ ਰੁਪਏ ਰੱਖੇ ਗਏ ਹਨ। ਦੇਸ਼ ਵਿਚ ਰਾਸ਼ਟਰੀ ਖੁਰਾਕ ਸੁਰੱਖਿਆ ਬਿਲ ਨੂੰ ਲਾਗੂ ਕਰਨ ਲਈ 115,000 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ।

### ਵਨ ਰੈਂਕ ਵਨ ਪੈਨਸ਼ਨ 2014 ਤੋਂ 2015 ਤਕ ਲਾਗੂ ਹੋਣਗੇ

ਲੋਕ ਸਭਾ ਵਿਚ ਅੰਤਰਿਮ ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਨੇ ਦੱਸਿਆ ਕਿ ਸਰਕਾਰ ਵਲੋਂ ਰੱਖਿਆ ਪੈਨਸ਼ਨ ਖਾਤੇ ਵਿਚ 500 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ। ਜਿਸ ਦੇ ਨਾਲ ਸਾਬਕਾ ਫੌਜੀਆਂ ਲਈ ਵਨ ਰੈਂਕ ਵਨ ਪੈਨਸ਼ਨ ਸਕੀਮ ਨੂੰ ਲਾਗੂ ਕੀਤਾ ਜਾਵੇਗਾ। ਵਿੱਤ ਮੰਤਰੀ ਨੇ ਦੱਸਿਆ ਕਿ ਇਸ ਗੱਲ ਦੀ ਮੰਗ ਕਈ ਸਾਲਾਂ ਤੋਂ ਕੀਤੀ ਜਾ ਰਹੀ ਸੀ। ਇਹ ਸਕੀਮ 2014-15 ਤੋਂ ਲਾਗੂ ਕੀਤੀ ਜਾਵੇਗੀ।

### ਨਿਰਭੈਯ ਫ਼ੰਡ ਲਈ 10 ਅਰਬ ਰੁਪਏ ਰਾਖਵੇਂ

ਕੇਂਦਰੀ ਖਜ਼ਾਨਾ ਮੰਤਰੀ ਸ੍ਰੀ ਪੀ. ਚਿਦੰਬਰਮ ਨੇ ਪਿਛਲੇ ਸਾਲ ਬਾਲੜੀ ਕਲਿਆਣ ਹਿਤ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰਨ ਦੀ ਆਪਣੀ ਪ੍ਰਤੀਬੱਧਤਾ ਨੂੰ ਦੁਹਰਾਇਆ ਹੈ। ਇਸ ਮੰਤਵ ਲਈ ਨਿਰਭੈਯ ਫ਼ੰਡ ਤਹਿਤ ਚਾਲੂ ਮਾਲੀ ਸਾਲ ਦੌਰਾਨ 10 ਅਰਬ ਰੁਪਏ ਦੀ ਰਕਮ ਰਾਖਵੀਂ ਰੱਖੀ ਗਈ ਹੈ। ਸ੍ਰੀ ਚਿਦੰਬਰਮ ਨੇ ਦੱਸਿਆ ਕਿ ਇਹ ਇਕ ਸਥਾਈ ਫ਼ੰਡ ਹੋਵੇਗਾ ਅਤੇ ਇਹ ਰਕਮ ਕਦੇ ਵੀ ਰੱਦ ਨਹੀਂ ਕੀਤੀ ਜਾਵੇਗੀ। ਹੋਰਨਾਂ ਤਜਵੀਜ਼ਾਂ ਦੇ ਸਮਰਥਨ ਲਈ ਖ਼ਜ਼ਾਨਾ ਮੰਤਰੀ ਨੇ ਅਗਲੇ ਸਾਲ ਲਈ ਇੰਨੀ ਹੀ ਰਕਮ ਹੋਰ ਦੇਣ ਦੀ ਤਜਵੀਜ਼ ਰੱਖੀ।

### ਜਨਤਕ ਖੇਤਰੀ ਉੱਦਮਾਂ ਵਲੋਂ ਪੂੰਜੀ ਖਰਚੇ ਵਿਚ ਨਵਾਂ ਕੀਰਤੀਮਾਨ ਕਾਇਮ

ਆਪਣੇ ਅੰਤਿਮ ਬਜਟ ਭਾਸ਼ਣ ਦੌਰਾਨ ਕੇਂਦਰੀ ਖ਼ਜ਼ਾਨਾ ਮੰਤਰੀ ਨੇ ਕਿਹਾ ਕਿ ਕੇਂਦਰ ਵਲੋ ਪ੍ਰਾਯੋਜਿਤ ਸਕੀਮਾਂ 66 ਪ੍ਰੋਗਰਾਮਾਂ ਵਿੱਚ ਉਸਾਰੀਆਂ ਗਈਆਂ ਹਨ ਅਤੇ ਸੂਬਿਆਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸਾਂ ਨੂੰ ਦਿੱਤੀ ਜਾਣ ਵਾਲੀ ਕੇਂਦਰੀ ਸਹਾਇਤਾ ਆਉਂਦੇ ਮਾਲੀ ਸਾਲ ਦੌਰਾਨ 1 ਲੱਖ 36 ਹਜ਼ਾਰ 254 ਕਰੋੜ ਰੁਪਏ ਤੋਂ ਵਧਾ ਕੇ 3 ਲੱਖ 38 ਹਜ਼ਾਰ 562 ਕਰੋੜ ਰੁਪਏ ਕਰ ਦਿੱਤੀ ਜਾਏਗੀ। ਸ੍ਰੀ ਚਿੰਦਬਰਮ ਨੇ ਦੱਸਿਆ ਕਿ ਜਨਤਕ ਖੇਤਰੀ ਉੱਦਮ 2 ਲੱਖ 57 ਹਜ਼ਾਰ 641 ਕਰੋੜ ਰੁਪਏ ਦੇ ਪੂੰਜੀ ਖਰਚੇ ਵਿਚ ਵਾਧੇ ਦਾ ਨਵਾਂ ਕੀਰਤੀਮਾਨ ਸਥਾਪਤ ਕਰਨਗੇ। ਸਾਲ 2014 ਦੀ ਪ੍ਰਗਤੀ ਰਿਪੋਰਟ ਪੇਸ਼ ਕਰਦਿਆਂ ਸ੍ਰੀ ਚਿੰਦਬਰਮ ਨੇ ਕਿਹਾ ਕਿ ਚਾਲੂ ਮਾਲੀ ਸਾਲ ਦੌਰਾਨ ਸਰਕਾਰ ਵਲੋਂ ਲਏ ਜਾਣ ਵਾਲੇ ਕੁਝ ਮੁੱਖ ਆਰਥਿਕ ਉਪਰਾਲੇ ਇਸ ਪ੍ਰਕਾਰ ਹਨ:

- ਲਗਭਗ 50 ਹਜ਼ਾਰ ਪਣ ਬਿਜਲੀ ਸਮਰੱਥਾ ਉਸਾਰੀ ਅਧੀਨ ਹੈ, ਜਦੋਂ ਕਿ 78 ਹਜ਼ਾਰ ਮੈਗਾਵਾਟ ਬਿਜਲੀ ਸਪਲਾਈ ਦੀ ਸਮਰੱਥਾ ਪਹਿਲਾਂ ਤੋਂ ਹੀ ਨਿਸਚਿਤ ਕਰ ਦਿੱਤੀ ਗਈ ਹੈ।
- ਸਿੱਧੇ ਵਿਦੇਸ਼ੀ ਨਿਵੇਸ਼ ਦੀ ਨੀਤੀ ਨੂੰ ਹੋਰ ਸੁਖਾਲਾ ਕਰ ਦਿੱਤਾ ਗਿਆ ਹੈ।
- 4 ਹਜ਼ਾਰ 909 ਕਰੋੜ ਦੀ ਲਾਗਤ ਨਾਲ ਡਾਕ ਮਹਿਕਮੇ ਦੀ ਸੂਚਨਾ ਤਕਨਾਲੋਜੀ ਦਾ ਆਧੁਨਿਕੀਕਰਨ ਕੀਤਾ ਗਿਆ।
- ਕੁਡਨ ਕੁਲਮ ਪ੍ਰਮਾਣੂ ਬਿਜਲੀ ਘਰ ਦੀ ਯੂਨਿਟ ਨੰਬਰ ਇਕ 18 ਕਰੋੜ ਯੂਨਿਟ ਬਿਜਲੀ ਪੈਦਾ ਕਰ ਰਹੀ ਹੈ।
- 500 ਮੈਗਾਵਾਟ ਦਾ ਪ੍ਰੋਟੋ ਟਾਇਪ ਰਿਐਕਟ ਕਲਪਾਕਮ ਵਿਖੇ ਮੁਕੰਮਲ ਹੋਣ ਵਾਲਾ ਹੈ।
- ਰਾਸ਼ਟਰੀ ਸੂਰਜੀ ਤਾਪ ਮਿਸ਼ਨ ਨੇ ਆਪਣੇ ਟੀਚੇ ਤੋਂ ਅੱਗੇ ਵੱਧ ਕੇ 1684 ਮੈਗਾਵਾਟ ਸੂਰਜੀ ਬਿਜਲੀ ਪੈਦਾ ਕੀਤੀ।

### ਵਾਧਾ ਦਰ ਵਿਚ ਗਿਰਾਵਟ ਰੁਕੀ

ਕੇਂਦਰੀ ਖਜ਼ਾਨਾ ਮੰਤਰੀ ਸ੍ਰੀ ਪੀ. ਚਿੰਦਬਰਮ ਨੇ ਕਿਹਾ ਹੈ ਕਿ ਆਪਣੇ 2 ਵਾਰ ਦੇ ਸਾਸ਼ਨ ਦੌਰਾਨ ਯੂ.ਪੀ.ਏ. ਸਰਕਾਰ ਨੇ ਵਾਧਾ ਦਰ ਵਿਚ ਹਾਲ ਹੀ ਦੌਰਾਨ ਆਈ ਰੁਕਾਵਟ ਨੂੰ ਬੰਨ੍ਹ ਲਗਾਇਆ ਹੈ। ਆਪਣੇ ਅੰਤਰਿਮ ਬਜਟ ਤਕਰੀਰ ਦੌਰਾਨ ਉਨ੍ਹਾਂ ਕਿਹਾ ਕਿ 33 ਸਾਲ ਦੇ ਅਰਸੇ ਦੌਰਾਨ ਦੇਸ਼ ਵਿਚ ਰੁਝਾਨੀ ਵਾਧਾ ਦਰ 6.2 ਪ੍ਰਤਿਸ਼ਤ ਰਹੀ ਹੈ।

1999 ਤੋਂ 2004 ਦੇ ਅਰਸੇ ਦੌਰਾਨ ਔਸਤ ਸਾਲਾਨਾ ਘਰੇਲੂ ਉਤਪਾਦ ਦਰ 5.9 ਪ੍ਰਤਿਸ਼ਤ ਰਹੀ, ਜਿਹੜੀ ਕਿ ਪ੍ਰਚਲਿਤ ਦਰ ਨਾਲੋ ਘੱਟ ਹੈ। ਅਗਲੇ ਪੰਜ ਸਾਲਾਂ ਦੌਰਾਨ ਇਹ 8.4 ਪ੍ਰਤਿਸ਼ਤ ਹੋ ਗਈ ਅਤੇ 2009-2014 ਦੇ ਅਰਸੇ ਦੌਰਾਨ ਇਹ 6.6 ਪ੍ਰਤਿਸ਼ਤ ਰਹਿ ਗਈ। ਸ੍ਰੀ ਚਿੰਦਬਰਮ ਨੇ ਪੂਰੇ ਭਰੋਸੇ ਨਾਲ ਕਿਹਾ ਕਿ ਅੱਜ ਅਰਥਚਾਰਾ ਦੋ ਸਾਲ ਪਹਿਲਾਂ ਦੇ ਸਮੇਂ ਨਾਲੋਂ ਕਿਤੇ ਵੱਧ ਸਥਿਰਤਾ ਦੀ ਹਾਲਤ ਵਿਚ ਹੈ। ਅੱਜ ਕੱਲ੍ਹ ਵਪਾਰਕ ਘਾਟੇ ਵਿਚ ਗਿਰਾਵਟ ਆ ਰਹੀ ਹੈ ਜਦ ਕਿ ਚਾਲੂ ਖਾਤੇ ਦੇ ਖਸਾਰੇ ਨੂੰ ਰੋਕ ਦਿੱਤਾ

ਗਿਆ ਹੈ, ਮੁਦਰਾ ਸਫਿਤੀ ਬਹੁਤ ਘੱਟ ਗਈ ਹੈ ਅਤੇ ਤਿਮਾਹੀ ਵਾਧਾ ਦਰ ਵਾਧੇ ਪਈ ਹੋਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਵਟਾਂਦਰਾ ਦਰ ਵਿਚ ਵੀ ਸਥਿਰਤਾ ਆਈ ਹੈ, ਬਰਾਮਦਾਂ ਵਧੀਆਂ ਹਨ ਅਤੇ ਸੈਂਕੜੇ ਹੀ ਰੁਕੇ ਹੋਏ ਪ੍ਰਜੈਕਟਾਂ ਨੂੰ ਚਾਲੂ ਕਰ ਦਿੱਤਾ ਗਿਆ ਹੈ। ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ 10 ਸਾਲ ਪਹਿਲਾਂ ਖੁਰਾਕੀ ਪਦਾਰਥਾਂ ਦਾ ਉਤਪਾਦਨ 21 ਕਰੋੜ 30 ਲੱਖ ਟਨ ਹੁੰਦਾ ਸੀ ਜਿਹੜਾ ਹੁਣ ਵਧ ਕੇ 26 ਕਰੋੜ 30 ਲੱਖ ਟਨ ਤਕ ਪਹੁੰਚ ਗਿਆ ਹੈ। ਇਸੇ ਤਰ੍ਹਾਂ ਹੀ ਬਿਜਲੀ ਉਤਪਾਦਨ ਦੀ ਸਮਰੱਥਾ 10 ਸਾਲ ਪਹਿਲਾਂ ਦੀ ਇਕ ਲੱਖ 12 ਹਜ਼ਾਰ 700 ਮੈਗਾਵਾਟ ਤੋਂ ਵਧ ਕੇ ਅੱਜ 2 ਲੱਖ 34 ਹਜ਼ਾਰ 600 ਮੈਗਾਵਾਟ ਹੋ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਸਾਲ ਪਿਛਲੇ 10 ਸਾਲਾਂ ਦੇ ਮੁਕਾਬਲੇ 5 ਗੁਣਾ ਜ਼ਿਆਦਾ ਰਾਸ਼ੀ ਸਿਹਤ ਖੇਤਰ ਉਪਰ ਖਰਚ ਕਰੇਗੀ।

- **ਹੁਣ ਤਕ 57 ਕਰੋੜ ਆਧਾਰ ਕਾਰਡ ਜਾਰੀ**
- **ਗੈਸ ਖਪਤਕਾਰਾਂ ਨੂੰ ਕਰੋੜਾਂ ਰੁਪਏ ਸਬਸਿਡੀ ਵਜੋਂ ਜਾਰੀ**

ਕੇਂਦਰੀ ਖਜ਼ਾਨਾ ਮੰਤਰੀ ਸ੍ਰੀ ਪੀ. ਚਿੰਦਬਰਮ ਨੇ ਕਿਹਾ ਹੈ ਕਿ ਘਰੇਲੂ ਰਸੋਈ ਗੈਸ ਦੇ ਲਾਭ ਪਾਤਰਾਂ ਨੂੰ 2 ਕਰੋੜ 10 ਲੱਖ ਰੁਪਏ ਦੀ ਸਬਸਿਡੀ ਉਨ੍ਹਾਂ ਦੇ ਖਾਤਿਆਂ ਵਿਚ ਭੇਜ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਆਧਾਰ ਯੋਜਨਾ ਨੂੰ ਲਾਗੂ ਕਰਨ ਲਈ ਪੂਰੀ ਤਰ੍ਹਾਂ ਪ੍ਰਤੀਬੱਧ ਹੈ ਅਤੇ ਦੱਸਿਆ ਕਿ ਇਸ ਦੇ ਤਹਿਤ ਹੁਣ ਤਕ 57 ਕਰੋੜ ਕਾਰਡ ਜਾਰੀ ਕਰ ਦਿੱਤੇ ਗਏ ਹਨ ਅਤੇ ਸਾਰੇ ਆਧਾਰ ਕਾਰਡ ਧਾਰਕਾਂ ਦੇ ਬੈਂਕ ਖਾਤੇ ਖੋਲ੍ਹ ਦਿੱਤੇ ਜਾਣ ਦਾ ਸੰਕਲਪ ਵੀ ਦੁਹਰਾਇਆ। ਸ੍ਰੀ ਚਿੰਦਬਰਮ ਨੇ ਸਦਨ ਨੂੰ ਦੱਸਿਆ ਕਿ ਸਿੱਧੀ ਲਾਭ ਤਬਾਦਲਾ ਸਕੀਮ ਤਹਿਤ ਪੈਸਾ 27 ਸ਼ਨਾਖਤਸ਼ੁਦਾ ਸਕੀਮਾਂ ਤਹਿਤ ਸਿੱਧਾ ਲਾਭਪਾਤਰੀਆਂ ਦੇ ਖ਼ਾਤਿਆਂ ਵਿਚ ਭੇਜਿਆ ਜਾਂਦਾ ਹੈ ਅਤੇ ਜਨਵਰੀ ਦੇ ਅੰਤ ਤਕ 628 ਕਰੋੜ ਰੁਪਏ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਤਹਿਤ ਲਾਭ ਪਾਤਰਾਂ ਦੇ ਖ਼ਾਤੇ ਵਿਚ ਤਬਦੀਲ ਕਰ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਆਧਾਰ ਸਮਾਜ ਦੀ ਗਰੀਬ-ਬੇਘਰ ਅਤੇ ਦਬੇ ਕੁਚਲੇ ਲੋਕਾਂ ਲਈ ਇਕ ਸ਼ਕਤੀਕਰਨ ਦਾ ਜ਼ਰੀਆ ਹੈ।

**ਸਿੱਖਿਆ ਲਈ ਕਰਜ਼ਾ ਲੈਣ ਵਾਲਿਆਂ ਲਈ ਵੱਡੀ ਰਾਹਤ, 9 ਲੱਖ ਵਿਦਿਆਰਥੀਆਂ ਨੂੰ ਪੁੱਜੇਗਾ ਲਾਭ**

ਕੇਂਦਰੀ ਖਜ਼ਾਨਾ ਮੰਤਰੀ ਸ੍ਰੀ ਪੀ. ਚਿੰਦਬਰਮ ਨੇ ਸਿੱਖਿਆ ਲਈ ਕਰਜ਼ਾ ਲੈਣ ਵਾਲੇ ਵਿਦਿਆਰਥੀਆਂ ਲਈ ਤਿੰਨ ਮਹੀਨੇ ਦੀ ਰਾਹਤ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ 31 ਦਸੰਬਰ 2013 ਤਕ ਬਣਦੀ ਉਨ੍ਹਾਂ ਦੀ ਦੇਣਦਾਰੀ ਉਪਰ ਕਰਜ਼ੇ ਦੀ ਜ਼ਿੰਮੇਵਾਰੀ ਸਰਕਾਰ ਲਵੇਗੀ ਪਰ ਕਰਜ਼ਾ ਧਾਰਕ ਨੂੰ ਪਹਿਲੀ ਅਪ੍ਰੈਲ 2014 ਤੋਂ ਬਾਅਦ ਦੇ ਸਮੇਂ ਲਈ ਵਿਆਜ ਦਾ ਭੁਗਤਾਨ ਕਰਨਾ ਪਵੇਗਾ। ਇਸ ਦੇ ਨਾਲ ਲਗਭਗ 9 ਲੱਖ ਵਿਦਿਆਰਥੀਆਂ ਨੂੰ 2600 ਕਰੋੜ ਰੁਪਏ ਦਾ ਲਾਭ ਪੁੱਜੇਗਾ। ਲੋਕ ਸਭਾ ਵਿਚ ਆਪਣੇ ਅੰਤਰਿਮ ਭਾਸ਼ਣ ਦੌਰਾਨ ਸ੍ਰੀ ਚਿੰਦਬਰਮ ਨੇ ਕਿਹਾ ਕਿ 2600 ਕਰੋੜ ਰੁਪਏ ਦੀ ਇਹ ਰਕਮ ਇਸੇ ਮਾਲੀ ਸਾਲ ਦੌਰਾਨ ਕੈਨਰਾ ਬੈਂਕ ਨੂੰ ਤਬਦੀਲ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵਿਆਜ ਵਿਚ ਰਾਹਤ ਦੇਣ ਦੀ ਕੇਂਦਰੀ ਯੋਜਨਾ ਸਿੱਖਿਆ ਨਾਲ ਸਬੰਧਤ ਕਰਜ਼ਿਆਂ ਬਾਰੇ 2009-10 ਵਿਚ ਸ਼ੁਰੂ ਕੀਤੀ ਗਈ ਸੀ। ਜਿਨ੍ਹਾਂ ਵਿਦਿਆਰਥੀਆਂ ਨੇ 31 ਮਾਰਚ 2009 ਤੋਂ ਪਹਿਲਾਂ ਸਿੱਖਿਆ ਲਈ ਕਰਜ਼ਾ ਲਿਆ ਸੀ, ਉਹ ਆਪਣੀ ਪੜ੍ਹਾਈ ਦੌਰਾਨ ਹੀ ਇਸ ਨੂੰ ਤਾਰਨ ਲਈ ਜੱਦੋ ਜਹਿਦ ਕਰ ਰਹੇ ਸਨ, ਜਿਸ ਕਰਕੇ ਉਨ੍ਹਾਂ ਲਈ ਰਾਹਤ ਦਿੱਤੇ ਜਾਣਾ ਬਹੁਤ ਜ਼ਰੂਰੀ ਸੀ। ਮੰਤਰੀ ਨੇ ਕਿਹਾ ਕਿ 10 ਸਾਲ ਪਹਿਲਾਂ ਬਹੁਤ ਥੋੜ੍ਹੇ ਅਤੇ ਉਹ ਵੀ ਅਸਰ ਰਸੂਖ ਵਾਲੇ ਵਿਦਿਆਰਥੀ ਹੀ ਸਿੱਖਿਆ ਲਈ ਕਰਜ਼ਾ ਲੈ ਸਕਦੇ ਸਨ ਜਦੋਂ ਕਿ ਦਸੰਬਰ 2013 ਦੇ ਅੰਤ ਤਕ ਜਨਤਕ ਖੇਤਰ ਦੇ ਬੈਂਕਾਂ ਕੋਲ 25 ਲੱਖ 70 ਹਜ਼ਾਰ 254 ਵਿਦਿਆਰਥੀ ਕਰਜ਼ਿਆਂ ਦੇ ਖਾਤੇ ਸਨ ਅਤੇ ਕਰ ਦੇ ਤਹਿਤ ਦਿੱਤੀ ਗਈ ਰਕਮ 57 ਹਜ਼ਾਰ 700 ਕਰੋੜ ਬਣਦੀ ਹੈ।

**ਰਾਸ਼ਟਰੀ ਹੁਨਰ ਪ੍ਰਮਾਣੀਕਰਨ ਸਿਖਲਾਈ ਤਹਿਤ 77 ਹਜ਼ਾਰ 710 ਯੁਵਕਾਂ ਨੇ ਸਿਖਲਾਈ ਮੁਕੰਮਲ ਕੀਤੀ**

ਕੇਂਦਰੀ ਖਜ਼ਾਨਾ ਸ੍ਰੀ ਪੀ ਚਿੰਦਬਰਮ ਨੇ ਲੋਕ ਸਭਾ ਨੂੰ ਦੱਸਿਆ ਕਿ ਕੌਮੀ ਹੁਨਰ ਪ੍ਰਮਾਣੀਕਰਨ ਅਤੇ ਵਿੱਤੀ ਇਨਾਮ ਯੋਜਨਾ ਤਹਿਤ 1 ਲੱਖ 68 ਹਜ਼ਾਰ 43 ਨੌਜਵਾਨਾਂ ਨੇ ਦਾਖਲਾ ਲਿਆ ਅਤੇ 77 ਹਜ਼ਾਰ 710 ਨੇ ਆਪਣੀ ਸਿਖਲਾਈ ਮੁਕੰਮਲ ਕੀਤੀ। ਉਨ੍ਹਾਂ ਅੱਗੇ ਦਸਿਆ ਕਿ ਕੁੱਲ ਮਿਲਾ ਕੇ 24 ਸੈਕਟਰ ਸਕਿੱਲ ਪ੍ਰੀਸ਼ਦਾਂ, 442 ਸਿਖਲਾਈ ਭਾਗੀਦਾਰਾਂ ਅਤੇ 17 ਜਾਇਜ਼ਾ ਏਜੰਸੀਆਂ ਨੇ ਇਸ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ ਹੈ ਅਤੇ 204 ਨੌਕਰੀਆਂ ਦੀ ਨਿਸ਼ਾਨਦੇਹੀ ਕੀਤੀ ਹੈ।

**ਅੰਤਰਿਮ ਰੇਲ ਬਜਟ ਦਾ ਸੰਖੇਪ**

12 ਫ਼ਰਵਰੀ 2014 ਨੂੰ ਅੰਤਰਿਮ ਰੇਲ ਬਜਟ 2014-15 ਵਿਚ ਮੁਸਾਫ਼ਰ ਕਿਰਾਏ ਅਤੇ ਭਾੜੇ ਦੀਆਂ ਦਰਾਂ ਨੂੰ ਛੇੜਿਆ ਨਹੀਂ ਗਿਆ ਜਦ ਕਿ ਦੇਸ਼ ਦੇ ਰੇਲ ਤਾਣੇ ਦੇ ਆਧੁਨਿਕੀਕਰਨ ਲਈ ਨਿੱਜੀ ਖੇਤਰ ਅਤੇ ਸਿੱਧੀ ਵਿਦੇਸ਼ੀ ਸਰਮਾਇਆਕਾਰੀ ਦੀਆਂ ਯੋਜਨਾਵਾਂ ਦੀ ਚਰਚਾ ਕੀਤੀ ਗਈ ਹੈ।

ਰੇਲ ਮੰਤਰੀ ਮਲਿਕਾਰਜਨ ਖੜਗੇ ਨੇ ਚਾਰ ਮਹੀਨਿਆਂ ਲਈ ਅੰਤਰਿਮ ਰੇਲ ਬਜਟ ਲੋਕ ਸਭਾ ਵਿਚ ਪੇਸ਼ ਕਰਦਿਆਂ ਕਿਹਾ ਕਿ ਕਿਰਾਇਆ-ਭਾੜਾ ਦਰਾਂ ਨੂੰ ਤਰਕਸੰਗਤ ਬਣਾਉਣ ਲਈ ਇਕ ਸੁਤੰਤਰ ਰੇਲ ਟੈਰਿਫ ਅਥਾਰਿਟੀ ਕਾਇਮ ਕੀਤੀ ਜਾ ਰਹੀ ਹੈ ਅਤੇ ਟਿਕਟਾਂ ਦੀਆਂ ਕੀਮਤਾਂ ਨੂੰ ਏਅਰਲਾਈਨ ਸੱਨਅਤ ਨਾਲ ਮੇਲਣ ਦੀ ਤਜਵੀਜ਼ ਬਣਾਈ ਗਈ ਹੈ। ਉਨ੍ਹਾਂ ਆਉਂਦੇ ਸਾਲ 17 ਨਵੀਆਂ ਪ੍ਰੀਮੀਅਮ ਰੇਲ ਗੱਡੀਆਂ, 39 ਐਕਸਪ੍ਰੈੱਸ ਅਤੇ 10 ਮੁਸਾਫਰ ਰੇਲ ਗੱਡੀਆਂ ਚਲਾਉਣ ਅਤੇ ਜੰਮੂ-ਕਸ਼ਮੀਰ ਵਿਚ ਕਟੜਾ ਅਤੇ ਵੈਸ਼ਨੋਦੇਵੀ ਅਤੇ ਉੱਤਰ-ਪੂਰਬ ਵਿਚ ਮੇਘਾਲਿਆ ਅਤੇ ਅਰੁਣਾਚਲ ਪ੍ਰਦੇਸ਼ ਲਈ ਰੇਲ ਸੰਪਰਕ ਕਾਇਮ ਕਰਨ ਦੇ ਐਲਾਨ ਵੀ ਕੀਤੇ। ਉਨ੍ਹਾਂ ਕੁਝ ਹੋਰ ਹਾਈ ਸਪੀਡ ਰੇਲ ਗੱਡੀਆਂ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ ਅਤੇ ਕਿਹਾ ਕਿ ਮੰਤਰਾਲਾ ਵਲੋਂ ਕੁਝ ਚੋਣਵੇਂ ਮਾਰਗਾਂ 'ਤੇ 160-200 ਕਿਲੋਮੀਟਰ ਪ੍ਰਤਿ ਘੰਟੇ ਦੀ ਰਫ਼ਤਾਰ ਨਾਲ ਦੌੜਨ ਵਾਲੀਆਂ ਘੱਟ ਲਾਗਤ ਦੀਆਂ ਰੇਲ ਗੱਡੀਆਂ ਸ਼ੁਰੂ ਕਰਨ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

ਦਿੱਲੀ-ਮੁੰਬਈ ਖੇਤਰ 'ਤੇ ਥੋੜ੍ਹੇ ਅਗਾਊਂ ਰਿਜ਼ਰਵੇਸ਼ਨ ਪੀਰੀਅਡ ਵਾਲੀ ਏਸੀ ਸਪੈਸ਼ਲ ਰੇਲ ਗੱਡੀ ਦਾ ਜ਼ਿਕਰ ਕਰਦਿਆਂ ਸ੍ਰੀ ਖੜਗੇ ਨੇ ਕਿਹਾ ਕਿ ਇਸ ਦੀਆਂ ਗੀਤਸ਼ੀਲ ਕਿਰਾਇਆ ਦਰਾਂ ਨੂੰ ਵਰਤੋਂਕਾਰਾਂ ਨੇ ਸਲਾਹਿਆ ਅਤੇ ਹੁਣ ਇਸ ਨੂੰ ਵੱਡੇ ਪੈਮਾਨੇ 'ਤੇ ਅਪਨਾਉਣ ਦੀ ਯੋਜਨਾ ਹੈ।

ਉਨ੍ਹਾਂ ਕਿਹਾ ਕਿ ਰੇਲਵੇ ਵਿਚ ਨਿਵੇਸ਼ ਵਧਾਉਣ ਲਈ ਨਿੱਜੀ ਖੇਤਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਰੇਲ ਲੈਂਡ ਡਿਵੈਲਪਮੈਂਟ ਅਥਾਰਿਟੀ ਨੂੰ 1000 ਕਰੋੜ ਰੁਪਏ ਦਾ ਟੀਚਾ ਦਿਤਾ ਗਿਆ ਸੀ ਜੋ ਹੁਣ ਤਕ 937 ਕਰੋੜ ਰੁਪਏ ਜੁਟਾ ਚੁੱਕੀ ਹੈ। ਕਰਨਾਟਕ, ਝਾਰਖੰਡ, ਆਂਧਰ ਪ੍ਰਦੇਸ਼ ਅਤੇ ਹਰਿਆਣਾ ਦੀਆਂ ਸਰਕਾਰਾਂ ਨੇ ਬਹੁਤ ਸਾਰੇ ਰੇਲ ਪ੍ਰਾਜੈਕਟਾਂ ਲਈ ਲਾਗਤ ਵਿਚ ਹਿੱਸਾ ਵਟਾਉਣ ਦੀ ਸਹਿਮਤੀ ਦਿਤੀ ਹੈ ਅਤੇ ਸ੍ਰੀ ਖੜਗੇ ਨੇ ਹੋਰਨਾਂ ਰਾਜ ਸਰਕਾਰਾਂ ਨੂੰ ਆਪੋ-ਆਪਣੇ ਖੇਤਰਾਂ ਵਿਚ ਰੇਲ ਤਾਣਾ ਵਧਾਉਣ ਲਈ ਇਸ ਰਾਹ 'ਤੇ ਅੱਗੇ ਵਧਣ ਦੀ ਅਪੀਲ ਕੀਤੀ ਹੈ। ਮੁੰਬਈ-ਅਹਿਮਦਾਬਾਦ ਹਾਈ ਸਪੀਡ ਕੋਰੀਡੋਰ ਲਈ ਪਾਇਦਾਰੀ ਅਧਿਐਨ ਜੋ ਪਿਛਲੇ ਸਾਲ ਦਸੰਬਰ ਵਿਚ ਸ਼ੁਰੂ ਹੋਇਆ ਸੀ, ਉਹ 18 ਮਹੀਨਿਆਂ ਵਿਚ ਮੁਕੰਮਲ ਹੋ ਜਾਵੇਗਾ। ਇਸ ਲਈ ਰੇਲਵੇ ਅਤੇ ਜਪਾਨ ਇੰਟਰਨੈਸ਼ਨਲ ਕੋਆਪ੍ਰੇਸ਼ਨ ਏਜੰਸੀ ਵਲੋਂ ਫ਼ੰਡ ਦਿਤੇ ਜਾ ਰਹੇ ਹਨ। ਰੇਲਵੇ ਦੀ ਮਾਲੀ ਕਾਰਗੁਜ਼ਾਰੀ ਬਾਰੇ ਉਨ੍ਹਾਂ ਕਿਹਾ ਕਿ ਛੇਵੇਂ ਤਨਖ਼ਾਹ ਕਮਿਸ਼ਨ ਕਾਰਨ ਇਕ ਲੱਖ ਕਰੋੜ ਰੁਪਏ ਦਾ ਵਾਧੂ ਬੋਝ ਪਿਆ ਜਿਸ ਦੀ ਵਿਭਾਗ ਨੇ ਆਪਣੇ ਸਰੋਤਾਂ ਰਾਹੀਂ ਪੂਰਤੀ ਕੀਤੀ ਹੈ। ਸ੍ਰੀ ਖੜਗੇ ਨੇ ਆਖਿਆ, "ਸਾਨੂੰ ਭਾੜੇ ਤੋਂ ਕਮਾਈ ਦਾ ਟੀਚਾ ਸਰ ਕਰ ਲੈਣ ਦਾ ਭਰੋਸਾ ਹੈ ਜੋ ਬਜਟ ਅਨੁਮਾਨ ਵਿਚ 93554 ਕਰੋੜ ਰੁਪਏ ਤੋਂ ਵਧ ਕੇ 94000 ਕਰੋੜ ਰੁਪਏ ਹੋ ਗਏ ਹਨ। ਮੁਸਾਫ਼ਰ ਕਿਰਾਏ ਦੇ ਰੁਝਾਨ ਦੇ ਮੱਦੇਨਜ਼ਰ ਇਸ ਦਾ ਸੋਧਿਆ ਟੀਚਾ 37000 ਕਰੋੜ ਰੁਪਏ ਮਿਥਿਆ ਗਿਆ। ਕਮਾਈ ਅਤੇ ਖਰਚ ਦੇ ਰੁਝਾਨ ਦੇ ਮੱਦੇਨਜ਼ਰ ਸੋਧਿਆ ਯੋਜਨਾ ਬਜਟ 59359 ਕਰੋੜ ਰੁਪਏ ਅਤੇ ਬਜਟ ਟੀਚੇ ਦੇ ਨਿਸਬਤ ਆਪਰੇਟਿੰਗ ਰੇਸ਼ੋ 87.8 ਪ੍ਰਤਿਸ਼ਤ ਤੋਂ ਵਧਾ ਕੇ 90.8 ਪ੍ਰਤਿਸ਼ਤ ਰੱਖੀ ਗਈ ਹੈ। ਚਾਲੂ ਮਾਲੀ ਸਾਲ ਦੇ ਅਖੀਰ 'ਤੇ ਫ਼ੰਡ ਬਕਾਇਆ 2391 ਕਰੋੜ ਰੁਪਏ ਤੋਂ ਮਾਰਚ 2014 ਦੇ ਅਖੀਰ 'ਤੇ ਵਧ ਕੇ 8018 ਕਰੋੜ ਰੁਪਏ ਰਹਿਣ ਦਾ ਅਨੁਮਾਨ ਹੈ।

ਉਪਰੰਤ 17 ਫ਼ਰਵਰੀ ਨੂੰ ਉਪਰੋਕਤ ਅੰਤਰਿਮ ਰੇਲ ਬਜਟ 2014-15 ਲੋਕ ਸਭਾ ਵਿਚ ਪਾਸ ਕਰ ਦਿਤਾ ਗਿਆ ਹੈ।

*– ਪੀ.ਆਈ.ਬੀ., ਜਲੰਧਰ*

## ਕੀ ਤੁਸੀਂ ਜਾਣਦੇ ਹੋ?

### ਲਿਬਰ

*ਲਿਬਰ* ? ਲੰਡਨ ਅੰਤਰ-ਬੈਂਕ ਪੇਸ਼ ਕੀਤੀ ਦਰ ? ਉਹ ਵਿਆਜ ਦਰ ਹੈ ਜਿਸ ਉਪਰ ਲੰਡਨ ਅੰਤਰ-ਬੈਂਕ ਬਾਜ਼ਾਰ ਵਿਚ ਬੈਂਕ ਇਕ-ਦੂਸਰੇ ਤੋਂ ਕਰਜ਼ਾ ਲੈ ਸਕਦੇ ਹਨ। *ਲਿਬਰ* ਜੋ ਛੋਟੀ ਮਿਆਦ ਦੀਆਂ ਵਿਆਜ ਦਰਾਂ ਲਈ ਦੁਨੀਆਂ ਵਿਚ ਸਭ ਤੋਂ ਵੱਧ ਵਰਤੋਂ ਵਿਚ ਆਉਣ ਵਾਲਾ ਬੈਂਕ ਮਾਰਕ ਹੈ, ਸਭ ਤੋਂ ਪਹਿਲਾਂ ਵਿੱਤੀ ਮੰਡੀਆਂ ਵਿਚ 1986 ਵਿਚ ਵਰਤੋਂ ਵਿਚ ਆਇਆ। ਉਸ ਤੋਂ ਬਾਅਦ, *ਲਿਬਰ* ਦਾ ਪਸਾਰ ਵਧਦਾ ਗਿਆ ਅਤੇ ਅੱਜ ਇਹ 350 ਹਜ਼ਾਰ ਕਰੋੜ ਡਾਲਰ ਦੇ ਮਾਲੀ ਸਾਧਨਾਂ ਲਈ ਮੁੱਖ ਹਵਾਲਾ ਦਰ ਬਣ ਗਿਆ ਹੈ। *ਲਿਬਰ* ਵਿਚ ਛੋਟੀਆਂ ਜਿਹੀਆਂ ਤਬਦੀਲੀਆਂ ਵੀ ਮਾਲੀ ਬਾਜ਼ਾਰ ਵਿਚ ਤੂਫ਼ਾਨ ਖੜ੍ਹਾ ਕਰ ਸਕਦੀਆਂ ਹਨ।

ਬ੍ਰਿਟਿਸ਼ ਬੈਂਕਰਜ਼ ਐਸੋਸੀਏਸ਼ਨ ਵਲੋਂ *ਲਿਬਰ* ਦਰ ਰੋਜ਼ਾਨਾ ਨਿਰਧਾਰਤ ਕੀਤੀ ਜਾਂਦੀ ਹੈ ਜੋ ਦੁਨੀਆਂ ਦੇ ਸਭ ਤੋਂ ਵੱਧ ਭਰੋਸੇਯੋਗ ਬੈਂਕਾਂ ਦੇ ਅੰਤਰ-ਬੈਂਕ ਜਮ੍ਹਾਂ ਦਰਾਂ ਦੀ ਔਸਤ 'ਤੇ ਆਧਾਰਤ ਹੁੰਦੀ ਹੈ। ਅਮਰੀਕਾ, ਕੈਨੇਡਾ, ਸਵਿਟਜ਼ਰਲੈਂਡ ਅਤੇ ਇੰਗਲੈਂਡ ਉਨ੍ਹਾਂ ਦੇਸ਼ਾਂ ਵਿਚੋਂ ਹਨ ਜੋ *ਲਿਬਰ* ਦੀ ਹਵਾਲਾ ਦਰ ਉਪਰ ਚਲਦੇ ਹਨ।

2012 ਵਿਚ, ਦੁਨੀਆਂ ਭਰ ਦੇ ਨਿਯੰਤ੍ਰਕਾਂ ਨੇ ਯੂਰਪ ਅਤੇ ਅਮਰੀਕਾ ਦੇ ਬੈਂਕਾਂ ਵਲੋਂ *ਲਿਬਰ* ਦੀ ਤਥਾਕਥਿਤ ਛੇੜਛਾੜ ਵਿਰੁੱਧ ਜਾਂਚ ਕੀਤੀ। ਸਾਲ 2013 ਵਿਚ, ਦੁਨੀਆਂ ਭਰ ਵਿਚ ਕੀਤੀ ਇਕ ਜਾਂਚ ਤੋਂ ਪਤਾ ਲੱਗਾ ਕਿ ਵਪਾਰੀਆਂ ਅਤੇ ਦਲਾਲਾਂ ਨੇ ਬੈਂਕਮਾਰਕ ਅੰਤਰ-ਬੈਂਕ ਕਰਜ਼ਾ ਦਰਾਂ ਨਾਲ ਵੱਡੇ ਪੈਮਾਨੇ 'ਤੇ ਛੇੜਛਾੜ ਕੀਤੀ ਹੈ।

### ਭੂਗੋਲਿਕ ਸੰਕੇਤ

ਭੂਗੋਲਿਕ ਸੰਕੇਤਕ (ਜੀ.ਆਈ) ਇਕ ਅਜਿਹਾ ਚਿੰਨ੍ਹ ਹੈ ਜੋ ਕੁੱਝ ਵਸਤਾਂ ਲਈ ਵਰਤਿਆ ਜਾਂਦਾ ਹੈ। ਇਕ ਖ਼ਾਸ ਭੂਗੋਲਿਕ ਖੇਤਰ ਵਿਚ ਇਹ ਬਣਦੀਆਂ ਹਨ। ਆਪਣੇ ਬਣਨ ਦੇ ਸਥਾਨ ਕਾਰਨ ਕੁੱਝ ਖ਼ਾਸ ਵਿਸ਼ੇਸ਼ਤਾਈਆਂ, ਗੁਣ ਅਤੇ ਚਿਹਰਾ-ਮੋਹਰਾ ਰੱਖਦੀਆਂ ਹਨ। ਆਮ ਤੌਰ ਤੇ ਇਕ ਭੂਗੋਲਿਕ ਚਿੰਨ੍ਹ ਉਨ੍ਹਾਂ ਵਸਤਾਂ ਦੇ ਬਣਨ ਦੇ ਸਥਾਨ ਦਾ ਨਾਮ ਹੁੰਦਾ ਹੈ।

ਜੀ.ਆਈ ਉਦਯੋਗਿਕ ਵਸਤਾਂ ਦਾ ਉਹ ਪੱਖ ਹੈ ਜੋ ਕਿਸੇ ਵੀ ਵਸਤੂ ਦੇ ਬਣਨ ਵਾਲੇ ਦੇਸ਼ ਦੀ ਪਛਾਣ ਦਿੰਦਾ ਹੈ ਅਤੇ ਉਸ ਦੀ ਗੁਣਵੱਤਾ ਅਤੇ ਵੱਖਰੇਪਣ ਬਾਰੇ ਯਕੀਨੀ ਬਣਾਉਂਦਾ ਹੈ ਜੋ ਲਾਜ਼ਮੀ ਤੌਰ ਤੇ ਉਸ ਭੂਗੋਲਿਕ ਸਥਾਨ, ਖੇਤਰ ਜਾਂ ਦੇਸ਼ ਨਾਲ ਸੰਬੰਧਿਤ ਹੁੰਦਾ ਹੈ। ਉਦਯੋਗਿਕ ਸੰਪਦਾ ਦੀ ਸੁਰੱਖਿਅਤਾ ਦੀ ਪੈਰਿਸ ਕਨਵੈਨਸ਼ਨ ਦੀ ਮਦ 1(2) ਅਤੇ 10 ਅਧੀਨ, ਭੂਗੋਲਿਕ ਸੰਕੇਤਕ ਬੌਧਿਕ ਸੰਪਦਾ ਅਧਿਕਾਰਾਂ ਦੇ ਅੰਸ਼ ਦੇ ਤੌਰ ਤੇ ਗਿਣੇ ਜਾਂਦੇ ਹਨ। ਜੀ.ਆਈ. ਬੌਧਿਕ ਸੰਪਦਾ ਅਧਿਕਾਰ ਸਮਝੌਤੇ ਦੇ ਵਪਾਰ ਸੰਬੰਧੀ ਮੁੱਦਿਆਂ *(ਟਰਿੱਪਸ)* ਦੇ ਮਦ 22 ਤੋਂ 24 ਅਧੀਨ ਵੀ ਆਉਂਦੇ ਹਨ ਜੋ ਗੈਟ ਵਿਚਾਰ-ਵਟਾਂਦਰੇ ਦੇ ਉਰੂਗਾਏ ਦੌਰ ਵਿਚ ਕੀਤੇ ਸਮਝੌਤੇ ਦਾ ਹਿੱਸਾ ਹਨ। ਭਾਰਤ ਨੇ, ਵਿਸ਼ਵ ਵਪਾਰ ਸੰਗਠਨ ਦੇ ਮੈਂਬਰ ਦੇ ਤੌਰ ਤੇ ਵਸਤਾਂ ਦੇ ਭੂਗੋਲਿਕ ਸੰਕੇਤ (ਰਜਿਸਟਰੇਸ਼ਨ ਅਤੇ ਸੁਰੱਖਿਆ) ਕਾਨੂੰਨ 1999 ਦੀ ਰਚਨਾ ਕੀਤੀ ਅਤੇ ਇਹ 15 ਸਤੰਬਰ 2003 ਤੋਂ ਲਾਗੂ ਹੋ ਗਿਆ ਸੀ।

ਭੂਗੋਲਿਕ ਸੰਕੇਤ ਦਾ ਚਿੰਨ੍ਹ ਲੱਗ ਜਾਣ ਨਾਲ ਰਜਿਸਟਰ ਹੋਏ ਵਰਤੋਂਕਾਰਾਂ ਤੋਂ ਇਲਾਵਾ, ਕੋਈ ਵੀ (ਜਾਂ ਘੱਟੋ-ਘੱਟ ਉਹ ਜੋ ਭੂਗੋਲਿਕ ਖੇਤਰ ਵਿਚ ਰਹਿ ਰਹੇ ਹੋਣ) ਕਿਸੇ ਵੀ ਆਮ ਪਸੰਦ ਵਸਤੂ ਦੇ ਨਾਮ ਦੀ ਵਰਤੋਂ ਨਹੀਂ ਕਰ ਸਕਦੇ। ਦਾਰਜੀਲਿੰਗ ਚਾਹ ਪਹਿਲੀ ਭਾਰਤੀ ਵਸਤੂ ਸੀ ਜਿਸ ਨੇ 2004-05 ਵਿਚ ਭੂਗੋਲਿਕ ਸੰਕੇਤਕ ਦਾ ਟੈਗ ਹਾਸਲ ਕੀਤਾ। ਉਸ ਵੇਲੇ ਤੋਂ ਹੁਣ ਤਕ ਇਸ ਸੂਚੀ ਵਿਚ 194 ਵਸਤਾਂ ਦਰਜ ਹੋ ਚੁੱਕੀਆਂ ਹਨ ਜਿਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਸ਼ਾਮਿਲ ਹਨ, ਅਰਨਮੁਲਾ ਕੰਨਾੜੀ (ਸ਼ੀਸ਼ਾ), ਚੰਦੇਰੀ ਕੱਪੜਾ, ਕਾਂਚੀਪੁਰਮ ਰੇਸ਼ਮ, ਕਸ਼ਮੀਰੀ ਪੇਪਰ ਮੈਸ਼ੀ ਅਤੇ ਕਸ਼ਮੀਰੀ ਪਸ਼ਮੀਨਾ ਤੇ ਹੋਰ। ❑❑

# ਖ਼ਬਰਾਂ ਵਿਚੋਂ ਖ਼ਬਰਾਂ

## ਐੱਨ ਐੱਲ ਆਰ ਐੱਮ ਪੀ – ਆਧੁਨਿਕ ਪਾਰਦਰਸ਼ਿਕ ਭੌਂ-ਰਿਕਾਰਡ ਪ੍ਰਬੰਧਨ ਪ੍ਰਣਾਲੀ

ਰਾਸ਼ਟਰੀ ਭੌਂ-ਰਿਕਾਰਡ ਆਧੁਨਿਕ ਪ੍ਰੋਗਰਾਮ ਅਗਸਤ 2008 ਵਿਚ ਸਰਕਾਰ ਵਲੋਂ ਸ਼ੁਰੂ ਕੀਤਾ ਗਿਆ ਸੀ। ਇਸ ਦਾ ਮੰਤਵ ਦੇਸ਼ ਵਿਚ ਭੌਂ-ਰਿਕਾਰਡ ਦਾ ਆਧੁਨਿਕ ਪ੍ਰਬੰਧਨ, ਸੰਪਤੀ ਝਗੜਿਆਂ ਨੂੰ ਘੱਟ ਕਰਨਾ, ਭੌਂ-ਰਿਕਾਰਡ ਰੱਖ-ਰਖਾਅ ਵਿਚ ਪਾਰਦਰਸ਼ਿਤਾ ਵਧਾਉਣਾ ਹੈ। ਇਸ ਪ੍ਰੋਗਰਾਮ ਦੇ ਮੁੱਖ ਹਿੱਸੇ ਵਿਚ ਸਾਰੇ ਭੌਂ-ਰਿਕਾਰਡ ਦਾ ਕੰਪਿਊਟਰੀਕਰਨ ਕਰਨਾ ਹੈ। ਹਰਿਆਣਾ ਸਰਕਾਰ ਦੇ ਮਾਲ ਵਿਭਾਗ ਵਲੋਂ ਰਾਜ ਵਿਚ ਭੌਂ-ਮਾਲਕਾਂ ਨੂੰ ਪਾਰਦਰਸ਼ਿਤਾ ਅਤੇ ਯੋਗ ਸੇਵਾਵਾਂ ਪ੍ਰਦਾਨ ਕਰਨ ਲਈ ਭੌਂ-ਰਿਕਾਰਡਾਂ ਦਾ ਆਧੁਨਿਕੀਕਰਨ ਕੀਤਾ ਗਿਆ ਹੈ। ਇਹ ਐੱਨ ਐੱਲ ਆਰ ਐੱਮ ਪੀ ਹੇਠ ਰਾਜ ਵਿਚ ਅਹਿਮ ਪਹਿਲ ਹੈ। ਇਹ ਪ੍ਰੋਗਰਾਮ ਗ੍ਰਾਮੀਣ ਵਿਕਾਸ ਮੰਤਰਾਲਾ ਦੇ ਭੌਂ-ਸਰੋਤ ਵਿਭਾਗਾਂ ਵਲੋਂ ਸ਼ੁਰੂ ਕੀਤਾ ਗਿਆ ਹੈ।

ਹਰਿਆਣਾ ਵਿਚ 44212 ਵਰਗ ਕਿਲੋਮੀਟਰ ਦੇ ਖੇਤਰ ਵਿਚ ਲਗਭਗ 7 ਹਜ਼ਾਰ 85 ਮਾਲ ਪਿੰਡਾਂ ਨੂੰ ਕਵਰ ਕੀਤਾ ਗਿਆ। ਇਸ ਪ੍ਰਾਜੈਕਟ ਦਾ ਮੁੱਖ ਮੰਤਵ ਭੌਂ-ਰਿਕਾਰਡ ਨੂੰ ਇਕਹਿਰੀ ਵਿੰਡੋ ਪ੍ਰਣਾਲੀ ਨੂੰ ਅਮਲ ਵਿਚ ਲਿਆ ਕੇ ਰਾਜ ਵਿਚ ਆਧੁਨਿਕ, ਵਿਆਪਕ ਅਤੇ ਪਾਰਦਰਸ਼ਿਕ ਭੌਂ-ਰਿਕਾਰਡ ਪ੍ਰਬੰਧਨ ਪ੍ਰਣਾਲੀ ਵਿਕਸਤ ਕਰਨਾ ਹੈ। ਦੂਜਾ ਉਦੇਸ਼, ਸੰਗਠਿਤ ਭੌਂ-ਰਿਕਾਰਡ ਸੂਚਨਾ ਪ੍ਰਣਾਲੀ ਪ੍ਰਦਾਨ ਕਰਨਾ ਹੈ। ਰਿਕਾਰਡ ਦੀ ਸਾਂਭ-ਸੰਭਾਲ ਦੇ ਨਾਲ ਇਹ ਜਾਣਕਾਰੀ ਭੌਂ-ਮੁੱਲ ਮੁੱਲੰਕਣ, ਮਿੱਟੀ ਸਿਹਤ ਦੇ ਖੇਤਰੀ ਪੱਧਰ ਦੀ ਤਿਆਰੀ, ਕਿਸਾਨਾਂ ਨੂੰ ਈ-ਗਵਰਨੈਂਸ ਅਤੇ ਈ-ਬੈਂਕਿੰਗ ਸਹੂਲਤ, ਮੁਆਵਜ਼ਾ ਦਾਅਵਿਆਂ ਦਾ ਨਿਪਟਾਰਾ, ਭੌਂ-ਪ੍ਰਾਪਤੀ ਅਤੇ ਮੁੜ ਵਸੇਬਾ, ਫ਼ਸਲ ਬੀਮਾ, ਖੇਤੀ ਸਬਸਿਡੀਆਂ ਦੀ ਗਰਾਂਟ, ਪਿੰਡ ਸਰੋਤ ਕੇਂਦਰ, ਖੇਤੀ ਸੁਨਿਸ਼ਚਿਤਤਾ ਆਦਿ ਕਰਨ ਵਿਚ ਵੀ ਵਰਤੀ ਜਾ ਸਕਦੀ ਹੈ। ਹਰਿਆਣਾ ਸਰਕਾਰ ਦੇ ਮਾਲ ਵਿਭਾਗ ਨੇ ਹਰਿਆਣਾ ਸਪੇਸ ਐਪਲੀਕੇਸ਼ਨਜ਼ ਕੇਂਦਰ ਹਿਸਾਰ ਨੂੰ ਇਹ ਪ੍ਰੋਗਰਾਮ ਲਾਗੂ ਕਰਨ ਦੀ ਨੋਡਲ ਏਜੰਸੀ ਬਣਾਇਆ ਹੈ। ਇਸ ਏਜੰਸੀ ਵਲੋਂ ਜੀ ਆਈ ਐੱਸ ਪ੍ਰਣਾਲੀ ਦਾ ਇਸਤੇਮਾਲ ਕਰਕੇ 62 ਹਜ਼ਾਰ ਨਕਸ਼ਿਆਂ ਨੂੰ ਵਿਕਸਤ ਅਤੇ ਸਕੈਨ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਜਮਾਂਬੰਦੀ, ਖਸਰਾ, ਗਿਰਦੌਰੀਆਂ, ਸਮੇਤ ਪੁਰਾਣਾ ਭੌਂ-ਰਿਕਾਰਡ ਦੇ ਪੰਜ ਕਰੋੜ ਪੰਨਿਆਂ ਦੀ ਸਕੈਨਿੰਗ ਅਤੇ 12 ਸਾਲ ਰਜਿਸਟਰਡ ਡੀਡਜ਼ ਦੀ ਪ੍ਰਕਿਰਿਆ ਨੂੰ ਵੀ ਸਕੈਨ ਕੀਤਾ ਜਾ ਰਿਹਾ ਹੈ।

ਡੀ ਜੀ ਪੀ ਐੱਸ ਸਰਵੇਖਣ ਨਾਲ ਸਰਵੇ ਸ਼ੁਰੂ ਕੀਤਾ ਗਿਆ ਹੈ। 121 ਮੁੱਢਲੇ ਕੰਟਰੋਲ ਪੁਆਇੰਟਸ ਅਤੇ ਹਰੇਕ ਵੀਹ ਕਿਲੋਮੀਟਰ 'ਤੇ ਸਮਾਰਕਾਂ ਸਥਾਪਿਤ ਕੀਤੀਆਂ ਗਈਆਂ ਹਨ। ਸਮੁੱਚੇ ਰਾਜ ਵਿਚ ਅੱਠ ਕਿਲੋਮੀਟਰ ਦੀ ਦੂਰੀ ਤੋਂ 589 ਸੈਕੰਡਰੀ ਕੰਟਰੋਲ ਪੁਆਇੰਟਸ ਅਤੇ ਲਗਭਗ 18 ਹਜ਼ਾਰ ਪ੍ਰਦੇਸ਼ਿਕ ਕੰਟਰੋਲ ਪੁਆਇੰਟਸ ਵੀ ਕਾਇਮ ਕੀਤੇ ਜਾਣਗੇ। ਸੈਟਲਾਈਟ ਡਾਟਾ ਦੀ ਪ੍ਰਕਿਰਿਆ ਚੱਲ ਰਹੀ ਹੈ।

## ਪਿਛਲੇ ਦਹਾਕੇ ਦੌਰਾਨ ਸਿਹਤ ਖੇਤਰ ਵਿਚ ਮਜ਼ਬੂਤੀ ਆਈ, ਜਨਨੀ ਸੁਰੱਖਿਆ ਯੋਜਨਾ ਨਾਲ ਸੰਸਥਾਗਤ ਜਣੇਪਿਆਂ ਵਿਚ ਹੋਇਆ ਚੋਖਾ ਵਾਧਾ

ਪਿਛਲੇ ਇਕ ਦਹਾਕੇ ਦੌਰਾਨ ਸਿਹਤ ਖੇਤਰ ਵਿਚ ਕਾਫ਼ੀ ਮਜ਼ਬੂਤੀ ਦੇਖਣ ਨੂੰ ਮਿਲੀ ਹੈ ਤੇ ਇਸ ਵਿਚ ਨਿਵੇਸ਼ ਵੀ ਪਹਿਲਾਂ ਨਾਲੋਂ ਕਾਫ਼ੀ ਵਧਿਆ ਹੈ। ਇਸ ਨਾਲ ਸਿਹਤ ਸੰਕੇਤਾਂ ਵਿਚ ਮਹੱਤਵਪੂਰਨ ਸੁਧਾਰ ਹੋਇਆ ਹੈ। ਬਾਲ ਮੌਤ ਦਰ ਜਿਹੜੀ 2005 ਵਿਚ ਇਕ ਹਜ਼ਾਰ ਪਿੱਛੇ 58 ਸੀ, 2012 ਵਿਚ ਘਟ ਕੇ ਹਜ਼ਾਰ ਪਿੱਛੇ 42 ਤਕ ਆ ਗਈ ਹੈ। ਮਾਂ ਮੌਤ ਦਰ ਵਿਚ ਵੀ ਕਾਫ਼ੀ ਕਮੀ ਆਈ ਹੈ ਤੇ ਪਿਛਲੇ ਦਸ ਸਾਲਾਂ ਵਿਚ ਇਕ ਇਕ ਲੱਖ ਪਿੱਛੇ 301 ਤੋਂ ਘਟ ਕੇ 212 ਤਕ ਆ ਚੁੱਕੀ ਹੈ। ਐੱਚ ਆਈ ਵੀ ਦੇ ਮਾਮਲਿਆਂ ਵਿਚ 57 ਪ੍ਰਤਿਸ਼ਤ ਦੀ ਕਮੀ ਆਈ ਹੈ। ਸਿਹਤ ਸੰਕੇਤਾਂ ਮੁਤਾਬਿਕ ਦੇਸ਼ ਵਾਸੀਆਂ ਦੀ ਔਸਤ ਉਮਰ ਵਿਚ ਪਿਛਲੇ ਦਸ ਸਾਲਾਂ ਦੌਰਾਨ 5 ਸਾਲਾਂ ਦਾ ਵਾਧਾ ਹੋਇਆ ਹੈ। ਪੇਂਡੂ ਖੇਤਰਾਂ ਵਿਚ ਸਿਹਤ ਸੇਵਾਵਾਂ ਦੀ ਮਜ਼ਬੂਤੀ ਤੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਲਈ 2006 ਵਿਚ ਸ਼ੁਰੂ ਹੋਏ ਰਾਸ਼ਟਰੀ ਪੇਂਡੂ ਸਿਹਤ ਮਿਸ਼ਨ ਹੇਠ ਹੁਣ ਤਕ 35 ਰਾਜਾਂ ਦੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇਕ ਲੱਖ 11 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਰਕਮ ਜਾਰੀ ਕੀਤੀ ਜਾ ਚੁੱਕੀ ਹੈ। ਇਸ ਮਿਸ਼ਨ ਹੇਠ 1 ਲੱਖ 60 ਹਜ਼ਾਰ ਮਨੁੱਖੀ ਵਸੀਲਿਆਂ ਦਾ ਵਾਧਾ ਕੀਤਾ ਗਿਆ ਹੈ ਜਿਨ੍ਹਾਂ ਵਿਚ ਮਾਹਿਰ ਡਾਕਟਰ, ਨਰਸਾਂ, ਏ ਐੱਨ ਐੱਮ ਤੇ ਹੋਰ ਪੈਰਾਮੈਡੀਕਲ ਅਮਲਾ ਸ਼ਾਮਿਲ ਹੈ। 9 ਲੱਖ ਆਸ਼ਾ ਵਰਕਰਾਂ ਦੀ ਵੀ ਨਿਯੁਕਤੀ ਕੀਤੀ ਜਾ ਚੁੱਕੀ ਹੈ। ਜਨਨੀ ਸ਼ਿਸ਼ੂ ਸੁਰੱਖਿਆ ਪ੍ਰੋਗਰਾਮ ਹੇਠ ਨਵ-ਜਨਮੇ ਬੱਚਿਆਂ ਤੇ ਇਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਗਰਭਵਤੀ ਔਰਤਾਂ ਨੂੰ ਮੁਕੰਮਲ ਤੌਰ ਤੇ ਮੁਫ਼ਤ ਸੇਵਾ ਉਪਲਬਧ ਕਰਵਾਈ ਜਾਂਦੀ ਹੈ। ਪਿਛਲੇ ਮਾਲੀ ਸਾਲ ਦੌਰਾਨ 23 ਲੱਖ ਗਰਭਵਤੀ ਔਰਤਾਂ ਤੇ ਇਕ ਲੱਖ ਤੋਂ ਵੱਧ ਬੱਚਿਆਂ ਨੂੰ ਇਸ ਦਾ ਫ਼ਾਇਦਾ ਮਿਲਿਆ। ਦੇਸ਼ ਵਿਚ ਸੰਸਥਾਗਤ ਜਣੇਪਿਆਂ ਦੀ ਗਿਣਤੀ ਵੀ ਪਹਿਲਾਂ ਨਾਲੋਂ ਕਾਫ਼ੀ ਵਧੀ ਹੈ ਤੇ ਜਨਨੀ ਸੁਰੱਖਿਆ ਯੋਜਨਾ ਹੇਠ ਲਾਭਪਾਤਰੀਆਂ ਦੀ ਗਿਣਤੀ ਇਕ ਕਰੋੜ 20 ਲੱਖ ਤਕ ਪਹੁੰਚ ਚੁੱਕੀ ਹੈ। ਸ਼ਹਿਰੀ ਖੇਤਰ ਦੇ ਗਰੀਬਾਂ ਤੇ ਹੋਰ ਲੋੜਵੰਦਾਂ ਲਈ ਰਾਸ਼ਟਰੀ ਸ਼ਹਿਰੀ ਸਿਹਤ ਮਿਸ਼ਨ ਵੀ ਲਾਗੂ ਕੀਤਾ ਗਿਆ ਹੈ।

## ਸਤਲੁਜ ਜਲ ਬਿਜਲੀ ਨਿਗਮ ਦੇ ਪਣ ਬਿਜਲੀ ਪ੍ਰਾਜੈਕਟ ਤੋਂ ਉਤਪਾਦਨ ਸ਼ੁਰੂ

ਪਣ ਬਿਜਲੀ ਉਤਪਾਦਨ ਵਿਚ ਭਾਰੀ ਸਫਲਤਾ ਦੇ ਬਾਅਦ ਸਤਲੁਜ ਜਲ ਬਿਜਲੀ ਨਿਗਮ ਲਿਮਟਿਡ ਨੇ ਮਹਾਰਾਸ਼ਟਰ ਦੇ ਅਹਿਮਦਨਗਰ ਜ਼ਿਲ੍ਹੇ ਵਿਚ 476 ਮੈਗਾਵਾਟ ਦੀ ਬੀਰਵੀਰੇਪਵਨ ਬਿਜਲੀ ਯੋਜਨਾ ਦੇ 15 ਪੌਣ ਊਰਜਾ ਟਰਬਾਈਨਾਂ ਨੂੰ ਸਫਲਤਾਪੂਰਵਕ ਸ਼ੁਰੂ ਕਰ ਦਿਤਾ ਹੈ। ਇਨ੍ਹਾਂ ਟਰਬਾਈਨਾਂ ਵਿਚੋਂ ਹਰੇਕ ਟਰਬਾਈਨ ਤੋਂ 850 ਕਿਲੋਵਾਟ ਊਰਜਾ ਉਤਪਾਦਨ ਹੋ ਸਕਦਾ ਹੈ। ਪ੍ਰਾਜੈਕਟ ਵਿਚ ਕੁੱਲ 56 ਟਰਬਾਈਨ ਇਕਾਈਆਂ ਹਨ ਜਿਨ੍ਹਾਂ ਤੋਂ ਸਾਲ ਵਿਚ 85.65 ਐੱਮ ਯੂ ਬਿਜਲੀ ਉਤਪਾਦਨ ਕੀਤਾ ਜਾ ਸਕੇਗਾ। ਹੁਣ ਤਕ ਚਾਲੂ ਕੀਤੀਆਂ ਗਈਆਂ 15 ਟਰਬਾਈਨ ਇਕਾਈਆਂ ਖੀਰਬੀਰੇ ਕੋਮਭਾਲਣੇ ਪਿੰਡ ਵਿਚ ਸਥਿਤ ਹਨ। ਇਸ ਪ੍ਰਾਜੈਕਟ ਨੂੰ 132 ਕੇ.ਵੀ. ਅਕੋਲੇ ਗ੍ਰਿਡ ਸਬ ਸਟੇਸ਼ਨ ਨਾਲ ਜੋੜਿਆ ਗਿਆ ਹੈ।

*– ਪੀ.ਆਈ.ਬੀ. ਜਲੰਧਰ*

# ਮਿਹਦੇ ਦਾ ਕੈਂਸਰ

ਡਾ. ਮਨਜੀਤ ਸਿੰਘ ਬੱਲ

ਮਿਹਦਾ, ਪਾਚਣ ਪ੍ਰਣਾਲੀ ਦਾ ਇਕ ਬਹੁਤ ਹੀ ਮਹੱਤਵਪੂਰਨ ਹਿੱਸਾ ਹੈ। ਇਹ ਅੰਗ ਸਾਰੇ ਜੀਵਾਂ ਵਿਚ ਹੁੰਦਾ ਹੈ। ਅਸੀਂ ਇਥੇ ਮਨੁੱਖੀ ਮਿਹਦੇ ਦੀ ਗੱਲ ਕਰਾਂਗੇ। ਪਾਚਣ-ਕਿਰਿਆ ਤਾਂ ਮੂੰਹ ਵਿਚ ਤਰਲ ਗ੍ਰੰਥੀਆਂ ਦੇ ਰਸਾਂ ਤੇ ਭੋਜਨ ਨੂੰ ਚਿੱਥਣ ਜਾਂ ਚਬਾਉਣ ਨਾਲ ਹੀ ਸ਼ੁਰੂ ਹੋ ਜਾਂਦੀ ਹੈ। ਮੂੰਹ ਤੇ ਗਲੇ ਤੋਂ ਬਾਅਦ ਭੋਜਨ-ਨਾਲੀ (ਇਸੋਫੇਗਸ) 'ਚੋਂ ਹੋ ਕੇ, ਖਾਧਾ-ਪੀਤਾ, ਪੇਟ ਜਾਂ ਮਿਹਦੇ ਵਿਚ ਪੁੱਜਦਾ ਹੈ। ਉਸ ਤੋਂ ਬਾਅਦ ਭੋਜਨ, ਛੋਟੀਆਂ ਤੇ ਵੱਡੀਆਂ ਅੰਤੜੀਆਂ ਵਿਚੋਂ ਦੀ ਗੁਜ਼ਰਦਾ ਹੈ।

**ਮਿਹਦਾ, ਅੰਦਰੋਂ ਖਾਲੀ ਤੇ ਇਕ ਖੁੱਲ੍ਹਾ ਅੰਗ ਹੈ ਜੋ ਪੇਟ ਵਿਚ ਖੱਬੇ ਪਾਸੇ ਪੱਸਲੀਆਂ ਦੇ ਕੋਲ ਹੁੰਦਾ ਹੈ। ਜਦ ਇਹ ਖਾਲੀ ਹੋ ਜਾਂਦਾ ਹੈ ਤਾਂ ਭੁੱਖ ਲੱਗ ਜਾਂਦੀ ਹੈ। ਜੋ ਕੁਝ ਵੀ ਮਿਹਦੇ ਵਿਚ ਪੁੱਜਦਾ ਹੈ, ਰੋਟੀ, ਦਾਲ, ਸਬਜ਼ੀ, ਦੁੱਧ, ਦਹੀਂ, ਪਨੀਰ, ਫਲ, ਹੋਰ ਭੋਜਨ ਤੱਤ, ਸਲਾਦ, ਦੇਸੀ ਘਿਓ, ਮੱਖਣ, ਮਗ਼ਜ਼, ਡਰਾਈ-ਫਰੂਟ, ਮਿਰਚ-ਮਸਾਲੇ, ਚਿਕਨ, ਮਟਨ, ਮੱਛੀ, ਦਵਾਈਆਂ, ਸ਼ਰਾਬ, ਨਸ਼ੇ ਆਦਿ ਸਭ ਨਾਲ ਨਜਿੱਠਣਾ ਪੈਂਦਾ ਹੈ। ਇਸੇ ਕਰਕੇ ਇਹ ਬੜਾ ਸਖਤ 'ਸੁਭਾਅ' ਦਾ ਹੁੰਦਾ ਹੈ।**

ਜੋ ਕੁਝ ਵੀ ਇਸ ਵਿਚ ਪੁੱਜਦਾ ਹੈ ਉਸ ਨੂੰ ਪਚਣ-ਯੋਗ ਬਣਾਉਣ ਲਈ ਕੁਦਰਤ ਵਲੋਂ ਇਸ ਨੂੰ ਹਰ ਇਕ ਸਹੂਲਤ ਮਿਲੀ ਹੋਈ ਹੈ, ਉਹ ਹੈ ਤੇਜ਼ਾਬ (ਹਾਇਡਰੋਕਲੋਰਿਕ ਏਸਿਡ) ਜੋ ਚੰਗੇ ਮਾੜੇ ਖਾਧੇ-ਪੀਤੇ ਨੂੰ ਮੁਢਲੇ ਪੜਾਅ 'ਤੇ ਹੀ ਪਚਣ-ਯੋਗ ਕਰਕੇ, ਅਗਾਂਹ ਅੰਤੜੀਆਂ ਵਿਚ ਭੇਜ ਦਿੰਦਾ ਹੈ।

ਮਿਹਦੇ ਨੂੰ ਤਿੰਨ ਮੁੱਖ ਹਿੱਸਿਆਂ ਵਿਚ ਵੰਡ ਸਕਦੇ ਹਾਂ :

- ਉੱਪਰਲਾ ਪਾਸਾ (ਕਾਰਡੀਆ ਤੇ ਫੰਡਸ)
- ਵਿਚਕਾਰਲਾ ਯਾਨਿ ਕਿ ਮੁੱਖ (ਬਾਡੀ)
- ਆਖ਼ਰੀ ਹਿੱਸਾ (ਪਾਇਲੋਰਿਕ ਐਂਟਰਮ)

ਕੈਂਸਰ, ਕਿਸੇ ਵੀ ਹਿੱਸੇ ਤੋਂ ਉਤਪੰਨ ਹੋ ਸਕਦਾ ਹੈ।

ਕਿਹੜੇ ਵਿਅਕਤੀਆਂ ਨੂੰ ਇਹ ਕੈਂਸਰ ਹੋਣ ਦਾ ਵਧੇਰੇ ਖ਼ਤਰਾ ਰਹਿੰਦਾ ਹੈ ?

''ਜਿਨ੍ਹਾਂ ਦੇ ਪਰਿਵਾਰ ਵਿਚ ਪਹਿਲਾਂ ਕਿਸੇ ਨੂੰ ਅਜਿਹਾ ਕੈਂਸਰ ਹੋਇਆ ਹੋਵੇ।

''ਜਿਨ੍ਹਾਂ ਦੇ ਮਿਹਦੇ ਵਿਚ 'ਹੈਲੀਕੋਬੈਕਟਰ ਪਾਇਲੋਰੀ" ਨਾਮਕ ਬੈਕਟੀਰੀਆ ਦੀ ਇਨਫੈਕਸ਼ਨ ਰਹਿੰਦੀ ਹੋਵੇ।

''ਜਿਨ੍ਹਾਂ ਦੇ ਮਿਹਦੇ ਵਿਚ ਦੋ ਸੈਂਟੀ ਮੀਟਰ ਤੋਂ ਵੱਡੀਆਂ ਰਸੌਲੀਆਂ ਹੋਣ।

''ਜਿਨ੍ਹਾਂ ਦੇ ਮਿਹਦੇ ਵਿਚ ਕਾਫੀ ਲੰਮੇ ਸਮੇਂ ਤੋਂ ਸੋਜ ਹੋਵੇ, ਜੋ ਸ਼ਰਾਬ, ਸਿਗਰਟ, ਮਿਰਚ ਮਸਾਲਿਆਂ, ਕਰਾਰੇ ਤੇ 'ਸਮੋਕਡ' ਭੋਜਨਾਂ ਦੇ ਸੇਵਨ ਨਾਲ।

''ਪਰਨੀਸ਼ੀਅਸ ਅਨੀਮੀਆ ਦੇ ਮਰੀਜ਼।

''ਸਿਗਰਟਨੋਸ਼ੀ ਅਤੇ ਮਨੋਰੋਗੀ।

''ਵਧੇਰੇ ਮਾਸ ਖਾਣ ਵਾਲੇ ਖ਼ਾਸ ਕਰਕੇ 'ਰੈੱਡ ਮੀਟ' (ਬੱਕਰਾ, ਭੇਡੂ, ਗਾਂ, ਸੂਰ ਆਦਿ)।

''ਫਲ ਤੇ ਸਲਾਦ ਘੱਟ ਖਾਣ ਵਾਲੇ।

''ਉੱਲੀਆਂ ਖ਼ਾਸ ਕਰਕੇ ਐਫਲਾਟੌਕਸਿਨ ਵਾਲੇ ਭੋਜਨ ਖਾਣ ਵਾਲੇ।

''ਡੱਬਾ-ਬੰਦ ਖਾਣੇ ਤੇ ਆਚਾਰ।

''ਰੋਜ਼ ਅਤੇ ਜ਼ਿਆਦਾ ਮਾਤਰਾ ਵਿਚ ਚੌਲਾਂ ਦਾ ਸੇਵਨ।

ਭਾਰਤ ਵਿਚ ਦੱਖਣੀ ਤੇ ਪੂਰਬੀ ਰਾਜਾਂ ਅਤੇ ਕਸ਼ਮੀਰ ਘਾਟੀ ਵਿਚ ਮਿਹਦੇ ਦੇ ਕੈਂਸਰ ਦੇ ਬਹੁਤ ਮਾਮਲੇ ਹਨ। ਵਿਸ਼ਵ ਪੱਧਰ 'ਤੇ ਇਸ ਕੈਂਸਰ ਦੇ ਮਾਮਲੇ ਜਪਾਨ, ਚਿੱਲੀ ਤੇ ਆਇਰਲੈਂਡ ਵਿਚ ਵਧੇਰੇ ਹੁੰਦੇ ਹਨ।

## ਮਿਹਦੇ ਦੇ ਕੈਂਸਰ ਦਾ ਕਿਵੇਂ ਪਤਾ ਲੱਗੇ?

ਸ਼ੁਰੂ-ਸ਼ੁਰੂ ਵਿਚ ਇਸ ਕੈਂਸਰ ਦੇ ਕੋਈ ਖ਼ਾਸ ਲੱਛਣ ਨਹੀਂ ਹੁੰਦੇ। ਇਸੇ ਕਰਕੇ ਮਰੀਜ਼, ਡਾਕਟਰ ਕੋਲ ਦੇਰ ਬਾਅਦ ਜਾਂਦਾ ਹੈ, ਕਈ ਮਾਮਲਿਆਂ ਵਿਚ ਤਾਂ ਇਸ ਦੀਆਂ ਜੜ੍ਹਾਂ ਵੀ ਫੈਲ ਚੁੱਕੀਆਂ ਹੁੰਦੀਆਂ ਹਨ।

## ਇਸ ਕੈਂਸਰ ਦੇ ਲੱਛਣ

ਇਹ ਲੱਛਣ ਭਾਵੇਂ ਬਿਲਕੁਲ ਪੱਕੇ ਨਹੀਂ ਹੁੰਦੇ ਫਿਰ ਵੀ ਬਦ-ਹਜ਼ਮੀ, ਤੇਜ਼ਾਬੀ-ਪਣ, ਜੀਅ ਕੱਚਾ ਹੋਣਾ, ਕਦੀ-ਕਦੀ ਉਲਟੀ ਆਉਣਾ, ਪੇਟ ਭਰਿਆ-ਭਰਿਆ ਜਾਂ ਫੁੱਲਿਆ ਹੋਇਆ ਮਹਿਸੂਸ ਹੋਣਾ, ਖ਼ੂਨ ਦੀ ਉਲਟੀ ਜਾਂ ਉਲਟੀ ਵਿਚ ਭੋਜਣ-ਕਣਾਂ ਨਾਲ ਖ਼ੂਨ ਦੇ ਗਲ੍ਹੇਫੇ ਨਿਕਲਣੇ, ਛਾਤੀ ਧੁਖਣੀ ਜਾਂ ਸਾੜ ਪੈਣਾ, ਖਾਣਾ ਲੰਘਾਉਣ ਵਿਚ ਸਮੱਸਿਆ, ਭੁੱਖ ਦਾ ਘਟਣਾ ਖ਼ਾਸ ਕਰਕੇ ਮੀਟ ਵਾਸਤੇ, ਭਾਰ ਦਾ ਘਟਣਾ, ਕਮਜ਼ੋਰੀ, ਸਾਹ ਚੜ੍ਹਨਾ, ਥਕਾਵਟ, ਇਹੀ ਮਹਿਸੂਸ ਹੁੰਦਾ ਰਹਿਣਾ ਕਿ ਮੈਂ ਬੀਮਾਰ ਹਾਂ ਆਦਿ। ਕਈ ਵਾਰ ਤਾਂ ਇਹ ਲੱਛਣ ਅਲਸਰ, ਇਨਫੈਕਸ਼ਨ, ਤੇਜ਼ਾਬੀਪਨ ਦੇ ਹੁੰਦੇ ਹਨ ਪਰ ਕੈਂਸਰ ਵੀ ਇਸੇ ਤਰ੍ਹਾਂ ਦੀਆਂ ਅਲਾਮਤਾਂ ਪੈਦਾ ਕਰਦੇ ਹਨ।

ਜੇ ਤੁਹਾਨੂੰ ਸ਼ੱਕ ਪੈਂਦਾ ਹੈ ਕਿ ਮਿਹਦੇ ਦਾ ਕੈਂਸਰ ਹੋ ਸਕਦਾ ਹੈ ਤਾਂ ਜ਼ਰੂਰ ਡਾਕਟਰ ਕੋਲ ਜਾਓ। ਉਹ ਮੁਆਇਨਾ ਕਰਕੇ ਦੱਸੇਗਾ ਕਿ ਤੁਹਾਨੂੰ ਜੋ ਅਲਾਮਤਾਂ ਹਨ ਉਹ ਕੈਂਸਰ ਕਰਕੇ ਹਨ ਜਾਂ ਕੋਈ ਹੋਰ ਗੱਲ ਹੈ। ਉਹ, ਤੁਹਾਡੇ ਪਰਿਵਾਰ ਵਿਚ ਅਜਿਹੀ ਸਿਹਤ ਸਮੱਸਿਆ ਬਾਰੇ ਅਤੇ ਕੁਝ ਹੋਰ ਤੁਹਾਡੇ ਨਿੱਜੀ ਸਵਾਲ ਪੁੱਛੇਗਾ, ਜਾਂ ਲੈਬਾਰਟਰੀ ਤੋਂ ਖ਼ੂਨ ਜਾਂ ਹੋਰ ਕੁਝ ਜਾਂਚ ਕਰਵਾਉਣ ਬਾਰੇ ਕਹੇਗਾ, ਜਾਂ ਤੁਹਾਨੂੰ ਸਪੈਸ਼ਲਿਸਟ ਡਾਕਟਰ ਕੋਲ ਭੇਜ ਦਿਤਾ ਜਾਵੇਗਾ, ਇਹ ਡਾਕਟਰ ਪਾਚਣ ਪ੍ਰਣਾਲੀ ਦੀਆਂ ਬੀਮਾਰੀਆਂ ਦੇ ਮਾਹਿਰ ਹੁੰਦੇ ਹਨ।


***ਮੁਆਇਨਾ :*** ਲਿਟਾ ਕੇ ਪੇਟ ਦਾ ਮੁਆਇਨਾ, ਨੱਪਿਆਂ ਕੋਈ ਦਰਦ, ਕਿਸੇ ਤਰ੍ਹਾਂ ਦੀ ਸੋਜ, ਜਾਂ ਪੇਟ ਵਿਚ ਪਾਣੀ, ਜਾਂ ਧੌਣ ਵਿਚ ਕਿਸੇ ਤਰ੍ਹਾਂ ਦੀਆਂ ਗਿਲ੍ਹਟੀਆਂ ਆਦਿ ਚੈੱਕ ਕੀਤੇ ਜਾਂਦੇ ਹਨ।

***ਐਂਡੋਸਕੋਪੀ :*** ਇਕ ਪਤਲੀ ਜਿਹੀ ਟਿਊਬ ਜਿਸ ਦੇ ਅਗਲੇ ਪਾਸੇ ਬਲਬ ਲੱਗਾ ਹੁੰਦਾ ਹੈ, ਮੂੰਹ ਰਾਹੀਂ ਅੰਦਰ ਭੇਜ ਕੇ ਮਿਹਦੇ ਦਾ ਅੰਦਰਲਾ ਹਿੱਸਾ ਵੇਖਿਆ ਜਾਂਦਾ ਹੈ। ਟਿਊਬ ਪਾਉਣ ਤੋਂ ਪਹਿਲਾਂ, ਦਵਾਈ ਦੀ ਇਕ ਸਪਰੇਅ ਨਾਲ ਗਲ਼ੇ ਨੂੰ ਸੁੰਨ ਕਰ ਲਿਆ ਜਾਂਦਾ ਹੈ। ਕਈ ਵਾਰ ਰੋਗੀ ਦੀ ਫਿਕਰਮੰਦੀ ਦੂਰ ਕਰਨ ਲਈ ਕੋਈ ਗੋਲ਼ੀ ਜਾਂ ਕੈਪਸੂਲ ਵੀ ਖਵਾਇਆ ਜਾਂਦਾ ਹੈ।

***ਬਾਇਓਪਸੀ :*** ਐਂਡੋਸਕੋਪੀ ਵਿਚ ਬਲਬ ਦੇ ਕੋਲ ਹੀ ਦੰਦਾਂ ਵਾਲੀ ਚਿਮਟੀ ਲੱਗੀ ਹੁੰਦੀ ਹੈ ਜਿਸ ਨਾਲ ਸ਼ੱਕੀ ਜਗਾਹ ਤੋਂ ਮਾਸ ਦਾ ਛੋਟਾ ਜਿਹਾ ਟੁਕੜਾ ਲੈ ਲਿਆ ਜਾਂਦਾ ਹੈ ਜਿਸ ਦੀ ਖ਼ੁਰਦਬੀਨੀ ਜਾਂਚ ਪੈਥਾਲੋਜਿਸਟ ਕਰਦੇ ਹਨ। ਕੈਂਸਰ ਹੋਣ ਜਾਂ ਨਾ ਹੋਣ ਬਾਰੇ ਜਾਂਚ ਦਾ ਇਹੀ ਇਕ ਪੱਕਾ ਤਰੀਕਾ ਹੈ।

## ਮਿਹਦੇ ਦਾ ਕੈਂਸਰ ਔਰਤਾਂ ਦੇ ਮੁਕਾਬਲੇ ਮਰਦਾਂ ਵਿਚ ਵਧੇਰੇ ਕਿਉਂ ਹੁੰਦਾ ਹੈ?

ਮਰਦਾਂ ਵਿਚ ਜਿਗਰ, ਵੱਡੀ ਅੰਤੜੀ ਤੇ ਮਿਹਦੇ ਦੇ ਕੈਂਸਰ ਵਧੇਰੇ ਹੁੰਦੇ ਹਨ। ਮੈਸਾਚਿਊਟਸ ਇਨਸਟੀਚਿਊਟ ਆਫ਼ ਟੈਕਨੋਲੋਜੀ ਦੇ ਖੋਜਕਾਰਾਂ ਨੇ ਚੂਹਿਆਂ 'ਤੇ ਕੀਤੀਆਂ ਆਪਣੀਆਂ ਖੋਜਾਂ ਰਾਹੀਂ ਸਿੱਧ ਕੀਤਾ ਹੈ ਕਿ ਔਰਤਾਂ ਦਾ ਹਾਰਮੋਨ (ਈਸਟਰੋਜਨ), ਇਸ ਕੈਂਸਰ ਤੋਂ ਬਚਾਅ ਕਰਦਾ ਹੈ ਖ਼ਾਸ ਕਰਕੇ 'ਹੈਲੀਕੋਬੈਕਟਰ ਪਾਇਲੋਰਾਈ' ਬੈਕਟੀਰੀਆ ਦੀ ਇਨਫੈਕਸ਼ਨ ਵਾਲੇ ਮਾਮਲਿਆਂ ਵਿਚ। ਪਰ ਇਸ ਦਾ ਮਤਲਬ ਇਹ ਨਹੀਂ ਕਿ ਔਰਤਾਂ ਵਿਚ ਇਹ ਰੋਗ ਹੁੰਦਾ ਹੀ ਨਹੀਂ, ਮੈਨੋਪਾਜ਼ ਤੋਂ ਬਾਅਦ ਜਦ ਮਾਦਾ ਹਾਰਮੋਨਾਂ (ਈਸਟਰੋਜਨ) ਦੀ ਪੈਦਾਵਾਰ ਘਟ ਜਾਂਦੀ ਹੈ ਤਾਂ ਔਰਤਾਂ ਵਿਚ ਇਹ ਕੈਂਸਰ ਉਤਪੰਨ ਹੋ ਸਕਦਾ ਹੈ। ਜਦ ਮੈਂ ਇਹ ਲੇਖ ਲਿਖ ਰਿਹਾ ਹਾਂ ਇਸ ਦੇ ਦੌਰਾਨ, ਅੱਜ ਹੀ ਮੇਰੇ ਕੋਲ ਇਕ ਕੇਸ




ਆਇਆ ਹੈ ਜਿਸ ਦਾ, ਓਪਰੇਸ਼ਨ ਰਾਹੀਂ ਮਿਹਦਾ ਕੱਢਿਆ ਗਿਆ ਸੀ। 48 ਸਾਲਾ ਇਸ ਬੀਬੀ ਦੇ ਮਿਹਦੇ ਦੀ ਵਿਸਤ੍ਰਿਤ ਖ਼ੁਰਦਬੀਨੀ ਜਾਂਚ ਤੋਂ ਬਾਅਦ ਇਸ ਦੇ ਕੈਂਸਰ ਦੀ ਸਿਮ ਤੇ ਗ੍ਰੇਡ ਬਾਰੇ ਰਿਪੋਰਟ ਦਿਤੀ ਗਈ ਹੈ। ਜਿਨ੍ਹਾਂ ਔਰਤਾਂ ਦਾ ਮੈਨੋਪਾਜ਼ ਦੇਰੀ ਨਾਲ ਹੁੰਦਾ ਹੈ, ਉਨ੍ਹਾਂ ਨੂੰ ਵੀ ਇਸ ਕੈਂਸਰ ਦਾ ਖ਼ਤਰਾ ਘੱਟ ਹੁੰਦਾ ਹੈ।

***ਇਲਾਜ :*** ਇਸ ਕੈਂਸਰ ਦਾ ਮੁਢਲੇ ਪੜਾਅ 'ਤੇ, ਥੋੜ੍ਹੇ ਮਾਮਲਿਆਂ ਵਿਚ ਹੀ ਪਤਾ ਲਗਦਾ ਹੈ ਪਰ ਅਜਿਹੇ ਮਰੀਜ਼ਾਂ ਵਿਚ ਕਾਫੀ ਹੱਦ ਤਕ ਇਲਾਜ ਸੰਭਵ ਹੁੰਦਾ ਹੈ। ਜਿਵੇਂ ਕਿਸੇ ਵੀ ਹੋਰ ਅੰਗ ਦੇ ਕੈਂਸਰ ਵਿਚ ਕੀਤਾ ਜਾਂਦਾ ਹੈ ਉਵੇਂ ਹੀ ਟਿਊਮਰ ਦੀ ਪੁਜ਼ੀਸ਼ਨ, ਉਹਦਾ ਫੈਲਾਅ, ਪੜਾਅ, ਤੇ ਵਿਅਕਤੀ ਦੀ ਆਮ ਸਿਹਤ ਨੂੰ ਮੱਦੇ-ਨਜ਼ਰ ਰੱਖ ਕੇ ਇਲਾਜ ਵਜੋਂ ਸਰਜਰੀ ਜਾਂ ਹੋਰ ਵਿਧੀਆਂ ਨਾਲ ਇਲਾਜ ਕੀਤਾ ਜਾਂਦਾ ਹੈ। ਟਿਊਮਰ ਦੀ ਪੁਜ਼ੀਸ਼ਨ, ਫੈਲਾਅ ਤੇ ਸਟੇਜ ਦੇ ਅਨੁਸਾਰ ਥੋੜ੍ਹੇ ਹਿੱਸੇ, ਅੱਧੇ ਮਿਹਦੇ ਜਾਂ ਪੂਰੇ ਮਿਹਦੇ ਨੂੰ ਸਰਜਰੀ ਰਾਹੀਂ ਕੱਢ ਦਿਤਾ ਜਾਂਦਾ ਹੈ। ਜੇ ਇਹ ਕੈਂਸਰ, ਆਲੇ-ਦੁਆਲੇ ਦੇ ਅੰਗਾਂ ਜਿਵੇਂ ਭੋਜਨ-ਨਾਲੀ, ਤਿੱਲੀ, ਛੋਟੀ ਅੰਤੜੀ, ਲਬਲਬਾ ਜਾਂ ਅੰਡਕੋਸ਼ (ਔਰਤਾਂ ਵਿਚ ) ਵਿਚ ਫੈਲ ਚੁੱਕਾ ਹੋਵੇ ਤਾਂ ਪੂਰੇ ਮਿਹਦੇ ਦੇ ਨਾਲ-ਨਾਲ ਇਹ ਵੀ ਕੱਢਣੇ ਪੈਂਦੇ ਹਨ। ਤੇ ਜੇ ਇਹ, ਜਿਗਰ, ਫੇਫੜਿਆਂ, ਹੱਡੀਆਂ ਆਦਿ ਵਿਚ ਫੈਲ ਚੁੱਕਾ ਹੋਵੇ ਤਾਂ "ਪੈਲੀਏਟਿਵ ਸਰਜਰੀ" (ਥੋੜ੍ਹੀ ਰਾਹਤ ਦੇਣ ਲਈ ਕੁਝ ਹਿੱਸਾ ਕੱਢਣਾ) ਹੀ ਕੀਤੀ ਜਾਂਦੀ ਹੈ। ਰੋਗ ਦੇ ਪੂਰੇ ਅਧਿਐਨ ਤੋਂ ਬਾਅਦ ਕੀਮੋਥੈਰੇਪੀ ਤੇ ਜਾਂ ਰੇਡੀਏਸ਼ਨ ਨਾਲ ਵੀ ਜ਼ਰੂਰਤ ਅਨੁਸਾਰ ਇਲਾਜ ਕੀਤਾ ਜਾਂਦਾ ਹੈ।

***ਬਾਇਆਲੌਜੀਕਲ ਥੈਰੇਪੀ :*** ਮਿਹਦੇ ਦੇ ਕੈਂਸਰ ਵਾਸਤੇ ਇਹ ਥੈਰੇਪੀ ਅਜੇ ਟਰਾਇਲ ਵਾਲੀ ਸਟੇਜ 'ਤੇ ਹੀ ਹੈ। ਕੀਮੋਥੈਰੇਪੀ ਸਿੱਧੀ ਕੈਂਸਰ ਦੇ ਸੈੱਲਾਂ ਨੂੰ ਖ਼ਤਮ ਕਰਦੀ ਹੈ ਪਰ ਬਾਇਆਲੋਜੀਕਲ ਥੈਰੇਪੀ ਇਮਿਊਨ ਸਿਸਟਮ ਰਾਹੀਂ ਆਪਣਾ ਅਸਰ ਵਿਖਾਉਂਦੀ ਹੈ। ਇਸ ਦੇ ਆਪਣੇ ਕੁਝ ਸਾਇਡ ਅਫੈਕਟ ਹੁੰਦੇ ਹਨ।

## ਕਿਹੜੇ ਭੋਜਨ ਬਚਾਅ ਕਰਦੇ ਹਨ?

ਹਰੀਆਂ ਸਬਜ਼ੀਆਂ, ਖ਼ਾਸ ਕਰਕੇ ਗੋਭੀ ਜਾਤੀ ਦੀਆਂ, ਅਦਰਕ, ਲਸਣ, ਗੰਢਾ, ਸੋਇਆਬੀਨ, ਫਲ, ਆਦਿ।

## ਕਿਹੜੀਆਂ ਵਸਤਾਂ ਤੋਂ ਬਚਣਾ ਚਾਹੀਦਾ ਹੈ?

***ਸਿਗਰਟਨੋਸ਼ੀ, ਸ਼ਰਾਬ, ਹੋਰ ਨਸ਼ੇ ਵਾਲੀਆਂ ਜਾਂ ਜ਼ਹਿਰੀਲੀਆਂ ਚੀਜ਼ਾਂ, ਤੇਜ਼ ਤੇ ਕਰਾਰੇ ਮਿਰਚ ਮਸਾਲੇ, ਵਧੇਰੇ ਥਿੰਦੇ ਜਾਂ ਚਰਬੀ ਵਾਲੇ ਖਾਣੇ, ਲੋੜ ਤੋਂ ਵੱਧ ਖਾਣਾ। ਵਿਆਹਾਂ ਜਾਂ ਪਾਰਟੀਆਂ ਵਿਚ ਭਾਵੇਂ ਖੁੱਲ੍ਹਾ ਤੇ ਵਾਧੂ ਭੋਜਨ ਮਿਲਦਾ ਹੋਵੇ ਪਰ ਇਹ ਸਮਝ ਕਿ ਖਾਓ ਕਿ ਪੇਟ ਤਾਂ ਆਪਣਾ ਹੀ ਹੈ।***

*(ਲੇਖਕ ਪ੍ਰੋਫੈਸਰ ਤੇ ਮੁਖੀ ਪੈਥਾਲੋਜੀ ਵਿਭਾਗ, ਸਰਕਾਰੀ ਮੈਡੀਕਲ ਕਾਲਜ ਤੇ ਰਾਜਿੰਦਰਾ ਹਸਪਤਾਲ, ਪਟਿਆਲਾ ਹੈ।)*

*e-mail :balmanjit1953@yahoo.co.in*

# ਪੁਸਤਕ ਪੜਚੋਲ

**ਪੁਸਤਕ : ਜੀਵਨ ਸੰਗਰਾਮ**
**ਬਾਬਾ ਸੋਹਣ ਸਿੰਘ ਭਕਨਾ**
**ਲੇਖਕ-ਸੰਪਾਦਕ : ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਤੇ ਸੀਤਾ ਰਾਮ ਬਾਂਸਲ**
**ਪ੍ਰਕਾਸ਼ਕ : ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**
**ਪੰਨੇ :112, ਮੁੱਲ : 70 ਰੁਪਏ**

ਹਥਲੀ ਪੁਸਤਕ ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੀ ਆਤਮ ਕਥਾ ਹੈ ਜਿਸ ਦੀ ਸੰਪਾਦਨਾ ਮਲਵਿੰਦਰ ਜੀਤ ਸਿੰਘ ਵੜੈਚ ਅਤੇ ਸਹਿ ਸੰਪਦਨਾ ਸੀਤਾ ਰਾਮ ਬਾਂਸਲ ਵੱਲੋਂ ਕੀਤੀ ਗਈ ਹੈ। ਦੇਸ਼ ਭਗਤਾਂ, ਸੂਰਬੀਰਾਂ ਅਤੇ ਅਣਖੀ ਯੋਧਿਆਂ ਦੀਆਂ ਜੀਵਨੀਆਂ ਅੱਜ ਦੀ ਪੀੜ੍ਹੀ ਅਤੇ ਆਉਣ ਵਾਲੀ ਪੀੜ੍ਹੀ ਲਈ ਸਦਾ ਹੀ ਚਾਨਣ ਮੁਨਾਰਾ ਹੋਇਆ ਕਰਦੀਆਂ ਹਨ। ਅਜੋਕੀ ਪੀੜ੍ਹੀ ਨੂੰ ਆਪਣੇ ਸੂਰਬੀਰ ਦੇਸ਼ ਭਗਤਾਂ ਦੇ ਇਤਿਹਾਸ ਤੋਂ ਜਾਣੂ ਕਰਾਉਣ ਅਤੇ ਅਤੀਤ ਦੇ ਸੂਰਬੀਰਤਾ ਭਰਪੂਰ ਸਮੇਂ ਨਾਲ ਜੋੜਨ ਲਈ ਆਤਮਕਥਾਵਾਂ ਵੱਡਾ ਪ੍ਰੇਰਨਾ ਸਰੋਤ ਹੁੰਦੀਆਂ ਹਨ। ਇਸੇ ਮਨੋਰਥ ਨੂੰ ਮੁੱਖ ਰੱਖ ਕੇ ਸੰਪਾਦਕ ਅਤੇ ਸਹਿ-ਸੰਪਾਦਕ ਨੇ ਬਾਬਾ ਸੋਹਣ ਸਿੰਘ ਭਕਨਾ ਦੇ ਜੀਵਨ ਸੰਗਰਾਮ ਨੂੰ ਸ਼ਬਦੀ ਜਾਮਾ ਪਹਿਨਾ ਕੇ ਪੁਸਤਕ ਦੀ ਸਿਰਜਣਾ ਕੀਤੀ ਹੈ।

ਪੁਸਤਕ ਵਿਚ ਬਾਬਾ ਸੋਹਣ ਸਿੰਘ ਭਕਨਾ ਦੇ ਬਚਪਨ ਤੋਂ ਲੈ ਕੇ ਸਮੁੱਚੇ ਜੀਵਨ ਦੌਰਾਨ ਘਟੀਆ ਘਟਨਾਵਾਂ ਨੂੰ ਸੁਚੱਜੇ ਢੰਗ ਨਾਲ ਕਲਮਬੰਦ ਕੀਤਾ ਗਿਆ ਹੈ। ਸਾਲ ਵਾਰ ਉਲੀਕਿਆ ਗਿਆ ਹੈ ਕਿ ਕਦੋਂ ਬਾਬਾ ਜੀ ਨੇ ਕਿਹੜਾ ਸੰਘਰਸ਼ ਵਿੱਢਿਆ ਅਤੇ ਕਿਵੇਂ ਕਾਮਯਾਬੀ ਹਾਸਲ ਕੀਤੀ। ਬਾਬਾ ਜੀ ਦੇ ਬਚਪਨ ਤੋਂ ਆਰੰਭ ਕਰਕੇ ਉਨ੍ਹਾਂ ਦੇ ਜੀਵਨ ਦੇ ਹਰ ਪਹਿਲੂ ਉਤੇ ਝਾਤ ਪੁਆਈ ਗਈ ਹੈ। ਉਨ੍ਹਾਂ ਦੇ ਸਮਾਜਿਕ, ਰਾਜਨੀਤਕ ਅਤੇ ਦੇਸ਼ ਭਗਤੀ ਵਾਲੇ ਜੀਵਨ 'ਤੇ ਭਰਪੂਰ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ।

ਪੁਸਤਕ 'ਜੀਵਨ ਸੰਗਰਾਮ ਬਾਬਾ ਸੋਹਣ ਸਿੰਘ ਭਕਨਾ' ਵਿਚ ਜਿਥੇ ਪਹਿਲੀ ਵਿਸ਼ਵ ਜੰਗ ਵੇਲੇ ਛਿੜੀ ਇਨਕਲਾਬੀ ਲਹਿਰ ਬਾਰੇ ਜਾਣਕਾਰੀ ਦਿਤੀ ਗਈ ਹੈ, ਉਥੇ ਬਾਬਾ ਜੀ ਨੂੰ ਦਰਪੇਸ਼ ਮੁਸ਼ਕਲਾਂ ਨੂੰ ਵੀ ਬੜੀ ਸ਼ਿੱਦਤ ਨਾਲ ਉਲੀਕਿਆ ਗਿਆ ਹੈ। ਪੁਸਤਕ ਅਜੋਕੇ ਨੌਜਵਾਨ ਵਰਗ ਲਈ ਇਕ ਚੁਨੌਤੀ ਹੈ। ਉਨ੍ਹਾਂ ਨੂੰ ਆਪਣੀ ਜ਼ਮੀਰ ਦੀ ਆਵਾਜ਼ ਸੁਣਨ ਅਤੇ ਆਪਣੇ ਦੇਸ਼ ਲਈ ਕੁਝ ਕਰ ਗੁਜ਼ਰਨ ਲਈ ਵੰਗਾਰਦੀ ਹੈ। ਇਹ ਸਿੱਖਿਆ ਦਿੰਦੀ ਹੈ ਕਿ ਬਾਬਾ ਸੋਹਣ ਸਿੰਘ ਭਕਨਾ ਦੀ ਤਰ੍ਹਾਂ ਜੁਝਾਰੂ ਬਣ ਕੇ ਦੇਸ਼ ਲਈ ਕੁਰਬਾਨ ਹੋਵੇ।

ਪੁਸਤਕ ਦੀ ਪ੍ਰਕਾਸ਼ਨਾ ਲਈ ਸੰਪਾਦਕਾਂ ਨੇ ਬਾਬਾ ਜੀ ਦੇ ਅਨਮੋਲ ਵਿਚਾਰਾਂ ਨੂੰ ਕੁਝ ਲੋਕਾਂ ਦੀ ਰਹਿਨੁਮਾਈ ਕਰਨ ਲਈ ਸਾਂਝੇ ਯਤਨ ਜੁਟਾਏ ਹਨ। ਇਹ ਪੁਸਤਕ ਇਸ ਗੱਲ ਲਈ ਪ੍ਰੇਰਦੀ ਹੈ ਕਿ ਜਿਵੇਂ ਬਾਬਾ ਜੀ ਨੂੰ ਆਪਣੇ ਜੀਵਨ ਦੇ ਕਈ ਇਮਤਿਹਾਨਾਂ ਵਿਚੋਂ ਗੁਜ਼ਰਨਾ ਪਿਆ, ਇਵੇਂ ਹੀ ਆਮ ਮਨੁੱਖ ਨੂੰ ਆਪਣੇ ਦ੍ਰਿੜ੍ਹ ਅਕੀਦੇ ਨਾਲ ਆਪਣੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ। ਪੁਸਤਕ ਵਿਚ ਛੋਟੇ-ਛੋਟੇ ਸਿਰਲੇਖ ਦੇ ਕੇ ਬਾਬਾ ਜੀ ਦੇ ਜੀਵਨ 'ਤੇ ਸਫਲ ਝਾਤ ਪੁਆਈ ਗਈ ਹੈ। ਵਾਕ ਰਚਨਾ ਵਿਚ ਸੰਖੇਪਤਾ ਅਤੇ ਸੰਜਮਤਾ ਦਾ ਪੂਰਾ ਧਿਆਨ ਰੱਖਿਆ ਗਿਆ ਹੈ।

ਸੰਪਾਦਕਾਂ ਨੇ ਪੁਸਤਕ 'ਜੀਵਨ ਸੰਗਰਾਮ ਬਾਬਾ ਸੋਹਣ ਸਿੰਘ ਭਕਨਾ' ਵਿਚ ਬਾਬਾ ਜੀ ਦੇ ਤਿਆਗੀ ਜੀਵਨ 'ਤੇ ਭਰਪੂਰ ਰੋਸ਼ਨੀ ਪਾਈ ਹੈ। ਪੁਸਤਕ ਸਭ ਵਰਗਾਂ ਲਈ ਲਾਹੇਵੰਦ ਸਿੱਧ ਹੋਵੇਗੀ। ਰੌਚਿਕਤਾ ਨੂੰ ਕਾਇਮ ਰੱਖਣ ਲਈ ਵਾਰਤਾਲਾਪ ਵਿਚ ਚੁਸਤੀ ਅਤੇ ਯਥਾਰਥਕਤਾ ਭਰੀ ਗਈ ਹੈ। ਪੁਸਤਕ ਦੀ ਅਜੋਕੇ ਸਮੇਂ ਵਿਚ ਬਹੁਤ ਲੋੜ ਹੈ, ਕਿਉਂਕਿ ਇਹ ਪੁਸਤਕ ਜਿਥੇ ਮਾਰਗ ਦਰਸ਼ਨ ਕਰੇਗੀ, ਉਥੇ ਨਾਲ ਹੀ ਬਾਬਾ ਸੋਹਣ ਸਿੰਘ ਭਕਨਾ ਦੀ ਦੇਸ਼ ਭਗਤੀ ਦੀ ਭਾਵਨਾ ਤੋਂ ਜਾਣੂ ਕਰਾਏਗੀ। ਅਜਿਹੀ ਪੁਸਤਕ ਪੜ੍ਹ ਕੇ ਖ਼ੁਦ-ਬ-ਖ਼ੁਦ ਨਤਮਸਤਕ ਹੋਣ ਨੂੰ ਮਨ ਲੋਚਦਾ ਹੈ। ਸੰਪਾਦਕ ਪ੍ਰਸ਼ੰਸਾ ਦੇ ਹੱਕਦਾਰ ਹਨ।

***– ਬਲਵਿੰਦਰ ਕੌਰ***

**ਪੁਸਤਕ : ਸੂਫ਼ੀਮਤ ਅਤੇ ਰੂਹਾਨੀਅਤ**
**ਲੇਖਕ : ਪ੍ਰੋ. ਗੁਰਚਰਨ ਸਿੰਘ ਤਲਵਾੜਾ**
**ਪੰਨੇ : 272, ਮੁੱਲ : 350 ਰੁਪਏ**
**ਪ੍ਰਕਾਸ਼ਕ : ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ**

ਪੰਜਾਬੀ ਸੂਫ਼ੀ ਕਾਵਿ ਆਲੋਚਨਾ ਦੇ ਖੇਤਰ ਵਿਚ ਪ੍ਰੋਫ਼ੈਸਰ ਗੁਰਚਰਨ ਸਿੰਘ ਤਲਵਾੜਾ ਦਾ ਵਿਸ਼ੇਸ਼ ਸਥਾਨ ਹੈ। ਇਸ ਤੋਂ ਪਹਿਲਾਂ ਇਸ ਵਿਸ਼ੇ ਉੱਤੇ ਉਸ ਦੀਆਂ ਤਿੰਨ ਹੋਰ ਪੁਸਤਕਾਂ *ਸੂਫ਼ੀਮਤ : ਵਿਚਾਰਧਾਰਾ, ਵਿਕਾਸ ਅਤੇ ਸਿਲਸਿਲੇ; ਇਸਲਾਮ ਅਤੇ ਸੂਫ਼ੀਮਤ : ਸਿਧਾਂਤ, ਇਤਿਹਾਸ* ਅਤੇ ਬੁਨਿਆਦੀ ਸੰਕਲਪ ਅਤੇ ਤੀਸਰੀ ਪ੍ਰਮੁੱਖ *ਪੰਜਾਬੀ ਸੂਫ਼ੀ ਕਵੀ : ਜੀਵਨ ਅਤੇ ਚਿੰਤਨ* ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸਲਾਮ, ਸੂਫ਼ੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ ਨਾਲ ਸੰਬੰਧਿਤ ਇਨ੍ਹਾਂ ਪੁਸਤਕਾਂ ਨੂੰ ਪੰਜਾਬੀ ਸਾਹਿਤ ਦੀ ਜ਼ਿਕਰਯੋਗ ਪ੍ਰਾਪਤੀ ਕਿਹਾ ਜਾ ਸਕਦਾ ਹੈ।

ਸੂਫ਼ੀਵਾਦ ਇਸਲਾਮੀ ਚਿੰਤਨ ਦੇ ਤਹਿਤ ਇਕ ਇਲਮੀ, ਰੂਹਾਨੀ ਅਤੇ ਅਮਲੀ ਜੀਵਨ ਜਾਚ ਹੈ। ਲੇਖਕ ਅਨੁਸਾਰ, "ਇਸਲਾਮੀ ਰਹੱਸਵਾਦ ਨੂੰ ਤਸੱਵੁਫ਼, ਸੂਫ਼ੀਵਾਦ ਜਾਂ ਸੂਫ਼ੀਮਤ ਕਿਹਾ ਜਾਂਦਾ ਹੈ। ਇਹ ਇਸਲਾਮ ਵਿਚੋਂ ਹੀ ਉਪਜੀ ਇਕ ਵਿਚਾਰਧਾਰਾ ਹੈ। ...ਇਹ ਇਕ ਅਮਲੀ ਸਾਧਨਾ ਪੱਧਤੀ ਹੈ ਜਿਸ ਦਾ ਸੰਬੰਧ ਰੂਹਾਨੀਅਤ ਨਾਲ ਹੈ। ਇਹ ਰੂਹਾਨੀਅਤ ਜੀਵਨ ਜਾਚ, ਕਿਤਾਬੀ ਗਿਆਨ ਤਕ ਹੀ ਸੀਮਤ ਨਹੀਂ ਸਗੋਂ ਸਾਧਨਾ ਦਾ ਅਜਿਹਾ ਸਾਗਰ ਹੈ ਜਿਸ ਵਿਚ ਅਮਲ ਦੀ ਜ਼ਿਆਦਾ ਅਹਿਮੀਅਤ ਹੈ।" ਜ਼ਾਹਿਰ ਹੈ ਕਿ ਸੂਫ਼ੀਵਾਦ ਕੇਵਲ ਇਲਮ ਹੀ ਨਹੀਂ ਸਗੋਂ ਅਨੁਭਵ/ਇਹਲਾਮ 'ਤੇ ਵੀ ਆਧਾਰਿਤ ਹੈ। ਇਸੇ ਕਾਰਨ ਸੂਫ਼ੀਵਾਦ ਨੂੰ ਸਮਝਣ ਅਤੇ ਇਸ ਦੀ ਤਹਿ ਤਕ ਜਾਣ ਲਈ ਜੇ ਸੂਫ਼ੀ ਨਹੀਂ ਤਾਂ ਘੱਟੋ-ਘੱਟ ਸੂਫ਼ੀਆਂ ਵਰਗਾ ਜ਼ਰੂਰ ਬਣਨਾ ਪੈਂਦਾ ਹੈ।

ਵਿਚਾਰਾਧੀਨ ਪੁਸਤਕ 'ਸੂਫ਼ੀਮਤ ਅਤੇ ਰੂਹਾਨੀਅਤ' ਦੇ ਅਧਿਐਨ ਅਤੇ ਚਿੰਤਨ ਦਾ ਦਾਇਰਾ ਕਾਫ਼ੀ ਵਸੀਹ ਹੈ। ਪੁਸਤਕ ਦੇ ਕੁੱਲ 10 ਅਧਿਆਇ ਹਨ ਜਿਨ੍ਹਾਂ ਨੂੰ ਅੱਗੋਂ ਉਪ-ਭਾਗਾਂ ਵਿਚ ਵੰਡਿਆ ਗਿਆ ਹੈ। ਪੁਸਤਕ ਦੇ ਪਹਿਲੇ

ਅਧਿਆਇ ਵਿਚ ਸੂਫ਼ੀਵਾਦ ਦੇ ਨਿਕਾਸ ਅਤੇ ਵਿਕਾਸ ਨੂੰ ਰੇਖਾਂਕਿਤ ਕੀਤਾ ਗਿਆ ਹੈ। ਇਸ ਤੋਂ ਬਾਅਦ ਲੇਖਕ ਨੇ ਸੂਫ਼ੀ ਦਰਸ਼ਨ ਦੇ ਤਹਿਤ ਇਲਾਹੀ ਜ਼ਾਤ ਅਤੇ ਸਿਫ਼ਾਤ ਸੰਬੰਧੀ ਵਿਭਿੰਨ ਦ੍ਰਿਸ਼ਟੀਕੋਣਾਂ/ਸਿਧਾਂਤਾਂ ਦਾ ਅਧਿਐਨ ਪ੍ਰਸਤੁਤ ਕੀਤਾ ਹੈ ਜੋ ਮਹੱਤਵਪੂਰਨ ਵੀ ਹੈ ਅਤੇ ਗਿਆਨਵਰਧਕ ਵੀ। ਤੀਜਾ ਅਧਿਆਇ ਭਾਰਤ ਵਿਚ ਸੂਫ਼ੀਵਾਦ ਦੀ ਆਮਦ ਅਤੇ ਇਸ ਦੇ ਪ੍ਰਚਾਰ-ਪ੍ਰਸਾਰ ਨਾਲ ਸੰਬੰਧਿਤ ਹੈ। ਲੇਖਕ ਨੇ ਭਾਰਤੀ ਅਤੇ ਪੰਜਾਬੀ ਸੂਫ਼ੀ ਸਾਹਿਤ ਦੇ ਪ੍ਰਸੰਗ ਵਿਚ ਵਿਸ਼ੇਸ਼ ਮਹੱਤਵ ਵਾਲੇ ਕਾਦਰੀ, ਚਿਸ਼ਤੀ, ਨਕਸ਼ਬੰਦੀ ਅਤੇ ਸੁਹਰਵਰਦੀ ਸਿਲਸਿਲਿਆਂ ਸਮੇਤ ਕੁਝ ਹੋਰ ਅਹਿਮ ਸੂਫ਼ੀ ਸਿਲਸਿਲਿਆਂ ਬਾਰੇ ਵੀ ਵਿਲੱਖਣ ਜਾਣਕਾਰੀ ਪ੍ਰਦਾਨ ਕੀਤੀ ਹੈ।

ਪੁਸਤਕ ਦਾ ਅਧਿਆਇ *'ਸੂਫ਼ੀ ਵਿਚਾਰਧਾਰਾ: ਸਰੂਪ ਤੇ ਲੱਛਣ'* ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ। ਇਸ ਵਿਚ ਲੇਖਕ ਨੇ ਇਸਲਾਮ ਅਤੇ ਸੂਫ਼ੀਵਾਦ ਦੇ ਕੁਝ ਪ੍ਰਮੁੱਖ ਸੰਕਲਪਾਂ/ਸਿਧਾਂਤਾਂ ਜਿਵੇਂ ਤੌਹੀਦ, ਕੁਫ਼ਰ, ਸ਼ਿਰਕ, ਇਬਾਦਤ, ਇਸ਼ਕ, ਮੁਰਸ਼ਿਦ, ਤਕੱਬੁਰ, ਤਕਵ, ਤਵੱਕੁਲ, ਰਜ਼ਾ, ਸਬਰ, ਸ਼ੁਕਰ ਆਦਿ ਸੰਬੰਧੀ ਭਾਵਪੂਰਤ ਜਾਣਕਾਰੀ ਪ੍ਰਦਾਨ ਕੀਤੀ ਹੈ। ਸੂਫ਼ੀ ਸਾਧਨਾ ਅਤੇ ਰੂਹਾਨੀਅਤ ਦੇ ਤਹਿਤ ਵੀ ਸੂਫ਼ੀਵਾਦ ਦੇ ਸਾਧਨਾਤਮਿਕ ਪਹਿਲੂ ਨੂੰ ਪ੍ਰਭਾਵਸ਼ਾਲੀ ਰੂਪ ਵਿਚ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ।

ਪੁਸਤਕ ਦੇ ਛੇਵੇਂ ਅਧਿਆਇ 'ਸੂਫ਼ੀਵਾਦ ਅਤੇ ਭਾਰਤੀ ਗ਼ੈਰ-ਮੁਸਲਿਮ ਸਮਾਜ' ਵਿਚ ਇਸਲਾਮ ਅਤੇ ਧਾਰਮਿਕ ਸਹਿਣਸ਼ੀਲਤਾ ਨਾਲ ਸੰਬੰਧਿਤ ਕੁਝ ਅਹਿਮ ਪੱਖਾਂ ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ। ਸੂਫ਼ੀ ਦਰਵੇਸ਼ਾਂ ਦੀਆਂ ਜੀਵਨੀਆਂ ਦੇ ਤਹਿਤ ਕੁੱਲ 24 ਦਰਵੇਸ਼ਾਂ ਦੇ ਜੀਵਨ ਅਤੇ ਸ਼ਖ਼ਸੀਅਤ ਦਾ ਸੰਖੇਪ ਚਿਤਰਨ ਕੀਤਾ ਗਿਆ ਹੈ। ਸੂਫ਼ੀ ਦੀ ਰੂਹ ਨੂੰ ਪਛਾਣਨ ਅਤੇ ਵਿਸ਼ੇ ਨੂੰ ਗੰਭੀਰਤਾ ਪੂਰਵਕ ਸਮਝਣ ਲਈ ਇਹ ਸੰਖੇਪ ਜੀਵਨੀਆਂ ਵਿਸ਼ੇਸ਼ ਰੂਪ ਵਿਚ ਸਹਾਈ ਹੁੰਦੀਆਂ ਹਨ।

ਚਰਚਾ ਅਧੀਨ ਪੁਸਤਕ ਦੇ ਅਧਿਆਇ 'ਸੂਫ਼ੀਮਤ ਅਤੇ ਭਾਰਤੀ ਧਰਮ ਪਰੰਪਰਾ' ਵਿਚ ਸੂਫ਼ੀਮਤ ਦੀ ਵੇਦਾਂਤਿਕ ਅਤੇ ਗੁਰਮਤਿ ਵਿਚਾਰਧਾਰਾ ਨਾਲ ਸਾਂਝ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਲੇਖਕ ਨੇ ਸੂਫ਼ੀਆਂ ਦੀ ਭਾਰਤੀ ਸਮਾਜ ਨੂੰ ਦੇਣ ਦਾ ਵੀ ਬਹੁਪੱਖੀ ਜਾਇਜ਼ਾ ਲਿਆ ਹੈ। ਅੰਤਿਮ ਅਧਿਆਇ 'ਸੂਫ਼ੀਮਤ : ਵਰਤਮਾਨ ਪ੍ਰਸੰਗਕਿਤਾ ਅਤੇ ਅਵੱਸ਼ਕਤਾ' ਵਿਚ ਸੂਫ਼ੀਵਾਦ ਦੀ ਸਦੀਵੀ ਸਾਰਥਿਕਤਾ ਅਤੇ ਮਹੱਤਵ ਨੂੰ ਰੇਖਾਂਕਿਤ ਕੀਤਾ ਗਿਆ ਹੈ।

ਹੱਥਲੀ ਪੁਸਤਕ 'ਸੂਫ਼ੀਮਤ ਅਤੇ ਰੂਹਾਨੀਅਤ' ਪੰਜਾਬੀ ਪਾਠਕ ਨੂੰ ਕਈ ਪੱਖਾਂ ਤੋਂ ਆਪਣੇ ਵੱਲ ਆਕਰਸ਼ਿਤ ਕਰਦੀ ਹੈ। ਸੂਫ਼ੀਵਾਦ ਦੇ ਵਿਭਿੰਨ ਪਹਿਲੂਆਂ ਸੰਗ ਗੰਭੀਰ, ਸੁਹਿਰਦ ਅਤੇ ਸਿਹਤਮੰਦ ਸੰਵਾਦ ਰਚਾਉਣ ਦੇ ਨਾਲ-ਨਾਲ ਇਹ ਪੁਸਤਕ ਇਸਲਾਮੀ ਚਿੰਤਨ ਅਤੇ ਸੂਫ਼ੀਵਾਦ ਬਾਰੇ ਅਜਿਹੀ ਜਾਣਕਾਰੀ ਵੀ ਪ੍ਰਦਾਨ ਕਰਦੀ ਹੈ ਜੋ ਸੂਫ਼ੀਵਾਦ ਨਾਲ ਸੰਬੰਧਿਤ ਆਮ ਉਪਲਬਧ ਪੁਸਤਕਾਂ ਵਿਚ ਨਹੀਂ ਮਿਲਦੀ। ਲੇਖਕ ਦੀ ਨਿੱਜੀ ਸ਼ਖ਼ਸੀਅਤ ਦਾ ਸੂਫ਼ੀਆਨਾ ਜੀਵਨ-ਜਾਚ ਨਾਲ ਅਥਾਹ ਲਗਾਓ ਹੋਣਾ ਵੀ ਇਸ ਪੁਸਤਕ ਦੇ ਹੁਸਨ ਅਤੇ ਤਾਜ਼ਗੀ ਵਿਚ ਵਾਧਾ ਕਰਦਾ ਹੈ। ਉਰਦੂ ਤੇ ਫ਼ਾਰਸੀ ਸ਼ਬਦਾਵਲੀ ਦਾ ਪ੍ਰਯੋਗ ਕਾਫ਼ੀ ਹੋਇਆ ਹੈ ਜੋ ਵਿਸ਼ੇ ਦੀ ਲੋੜ ਅਨੁਸਾਰ ਸੁਭਾਵਿਕ ਪ੍ਰਤੀਤ ਹੁੰਦਾ ਹੈ। ਲੇਖਕ ਦੀ ਭਾਸ਼ਾ ਅਤੇ ਸ਼ੈਲੀ ਦਾ ਕਮਾਲ ਇਹ ਹੈ ਕਿ ਆਲੋਚਨਾ ਦੀ ਪੁਸਤਕ ਹੋਣ ਦੇ ਬਾਵਜੂਦ ਵੀ ਇਹ ਸਿਰਜਣਾਤਮਿਕ ਸਾਹਿਤਕ ਕਿਰਤ ਵਾਂਗ ਹੀ ਰੌਚਿਕ ਅਤੇ ਦਿਲਚਸਪ ਹੈ।

***– ਡਾ. ਅਨਵਰ ਚਿਰਾਗ਼***

**ਪੁਸਤਕ : ਜੀਅ ਕਰਦੈ ਪੰਛੀ ਬਣ ਜਾਵਾਂ (ਬਾਲ ਕਵਿਤਾਵਾਂ)**
**ਲੇਖਕ : ਡਾ. ਹਰਬੰਸ ਸਿੰਘ ਚਾਵਲਾ**
**ਪੰਨੇ : 104, ਮੁੱਲ : 220 ਰੁਪਏ**
**ਪ੍ਰਕਾਸ਼ਕ : ਮਨਪ੍ਰੀਤ ਪ੍ਰਕਾਸ਼ਨ, ਦਿੱਲੀ।**

ਡਾ. ਹਰਬੰਸ ਸਿੰਘ ਚਾਲਵਾ ਪੰਜਾਬੀ ਸਾਹਿਤ ਵਿਚ ਜਾਣਿਆ ਪਛਾਣਿਆ ਨਾਂ ਹੈ। ਇਸ ਸਾਹਿਤਕਾਰ ਨੇ ਪੰਜਾਬੀ ਸਾਹਿਤ ਨੂੰ ਹਥਲੀ ਪੁਸਤਕ ਤੋਂ ਪਹਿਲਾਂ ਵੀ ਕਈ ਬਾਲ ਪੁਸਤਕਾਂ ਬਾਲ ਸਾਹਿਤ ਦੀ ਝੋਲੀ ਪਾਈਆਂ ਹਨ ਅਤੇ ਸਿੱਖ ਇਤਿਹਾਸ ਨੂੰ ਵੱਡਮੁੱਲੀ ਦੇਣ ਦਿਤੀ ਹੈ।

ਇਸ ਤੋਂ ਇਲਾਵਾ, ਕੌੜੇ ਸੱਚ ਅਤੇ ਕਾਲੇ ਪੱਥਰ ਦੋ ਕਹਾਣੀ ਸੰਗ੍ਰਹਿ ਦੇ ਕੇ ਕਹਾਣੀ ਸਾਹਿਤ ਵਿਚ ਵਾਧਾ ਕੀਤਾ ਹੈ।

ਹੱਥਲੀ ਪੁਸਤਕ 'ਜੀਅ ਕਰਦੈ ਪੰਛੀ ਬਣ ਜਾਵਾਂ' ਲੇਖਕ ਦੀ ਅੱਠਵੀਂ ਬਾਲ-ਪੁਸਤਕ ਹੈ। ਇਸ ਤੋਂ ਪਹਿਲਾਂ ਬੁੱਢੀ ਚੁੜੇਲ, ਮੁੜੇ ਹੋਏ ਨੱਕ ਵਾਲੀ ਮੱਛੀ, ਪਰੀਆਂ ਦਾ ਟਾਪੂ, ਦਿਓ ਤੇ ਬੁੱਢੀ ਸੋਨ ਚਿੜੀ ਤੇ ਵਚਿੱਤਰ ਰੁੱਖ ਆਦਿ ਕਈ ਬਾਲ ਪੁਸਤਕਾਂ ਦੇ ਕੇ ਪੰਜਾਬੀ ਬਾਲ ਸਾਹਿਤ ਵਿਚ ਇਕ ਨਿੱਗਰ ਵਾਧਾ ਕੀਤਾ ਹੈ।

ਇਸ ਕਲਮ ਦੀ ਵਿਸ਼ੇਸ਼ਤਾ ਨਾ ਸਿਰਫ਼ ਬਾਲ ਸਾਹਿਤ ਦੀ ਰਚਨਾ ਕਰਕੇ ਤਾਂ ਹੈ ਹੀ ਸਗੋਂ ਇਸ ਗੱਲ ਵਿਚ ਵੀ ਹੈ ਕਿ ਪਿਛਲੀਆਂ ਸੱਤ ਦੀਆਂ ਸੱਤ ਬਾਲ-ਪੁਸਤਕਾਂ ਵਿਚ ਲੇਖਕ ਨੇ ਵਿਦੇਸ਼ੀ ਬਾਲ ਕਹਾਣੀਆਂ ਵਿਚਲੀਆਂ ਮਿਥਾਂ ਵਿਦੇਸ਼ੀ ਸਭਿਆਚਾਰ ਅਤੇ ਜੰਗਲੀ ਜਾਨਵਰਾਂ ਦੇ ਜੀਵਨ ਨੂੰ ਲੈ ਕੇ ਜੋ ਜਜ਼ਬੇ, ਜੋ ਸੋਚ ਭਾਰਤੀ ਬਾਲ ਸਾਹਿਤ ਵਿਚ ਪੇਸ਼ ਕੀਤੀ ਹੈ ਉਹ ਹਰ ਬੱਚੇ ਨੂੰ ਇਕ ਸੱਚੀ-ਸੁੱਚੀ ਸੇਧ ਦਿੰਦੀ ਹੈ। ਜਿਸ ਨਾਲ ਬਾਲ ਮਨ ਨਾ ਸਿਰਫ਼ ਮਨੋਰੰਜਨ ਤਕ ਹੀ ਸੀਮਤ ਰਹਿੰਦਾ ਹੈ ਸਗੋਂ ਚੰਗੀ ਜੀਵਨ ਜਾਚ ਨੂੰ ਵੀ ਅਪਣਾਉਂਦਾ ਹੈ। ਇਸ ਕਲਮ ਰਾਹੀਂ ਜਿੰਨੀਆਂ ਵੀ ਪੁਸਤਕਾਂ ਹੁਣ ਤਕ ਰਚੀਆਂ ਗਈਆਂ ਹਨ ਉਹ ਬਾਲ ਪਾਠਕਾਂ ਨੂੰ ਮਨੋਰੰਜਨ ਦੇ ਨਾਲ-ਨਾਲ ਜੀਵਨ ਜੀਉਣ ਦੀ ਸੇਧ ਵੀ ਦਿੰਦੀਆਂ ਹਨ।

ਖ਼ੈਰ, 'ਜੀਅ ਕਰਦੈ ਪੰਛੀ ਬਣ ਜਾਵਾਂ' ਇਕ ਖ਼ੂਬਸੂਰਤ ਕਾਵਿ-ਸੰਗ੍ਰਹਿ ਹੈ ਜਿਸ ਵਿਚ ਬੱਚਿਆਂ ਲਈ ਲਿਖੀਆਂ ਕਵਿਤਾਵਾਂ ਵਿਚ ਇਤਿਹਾਸ ਵੀ ਹੈ ਅਤੇ ਮਿਥਿਹਾਸ ਵੀ। ਸਿੱਖ ਇਤਿਹਾਸ ਦੇ ਨਾਲ-ਨਾਲ ਸਾਡੇ ਛੇ ਗੁਰੂਆਂ ਦੀ ਬਾਣੀ ਦੇ ਕੁਝ ਅੰਸ਼ ਵੀ ਹਨ ਤੇ ਗੁਰੂ ਘਰਾਂ ਦੀ ਬੀਰ ਗਾਥਾ ਵੀ ਹੈ। ਖ਼ਾਸ ਕਰਕੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਰਬੰਸ ਦੀ ਕੁਰਬਾਨੀ ਬਾਰੇ।

ਜਿਥੇ ਲੇਖਕ ਨੇ ਇਸ ਪੁਸਤਕ ਵਿਚ ਵਣਾਂ ਦੇ ਪੰਖ-ਪੰਖੇਰੂਆਂ ਰਾਹੀਂ ਬਾਲ ਮਨ ਨੂੰ ਨਿੱਕੀਆਂ-ਨਿੱਕੀਆਂ ਕਵਿਤਾਵਾਂ ਰਾਹੀਂ ਸੱਚ ਦੇ ਰਾਹ ਉੱਤੇ ਚੱਲਣ ਦੀ ਸਿੱਖਿਆ ਦਿਤੀ ਹੈ ਉਥੇ ਧੀਰਜ ਵਿਚ ਰਹਿਣ ਦੀ ਸੋਚ ਵੀ ਪ੍ਰਦਾਨ ਕੀਤੀ ਹੈ।

ਥੋੜ੍ਹੇ ਸ਼ਬਦਾਂ ਵਿਚ, ਡਾ. ਹਰਬੰਸ ਸਿੰਘ ਚਾਵਲਾ ਪੰਜਾਬੀ ਬਾਲ ਸਾਹਿਤ ਵਿਚ ਇਕ ਵਿਸ਼ੇਸ਼ ਸਾਹਿਤਕਾਰ ਹੈ ਜੋ ਬਾਲ ਮਨਾਂ ਉਤੇ ਆਪਣੀਆਂ ਰਚਨਾਵਾਂ ਰਾਹੀਂ ਅਜਿਹੀ ਉੱਚੀ-ਸੁੱਚੀ ਤਸਵੀਰ ਵਾਹੁੰਦਾ ਹੈ ਜੋ ਜੀਵਨ ਭਰ ਉਨ੍ਹਾਂ ਨੂੰ ਸਹੀ ਸੋਚ ਨਾਲ ਜੋੜਦੀਆਂ ਹਨ ਤੇ ਬਾਲ ਮਨ ਨੂੰ ਇਕ ਨਰੋਈ ਸੇਧ ਦਿੰਦੀਆਂ ਹਨ।

***– ਬਚਿੰਤ ਕੌਰ***